ਬੁੱਧਵਾਰ, 28 ਮਈ, 2025

15 ਜੇਠ { ਨਾਨਕਸ਼ਾਹੀ 557 / ਬਿਕਰਮੀ 2082

ਜਿਲਦ/VOL. : 73

ਅੰਕ/NO. : 357

ਰੋਜ਼ਾਨਾ

# ਨਵਾਂ ਜ਼ਮਾਨਾ

DAILY NAWAN ZAMANA • WEDESDAY, 28 MAY, 2025 ਜਲੰਧਰ

‘ਨਵਾਂ ਜ਼ਮਾਨਾ’ ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12


# ਅੰਮ੍ਰਿਤਸਰ ’ਚ ਧਮਾਕੇ ਨਾਲ ਬੰਦਾ ਉੱਡਿਆ

## ਪੁਲਸ ਨੂੰ ਸ਼ੱਕ, ਬੱਬਰ ਖਾਲਸਾ ਦਾ ਮੈਂਬਰ ਵਿਸਫੋਟਕ ਚੁੱਕਣ ਆਇਆ ਸੀ

**ਅੰਮ੍ਰਿਤਸਰ** : ਮੰਗਲਵਾਰ ਸਵੇਰੇ ਅੰਮ੍ਰਿਤਸਰ-ਮਜੀਠਾ ਬਾਈਪਾਸ ਰੋਡ ’ਤੇ ਪਿੰਡ ਨੌਸ਼ਹਿਰਾ ਨੇੜੇ ‘ਡੀਸੈਂਟ ਐਵੇਨਿਊ’ ਕੋਲ ਖਾਲੀ ਥਾਂ ਵਿੱਚ ਧਮਾਕੇ ਨਾਲ ਇੱਕ ਵਿਅਕਤੀ ਦੀ ਮੌਤ ਹੋ ਗਈ। ਧਮਾਕੇ ਨਾਲ ਵਿਅਕਤੀ ਦੇ ਕੁਝ ਅੰਗ ਸਰੀਰ ਨਾਲੋਂ ਵੱਖ ਹੋ ਗਏ ਸਨ, ਉਸ ਨੂੰ ਹਸਪਤਾਲ ਪਹੁੰਚਾਇਆ ਗਿਆ, ਪਰ ਉਸ ਦੀ ਮੌਤ ਹੋ ਗਈ।

ਬਾਰਡਰ ਰੇਂਜ ਦੇ ਡੀ ਆਈ ਜੀ ਸਤਿੰਦਰ ਸਿੰਘ ਅਤੇ ਜ਼ਿਲ੍ਹਾ ਦਿਹਾਤੀ ਪੁਲਸ ਦੇ ਐੱਸ ਐੱਸ ਪੀ ਮਨਿੰਦਰ ਸਿੰਘ ਨੇ ਦੱਸਿਆ ਕਿ ਇਹ ਘਟਨਾ ਅੱਤਵਾਦੀ ਜਥੇਬੰਦੀ ਬੱਬਰ ਖਾਲਸਾ ਇੰਟਰਨੈਸ਼ਨਲ ਨਾਲ ਸੰਬੰਧਤ ਹੈ ਅਤੇ ਜਿਸ ਵਿਅਕਤੀ ਦੀ ਮੌਤ ਹੋਈ ਹੈ, ਉਹ ਵੀ ਅੱਤਵਾਦੀ ਜਥੇਬੰਦੀ ਦਾ ਮੈਂਬਰ ਹੋਵੇਗਾ।

ਉਨ੍ਹਾਂ ਦੱਸਿਆ ਕਿ ਮੁੱਢਲੀ ਜਾਂਚ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਇਹ ਵਿਅਕਤੀ ਇਸ ਉਜਾੜ ਅਤੇ ਖਾਲੀ ਥਾਂ ਤੋਂ ਵਿਸਫੋਟਕ ਸਮੱਗਰੀ ਲੈਣ ਵਾਸਤੇ ਆਇਆ ਸੀ ਅਤੇ ਧਮਾਕਾ ਹੋ ਗਿਆ। ਉਨ੍ਹਾ ਕਿਹਾ ਕਿ ਅਜਿਹੇ ਜ਼ਿਆਦਾਤਰ ਮਾਮਲਿਆਂ ਵਿੱਚ ਹਥਿਆਰ ਜਾਂ ਵਿਸਫੋਟਕ ਸਮੱਗਰੀ ਨੂੰ ਕਿਸੇ ਉਜਾੜ ਜਾਂ ਖਾਲੀ ਥਾਂ ’ਤੇ ਛੱਡ ਦਿੱਤਾ ਜਾਂਦਾ ਹੈ ਅਤੇ ਕਿਸੇ ਦੂਜੇ ਵਿਅਕਤੀ ਨੂੰ ਉਥੋਂ ਪ੍ਰਾਪਤ ਕਰਨ ਲਈ ਆਖਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇਸ ਪਿੱਛੇ ਪਾਕਿਸਤਾਨੀ ਖੁਫੀਆ ਏਜੰਸੀ ਆਈ ਐੱਸ ਆਈ ਦਾ ਹੱਥ ਹੋਣ ਦੀ ਸੰਭਾਵਨਾ ਹੈ। ਉਨ੍ਹਾਂ ਦੱਸਿਆ ਕਿ ਮ੍ਰਿਤਕ ਵਿਅਕਤੀ ਦੀ ਜੇਬ ਵਿੱਚੋਂ ਕੁਝ ਸਬੂਤ ਮਿਲੇ ਹਨ ਅਤੇ ਪੁਲਸ ਉਸ ਦੀ ਸ਼ਨਾਖਤ ਅਤੇ ਹੋਰ ਅਗਲੇਰੀ ਜਾਂਚ ਕਰ ਰਹੀ ਹੈ।

ਸਥਾਨਕ ਲੋਕਾਂ ਨੇ ਦੱਸਿਆ ਕਿ ਉਨ੍ਹਾਂ ਇੱਕ ਤੇਜ਼ ਆਵਾਜ਼ ਦਾ ਧਮਾਕਾ ਸੁਣਿਆ ਅਤੇ ਮੌਕੇ ’ਤੇ ਪੁੱਜੇ ਤਾਂ ਇੱਕ ਵਿਅਕਤੀ ਨੂੰ ਜ਼ਖਮੀ ਹਾਲਤ ਵਿੱਚ ਦੇਖਿਆ। ਜ਼ਖਮੀ ਹੋਏ ਵਿਅਕਤੀ ਦੇ ਕੋਲ ਹੀ ਕੋਈ ਵਿਸਫੋਟਕ ਸੀ, ਜਿਸ ਦੇ ਫਟਣ ਨਾਲ ਧਮਾਕਾ ਹੋਇਆ ਹੈ। ਘਟਨਾ ਤੋਂ ਬਾਅਦ ਵੱਡੀ ਗਿਣਤੀ ਵਿੱਚ ਲੋਕ ਇਕੱਠੇ ਹੋ ਗਏ, ਜਿਨ੍ਹਾਂ ਪੁਲਸ ਨੂੰ ਇਸ ਬਾਰੇ ਸੂਚਤ ਕੀਤਾ।

# ਪੰਚਕੂਲਾ ’ਚ ਸੱਤ ਜੀਅ ਮਰੇ ਮਿਲੇ

**ਪੰਚਕੂਲਾ** : ਇੱਥੇ ਸੈਕਟਰ 27 ਵਿੱਚ 26-27 ਮਈ ਦੀ ਦਰਮਿਆਨੀ ਰਾਤ ਦੇਹਰਾਦੂਨ ਨਾਲ ਸੰਬੰਧਤ ਪਰਵਾਰ ਦੇ ਸੱਤ ਜੀਅ ਮਰੇ ਮਿਲੇ। ਮ੍ਰਿਤਕਾਂ ਵਿੱਚ 42 ਸਾਲਾ ਪ੍ਰਵੀਨ ਮਿੱਤਲ, ਉਸ ਦੇ ਮਾਤਾ-ਪਿਤਾ, ਪਤਨੀ, ਦੋ ਧੀਆਂ ਤੇ ਇਕ ਪੁੱਤ ਸ਼ਾਮਲ ਹਨ। ਪੁਲਸ ਨੇ ਕਿਹਾ ਕਿ ਪਰਵਾਰ ਵੱਡੇ ਵਿੱਤੀ ਸੰਕਟ ’ਚੋਂ ਲੰਘ ਰਿਹਾ ਸੀ, ਜਿਸ ਕਰਕੇ ਉਨ੍ਹਾਂ ਇਹ ਸਿਰੇ ਦਾ ਕਦਮ ਚੁੱਕਿਆ। ਕਾਰ ਵਿੱਚੋਂ ਇਕ ਨੋਟ ਵੀ ਮਿਲਿਆ ਹੈ, ਪਰ ਪੁਲਸ ਨੇ ਅਜੇ ਤੱਕ ਇਸ ਵਿਚਲੇ ਵੇਰਵੇ ਸਾਂਝੇ ਨਹੀਂ ਕੀਤੇ।

ਇੱਕ ਸਥਾਨਕ ਵਿਅਕਤੀ ਪੁਨੀਤ ਰਾਣਾ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਉਹ ਇਕ ਵਿਅਕਤੀ ਨਾਲ ਸੈਰ ਕਰ ਰਿਹਾ ਸੀ ਅਤੇ ਉਨ੍ਹਾਂ ਰਾਤ 10 ਵਜੇ ਦੇ ਕਰੀਬ ਕਾਰ ਦੇ ਦਰਵਾਜ਼ੇ ਤੋਂ ਤੌਲੀਆ ਲਟਕਦਾ ਦੇਖਿਆ। ਗੱਡੀ ਦਾ ਦਰਵਾਜ਼ਾ ਖੁਲ੍ਹਵਾਉਣ ’ਤੇ ਅੰਦਰ ਬੈਠੇ ਵਿਅਕਤੀ ਨੇ ਕਿਹਾ ਕਿ ਉਸ ਨੂੰ ਪੰਚਕੂਲਾ ਵਿੱਚ ਬਾਗੇਸ਼ਵਰ ਧਾਮ ਦੇ ਇੱਕ ਪ੍ਰੋਗਰਾਮ ਤੋਂ ਵਾਪਸ ਆਉਣ ’ਤੇ ਹੋਟਲ ਦਾ ਕਮਰਾ ਨਹੀਂ ਮਿਲ ਰਿਹਾ ਸੀ, ਇਸ ਲਈ ਉਹ ਅਤੇ ਉਸ ਦਾ ਪਰਵਾਰ ਕਾਰ ਵਿੱਚ ਸੌਂ ਰਹੇ ਹਨ। ਰਾਣਾ ਨੇ ਕਿਹਾ ਕਿ ਜਦੋਂ ਉਸ ਨੇ ਲਾਈਟ ਮਾਰ ਕੇ ਦੇਖਿਆ ਤਾਂ ਛੇ ਲੋਕ ਇੱਕ-ਦੂਜੇ ਦੇ ਉੱਪਰ ਬੇਹੋਸ਼ ਪਏ ਸਨ ਅਤੇ ਉਲਟੀਆਂ ਕੀਤੀਆਂ ਹੋਈਆਂ ਸਨ ਅਤੇ ਜਿਸ ਆਦਮੀ ਨਾਲ ਉਹ ਗੱਲ ਕਰ ਰਿਹਾ ਸੀ, ਉਸ ਨੂੰ ਸਾਹ ਲੈਣ ਵਿੱਚ ਮੁਸ਼ਕਲ ਆ ਰਹੀ ਸੀ। ਉਸ ਨੂੰ ਬਾਹਰ ਕੱਢਣ ਉਪਰੰਤ ਉਸ ਨੂੰ ਪਾਣੀ ਪਿਲਾਇਆ ਅਤੇ ਪੁੱਛਿਆ ਕਿ ਕੀ ਉਸ ਨੇ ਅੰਦਰਲੇ ਲੋਕਾਂ ਨੂੰ ਮਾਰਿਆ ਹੈ। ਰਾਣਾ ਨੇ ਕਿਹਾ, ‘ਫਿਰ ਉਸ ਨੇ ਮੈਨੂੰ ਦੱਸਿਆ ਕਿ ਉਸ ਦੇ ਸਾਰੇ ਪਰਵਾਰਕ ਮੈਂਬਰਾਂ ਨੇ ਖੁਦਕੁਸ਼ੀ ਕਰ ਲਈ ਹੈ ਅਤੇ ਉਹ ਵੀ ਪੰਜ ਮਿੰਟਾਂ ਵਿੱਚ ਮਰਨ ਵਾਲਾ ਹੈ ਅਤੇ ਫਿਰ ਉਹ ਡਿੱਗ ਪਿਆ।’ ਇਸ ਤੋਂ ਪਹਿਲਾਂ ਵਿਅਕਤੀ ਨੇ ਕਿਹਾ ਕਿ ਉਸ ’ਤੇ ਬੈਂਕਾਂ ਦਾ ਬਹੁਤ ਸਾਰਾ ਕਰਜ਼ਾ ਸੀ। ਉਨ੍ਹਾਂ ਦੇ ਰਿਸ਼ਤੇਦਾਰ ਅਮੀਰ ਸਨ, ਪਰ ਉਹ ਮਦਦ ਨਹੀਂ ਕਰ ਰਹੇ ਸਨ। ਪੰਚਕੂਲਾ ਦੇ ਡੀ ਸੀ ਪੀ ਹਿਮਾਦਰੀ ਕੌਸ਼ਿਕ ਨੇ ਕਿਹਾ, ‘ਪਹਿਲੀ ਨਜ਼ਰ ਵਿੱਚ ਇਹ ਖੁਦਕੁਸ਼ੀ ਦਾ ਮਾਮਲਾ ਜਾਪਦਾ ਹੈ, ਹਾਲਾਂਕਿ ਹੋਰ ਜਾਂਚ ਜਾਰੀ ਹੈ।’

ਪ੍ਰਵੀਨ ਦੇ ਸਹੁਰੇ ਰਾਕੇਸ਼ ਨੇ ਪੰਚਕੂਲਾ ਵਿੱਚ ਪੱਤਰਕਾਰਾਂ ਨੂੰ ਦੱਸਿਆ ਕਿ ਉਨ੍ਹਾਂ ਨੂੰ ਘਟਨਾ ਬਾਰੇ ਉਦੋਂ ਪਤਾ ਲੱਗਾ, ਜਦੋਂ ਪੁਲਸ ਸਵੇਰੇ 4 ਵਜੇ ਪਿੰਜੌਰ • ਬਾਕੀ ਸਫਾ 2 ’ਤੇ

# ਜਲੰਧਰ ’ਚ ਕਾਰ ਪਾਰਕਿੰਗ ਨੂੰ ਲੈ ਕੇ ਝਗੜੇ ’ਚ ਵਕੀਲ ਦੀ ਮੌਤ



**ਜਲੰਧਰ (ਸੁਰਿੰਦਰ ਕੁਮਾਰ)**- ਇਥੇ ਮੰਗਲਵਾਰ ਬਾਅਦ ਦੁਪਹਿਰ 120 ਫੁੱਟੀ ਰੋਡ ’ਤੇ ਗਰੋਵਰ ਕਾਲੋਨੀ ਵਿੱਚ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਵਕੀਲ ਪਰਮਿੰਦਰ ਸਿੰਘ ਢੀਂਗਰਾ (40) ਨੂੰ ਕਥਿਤ ਤੌਰ ’ਤੇ ਗੋਲੀ ਮਾਰ ਕੇ ਮਾਰ ਦਿੱਤਾ ਗਿਆ। ਢੀਂਗਰਾ ਦਾ ਗੁਆਂਢੀ ਨਾਲ ਕਾਰ ਪਾਰਕਿੰਗ ਨੂੰ ਲੈ ਕੇ ਝਗੜਾ ਹੋਇਆ, ਜੋ ਏਨਾ ਵਧ ਗਿਆ ਕਿ ਗੁਆਂਢੀ ਨੇ ਆਪਣੇ ਪਿਸਤੌਲ ਨਾਲ ਗੋਲੀ ਮਾਰ ਦਿੱਤੀ। ਰੋਹ ਵਿੱਚ ਆਏ ਲੋਕਾਂ ਨੇ ਦੋਸ਼ ਲਾਇਆ ਕਿ ਜੇ ਪੁਲਸ ਵਕਤ ਸਿਰ ਪੁੱਜਦੀ ਤੇ ਹਸਪਤਾਲ ਪਹੁੰਚਾਉਂਦੀ ਤਾਂ ਉਨ੍ਹਾ ਨੂੰ ਬਚਾਇਆ ਜਾ ਸਕਦਾ ਸੀ। ਢੀਂਗਰਾ ਆਪਣੇ ਪਿੱਛੇ ਪਤਨੀ, ਦੋ ਧੀਆਂ, ਇੱਕ ਪੁੱਤਰ ਤੇ ਮਾਂ-ਬਾਪ ਛੱਡ ਗਏ ਹਨ। ਪੁਲਸ ਕਮਿਸ਼ਨਰ ਧਨਪ੍ਰੀਤ ਕੌਰ ਨੇ ਦੱਸਿਆ ਕਿ ਦੋ ਜਣਿਆਂ ਨੂੰ ਫੜਿਆ ਗਿਆ ਹੈ। ਉਨ੍ਹਾ ਕਿਹਾ ਕਿ ਮੌਤ ਦਾ ਕਾਰਨ ਸਿਰਫ ਗੋਲੀ ਨਹੀਂ, ਕਿਉਂਕਿ ਗੋਲੀ ਲੱਗਣ ਤੋਂ ਬਾਅਦ ਢੀਂਗਰਾ ਪੌੜੀਆਂ ਤੋਂ ਸਿਰ ਪਰਨੇ ਡਿੱਗੇ। ਘਟਨਾ ਡੇਢ ਤੇ ਦੋ ਵਜੇ ਦਰਮਿਆਨ ਹੋਈ ਤੇ ਪੁਲਸ ਨੂੰ ਸੂਚਨਾ ਕਰੀਬ ਸਾਢੇ ਤਿੰਨ ਵਜੇ ਮਿਲੀ। ਪੁਲਸ ਅਧਿਕਾਰੀ ਪਰਵਿੰਦਰ ਸਿੰਘ ਥਿੰਦ ਨੇ ਕਿਹਾ ਕਿ ਪੋਸਟਮਾਰਟਮ ਰਿਪੋਰਟ ਆਉਣ ਤੋਂ ਬਾਅਦ ਹੀ ਮੌਤ ਦੇ ਕਾਰਨ ਦਾ ਪਤਾ ਲੱਗੇਗਾ।

# ਹਜ਼ਾਰਾਂ ਵਰਦੀਧਾਰੀ ਬਨੇਗਾ ਵਲੰਟੀਅਰਾਂ ਵੱਲੋਂ ਜਲਾਲਾਬਾਦ ਲਾਲੋ-ਲਾਲ

## ‘ਬਨੇਗਾ’ ਕਰੋੜਾਂ ਨੌਜਵਾਨ ਦਿਲਾਂ ਦੀਆਂ ਮਨੋਕਾਮਨਾਵਾਂ ਪੂਰੀਆਂ ਕਰਕੇ ਖੁਸ਼ਹਾਲ ਜ਼ਿੰਦਗੀ ਦੀ ਗਰੰਟੀ ਕਰਦੈ : ਜਗਰੂਪ

**ਜਲਾਲਾਬਾਦ (ਰਣਬੀਰ ਕੌਰ ਢਾਬਾਂ)**

ਮੰਗਲਵਾਰ ਇੱਥੇ ਸਰਬ ਭਾਰਤ ਨੌਜਵਾਨ ਸਭਾ ਅਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਵੱਲੋਂ ਬਨੇਗਾ ਪ੍ਰਾਪਤੀ ਮੁਹਿੰਮ ਦੇ ਬੈਨਰ ਹੇਠ ਹਜ਼ਾਰਾਂ ਵਰਦੀਧਾਰੀ ਬਨੇਗਾ ਵਲੰਟੀਅਰਾਂ ਨੇ ਸਥਾਨਕ ਦਾਣਾ ਮੰਡੀ ਵਿਖੇ ਵਿਸ਼ਾਲ ਵਲੰਟੀਅਰ ਸੰਮੇਲਨ ਅਤੇ ਜਲਾਲਾਬਾਦ ਦੇ ਬਾਜ਼ਾਰਾਂ ਵਿੱਚ ਵਲੰਟੀਅਰ ਪੈਦਲ ਮਾਰਚ ਕਰਕੇ ਪੂਰਾ ਜਲਾਲਾਬਾਦ ਲਾਲੋ-ਲਾਲ ਕਰ ਦਿੱਤਾ। ਇਸ ਮਾਰਚ ਵਿੱਚ ਬਨੇਗਾ ਵਲੰਟੀਅਰਾਂ ਵੱਲੋਂ ਢੋਲ-ਢਮੱਕੇ ਨਾਲ ਇਨਕਲਾਬੀ ਜੋਸ਼ੋ-ਖਰੋਸ਼ ਨਾਲ ਪ੍ਰੋਗਰਾਮ ਦੇ ਪੰਡਾਲ ਵਿੱਚ ਸ਼ਮੂਲੀਅਤ ਕੀਤੀ ਗਈ। ਇਸ ਪ੍ਰੋਗਰਾਮ ਦੀ ਅਗਵਾਈ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਰਮਨ ਧਰਮੂਵਾਲਾ, ਜ਼ਿਲ੍ਹਾ ਸਕੱਤਰ ਸਟਾਲਿਨ ਲਮੋਚੜ, ਅੰਮ੍ਰਿਤ ਕੌਰ ਕਾਠਗੜ੍ਹ, ਸਰਬ ਭਾਰਤ ਨੌਜਵਾਨ ਸਭਾ ਦੇ ਬਲਾਕ ਪ੍ਰਧਾਨ ਅਸ਼ੋਕ ਢਾਬਾਂ ਨੇ ਕੀਤੀ। ਮਾਰਚ ਅਤੇ ਸੰਮੇਲਨ ਵਿੱਚ ‘ਬਨੇਗਾ ਪ੍ਰਾਪਤੀ ਮੁਹਿੰਮ’ ਦੇ ਮੁੱਖ ਸਲਾਹਕਾਰ ਸਾਥੀ ਜਗਰੂਪ ਸਿੰਘ ਵਿਸ਼ੇਸ਼ ਤੌਰ ’ਤੇ ਹਾਜ਼ਰ ਹੋਏ ਅਤੇ ਉਹਨਾਂ ਨਾਲ ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾ ਸਕੱਤਰ ਚਰਨਜੀਤ ਸਿੰਘ ਛਾਂਗਾ ਰਾਏ, ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਸੂਬਾ ਸਕੱਤਰ ਸੁੱਖਵਿੰਦਰ ਕੁਮਾਰ ਮਲੋਟ ਅਤੇ ਕੰਸਟ੍ਰਕਸ਼ਨ ਵਰਕਰ ਲੇਬਰ ਯੂਨੀਅਨ ਦੇ ਸੂਬਾ ਮੀਤ ਸਕੱਤਰ ਪਰਮਜੀਤ ਸਿੰਘ ਢਾਬਾਂ ਵੀ ਵਿਸ਼ੇਸ਼ ਤੌਰ ’ਤੇ ਹਾਜ਼ਰ ਸਨ। ਇਸ ਮੌਕੇ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਸਾਥੀ ਜਗਰੂਪ ਸਿੰਘ ਨੇ ਕਿਹਾ ਕਿ ਪੰਜਾਬ ਸਮੇਤ ਦੇਸ਼ ਵਿੱਚ 44 ਕਰੋੜ ਨੌਜਵਾਨ ਮੁੰਡੇ-ਕੁੜੀਆਂ ਬੇਰੁਜ਼ਗਾਰ ਹਨ ਅਤੇ ਇਹਨਾਂ ਹਾਲਤਾਂ ਵਿੱਚ ਕਰੋੜਾਂ ਨੌਜਵਾਨ ਆਪਣੀਆਂ ਮਨੋ-ਕਾਮਨਾਵਾਂ ਪੂਰੀਆਂ ਨਹੀਂ ਕਰ ਪਾ ਰਹੇ ਕਿਉਂਕਿ ਉਹਨਾਂ ਕੋਲ ਹਰ ਤਰ੍ਹਾਂ ਦੀ ਮਨੋ ਕਾਮਨਾ ਪੂਰਤੀ ਦਾ ਇੱਕੋ ਇੱਕ ਸਾਧਨ ਰੁਜ਼ਗਾਰ ਨਹੀਂ ਹੈ। ਨਿਰਾਸ਼ ਹੋਈ ਜਵਾਨੀ ਲਈ ਜ਼ਿੰਦਗੀ ਬੋਝਲ ਲੱਗਣ ਲਗਦੀ ਹੈ ਅਤੇ ਉਹ ਨਿਰਾਸ਼ਾ ਦੇ ਆਲਮ ਵਿੱਚ ਭੈੜੀਆਂ ਅਲਾਮਤਾਂ ਦਾ ਸ਼ਿਕਾਰ ਹੋ ਜਾਂਦੀ ਹੈ। ਉਹਨਾਂ ਸੱਦਾ ਦਿੰਦਿਆਂ ਕਿਹਾ ਕਿ ਆਓ ਬਨੇਗਾ ਵਲੰਟੀਅਰ ਬਣ ਕੇ ਬਨੇਗਾ ਨੂੰ ਦੇਸ਼ ਦੀ ਪਾਰਲੀਮੈਂਟ ਵਿੱਚੋਂ ਪਾਸ ਕਰਵਾਈਏ ਕਿਉਂਕਿ ਬਨੇਗਾ ਦਾ ਅਮਲ ਹੀ ਹਰ ਇੱਕ ਨੌਜਵਾਨ ਦੇ ਦਿਲ ਦੀਆਂ ਖਵਾਇਸ਼ਾਂ ਦੀ ਪੂਰਤੀ ਕਰਕੇ ਖੁਸ਼ਹਾਲ ਜ਼ਿੰਦਗੀ ਦੀ ਗਰੰਟੀ ਕਰਦਾ ਹੈ। ਇਸ ਮੌਕੇ ਬਨੇਗਾ



ਵਲੰਟੀਅਰ ਸਾਥੀਆਂ ਨੂੰ ਸੰਬੋਧਨ ਕਰਦਿਆਂ ਸਾਥੀ ਪਰਮਜੀਤ ਢਾਬਾਂ ਅਤੇ ਹਰਭਜਨ ਛੱਪੜੀ ਵਾਲਾ ਨੇ ਕਿਹਾ ਕਿ ਸਰਬ ਭਾਰਤ ਨੌਜਵਾਨ ਸਭਾ ਅਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਵੱਲੋਂ ਪਹਿਲਾਂ ‘ਰੁਜ਼ਗਾਰ ਪ੍ਰਾਪਤੀ ਮੁਹਿੰਮ’ ਅਤੇ ਹੁਣ ‘ਬਨੇਗਾ ਪ੍ਰਾਪਤੀ ਮੁਹਿੰਮ’ ਦੇ ਬੈਨਰ ਹੇਠ ਪਿਛਲੇ ਲੰਬੇ ਸਮੇਂ ਤੋਂ ਜਵਾਨੀ ਦੇ ਮੁੱਖ ਮੁੱਦੇ ਰੁਜ਼ਗਾਰ, ਮੁਫ਼ਤ ਅਤੇ ਲਾਜ਼ਮੀ ਵਿੱਦਿਆ ਅਤੇ ਹਰ ਇੱਕ ਲਈ ਮੁਫ਼ਤ ਸਿਹਤ ਸਹੂਲਤਾਂ ਦੀ ਪ੍ਰਾਪਤੀ ਲਈ ਸੰਘਰਸ਼ ਕੀਤਾ ਜਾ ਰਿਹਾ ਹੈ। ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ (ਬਨੇਗਾ) ਇਸ ਲਹਿਰ ਦਾ ਠੋਸ ਪ੍ਰੋਗਰਾਮ ਹੈ ਜੋ ਸਮਾਜ ਵਿੱਚ ਇਨ-ਬਿਨ ਲਾਗੂ ਹੋਣ ਦੀਆਂ ਸ਼ਰਤਾਂ ਪੂਰੀਆਂ ਕਰਦਾ ਹੈ। ਉਹਨਾਂ ਇਹ ਵੀ ਕਿਹਾ ਕਿ ਪੰਜਾਬ ਦੇ ਹੁਸੈਨੀਵਾਲਾ ਤੋਂ 23 ਮਾਰਚ 2014 ਨੂੰ ਸ਼ੁਰੂ ਕੀਤਾ ਇਹ ਪ੍ਰੋਗਰਾਮ ਅੱਜ ਦੇਸ਼ ਦੀ ਬੇਰੁਜ਼ਗਾਰ ਜਵਾਨੀ ਦੀ ਮੁੱਖ ਮੰਗ ਬਣ ਗਿਆ ਹੈ ਅਤੇ ਨੌਜਵਾਨਾਂ, ਵਿਦਿਆਰਥੀਆਂ ਵੱਲੋਂ ਇਸੇ ਸਾਲ ਸਤੰਬਰ-ਅਕਤੂਬਰ ਦੇਸ਼-ਵਿਆਪੀ ਬਨੇਗਾ ਮਾਰਚ ਕਰਨ ਦਾ ਐਲਾਨ ਕੀਤਾ ਗਿਆ ਹੈ। ਉਹਨਾਂ ਆਸ ਪ੍ਰਗਟ ਕਰਦਿਆਂ ਕਿਹਾ ਕਿ ਬਨੇਗਾ ਦੀ ਪ੍ਰਾਪਤੀ ਲਈ ਕੀਤਾ ਜਾ ਰਿਹਾ ਸੰਘਰਸ਼ ਜ਼ਰੂਰ ਰੰਗ ਲਿਆਏਗਾ।

ਜ਼ਿਕਰਯੋਗ ਹੈ ਕਿ ਬਨੇਗਾ ਪ੍ਰਾਪਤੀ ਮੁਹਿੰਮ ਵੱਲੋਂ ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ ਜੋ ਹਰ ਇੱਕ ਲਈ ਜੋ ਚਾਹੁੰਦਾ ਹੈ, ਨੂੰ ਉਹਦੀ ਯੋਗਤਾ ਅਨੁਸਾਰ ਕੰਮ ਜਿਸ ਅਣਸਿੱਖਿਅਤ ਨੂੰ 35,000, ਅਰਧ ਸਿੱਖਿਅਤ ਨੂੰ 40,000, ਸਿੱਖਿਅਤ ਨੂੰ 45,000 ਅਤੇ ਉੱਚ ਸਿੱਖਿਅਤ ਨੂੰ 60,000 ਅਤੇ ਜੇਕਰ ਸਰਕਾਰ ਕੰਮ ਦੇਣ ਵਿੱਚ ਅਸਫਲ ਹੈ ਤਾਂ ਉਕਤ ਤਨਖਾਹ ਦਾ ਅੱਧ ਕੰਮ ਇੰਤਜ਼ਾਰ ਭੱਤਾ ਦੇਣ ਦੀ ਵਿਵਸਥਾ ਹੋਵੇ; ਲਈ ਲਗਾਤਾਰ ਸੰਘਰਸ਼ ਕੀਤਾ ਜਾ ਰਿਹਾ ਹੈ। ਇਸ • ਬਾਕੀ ਸਫਾ 2 ’ਤੇ

## ਕਾਮੀ ਰੀਤਾ ਨੇ ਆਪਣਾ ਹੀ ਰਿਕਾਰਡ ਤੋੜਿਆ



**ਕਠਮੰਡੂ** : ਨੇਪਾਲੀ ਸ਼ੇਰਪਾ ਗਾਈਡ ਕਾਮੀ ਰੀਤਾ ਨੇ ਮੰਗਲਵਾਰ 31ਵੀਂ ਵਾਰ ਮਾਊਂਟ ਐਵਰੈਸਟ ਫਤਹਿ ਕਰਕੇ ਵਿਸ਼ਵ ਦੀ ਸਭ ਤੋਂ ਵੱਡੀ ਚੋਟੀ ’ਤੇ ਸਭ ਤੋਂ ਵੱਧ ਵਾਰ ਸਫਲਤਾਪੂਰਵਕ ਚੜ੍ਹਨ ਦਾ ਆਪਣਾ ਹੀ ਰਿਕਾਰਡ ਤੋੜ ਦਿੱਤਾ। ਇਸ ਚੜ੍ਹਾਈ ਮੁਹਿੰਮ ਦੇ ਪ੍ਰਬੰਧਕ ‘ਸੈਵਨ ਸਮਿਟ ਟਰੈਕਸ’ ਦੇ ਮੁਖੀ ਮਿੰਗਮਾ ਸ਼ੇਰਪਾ ਨੇ ਦੱਸਿਆ ਕਿ 55 ਸਾਲਾ ਪਰਬਤਾਰੋਹੀ ਤੜਕੇ 4 ਵਜੇ 8,849 ਮੀਟਰ ਉੱਚੀ ਚੋਟੀ ਦੇ ਸਿਖਰ ’ਤੇ ਪੁੱਜਾ। ਉਸ ਨੇ ਲੈਫਟੀਨੈਂਟ ਕਰਨਲ ਮਨੋਜ ਜੋਸ਼ੀ ਦੀ ਅਗਵਾਈ ਵਿੱਚ ਭਾਰਤੀ ਥਲ ਸੈਨਾ ਦੇ ‘ਐਡਵੈਂਚਰ ਵਿੰਗ ਐਵਰੈਸਟ’ ਮੁਹਿੰਮ ਲਈ ਇੱਕ ਟੀਮ ਦੀ ਅਗਵਾਈ ਕੀਤੀ। ਉਹ ਦੋ ਦਹਾਕਿਆਂ ਤੋਂ ਵੀ ਵੱਧ ਸਮੇਂ ਤੋਂ ਪਹਾੜਾਂ ’ਤੇ ਚੜ੍ਹਾਈ ਕਰ ਰਿਹਾ ਹੈ। ਉਸ ਦੀ ਪਰਬਤਾਰੋਹਨ ਯਾਤਰਾ 1992 ਵਿੱਚ ਸ਼ੁਰੂ ਹੋਈ ਸੀ, ਜਦੋਂ ਉਹ ਇੱਕ ਸਹਾਇਕ ਸਟਾਫ ਵਜੋਂ ਐਵਰੈਸਟ ’ਤੇ ਚੜ੍ਹਾਈ ਕਰਨ ਲਈ ਇੱਕ ਮੁਹਿੰਮ ਵਿੱਚ ਸ਼ਾਮਲ ਹੋਇਆ ਸੀ।

## ਵਲਟੋਹਾ ਨੇ ਵੀ ਅਕਾਲ ਤਖਤ ’ਤੇ ਅਰਜ਼ ਗੁਜ਼ਾਰੀ

**ਅੰਮ੍ਰਿਤਸਰ** : ਸਾਬਕਾ ਅਕਾਲੀ ਆਗੂ ਵਿਰਸਾ ਸਿੰਘ ਵਲਟੋਹਾ ਨੇ ਮੰਗਲਵਾਰ ਸ੍ਰੀ ਅਕਾਲ ਤਖਤ ਦੇ ਜਥੇਦਾਰ ਦੇ ਨਾਂਅ ਇੱਕ ਮੰਗ ਪੱਤਰ ਦੇ ਕੇ ਅਪੀਲ ਕੀਤੀ ਕਿ 15 ਅਕਤੂਬਰ ਨੂੰ ਉਨ੍ਹਾ ਖਿਲਾਫ ਕੀਤੀ ਗਈ ਕਾਰਵਾਈ ’ਤੇ ਮੁੜ ਵਿਚਾਰ ਕੀਤਾ ਜਾਵੇ ਅਤੇ ਜੇ ਉਨ੍ਹਾ ਕੋਲੋਂ ਅਣਜਾਣੇ ਵਿੱਚ ਭੁੱਲ ਚੁੱਕ ਹੋ ਗਈ ਹੋਵੇ ਤਾਂ ਖਿਮਾ ਦਿੱਤੀ ਜਾਵੇ। ਸ੍ਰੀ ਅਕਾਲ ਤਖਤ ਤੋਂ ਪੰਜ ਸਿੰਘ ਸਾਹਿਬਾਨ ਵੱਲੋਂ ਵਲਟੋਹਾ ਨੂੰ 10 ਸਾਲ ਲਈ ਪਾਰਟੀ ਤੋਂ ਬਾਹਰ ਕਰਨ ਦੇ ਆਦੇਸ਼ ਕੀਤੇ ਗਏ ਸਨ, ਜਿਸ ਕਾਰਨ ਸ਼੍ਰੋਮਣੀ ਅਕਾਲੀ ਦਲ ਵੱਲੋਂ ਉਨ੍ਹਾ ਦੀ ਮੁਢਲੀ ਮੈਂਬਰਸ਼ਿਪ ਵੀ ਖਤਮ ਕਰ ਦਿੱਤੀ ਗਈ ਸੀ।

## ਇੱਕ ਹੋਰ ਮਾਓਵਾਦੀ ਮਾਰਿਆ

**ਰਾਂਚੀ** : ਝਾਰਖੰਡ ਦੇ ਪਲਾਮੂ ਜ਼ਿਲ੍ਹੇ ਵਿੱਚ ਸੁਰੱਖਿਆ ਬਲਾਂ ਨੇ ਸੋਮਵਾਰ ਦੇਰ ਰਾਤ ਸੀਤਾਚੁਆਨ ਕੋਲ ਸੀ ਪੀ ਆਈ (ਮਾਓਵਾਦੀ) ਦਾ ਇੱਕ ਕਮਾਂਡਰ ਮਾਰ ਦਿੱਤਾ ਤੇ ਇਕ ਹੋਰ ਮਾਓਵਾਦੀ ਨੂੰ ਜ਼ਖਮੀ ਕਰ ਦਿੱਤਾ। ਪੁਲਸ ਅਧਿਕਾਰੀ ਨੇ ਕਿਹਾ ਕਿ ਮਾਰਿਆ ਜਾਣ ਵਾਲਾ ਚੋਟੀ ਦਾ ਮਾਓਵਾਦੀ ਕਮਾਂਡਰ ਤੁਲਸੀ ਭੂਨੀਆਂ ਸੀ। ਨਿਤੇਸ਼ ਯਾਦਵ, ਜਿਸ ਦੇ ਸਿਰ ’ਤੇ 15 ਲੱਖ ਰੁਪਏ ਦਾ ਇਨਾਮ ਸੀ, ਨੂੰ ਗੋਲੀ ਲੱਗੀ ਹੈ।

# ਇਨਕਲਾਬੀ ਮਾਹੌਲ ਸਿਰਜਣ ਲਈ ਸੋਸ਼ਲ ਮੀਡੀਆ ਕਾਰਗਰ ਸਿੱਧ ਹੋ ਸਕਦੈ : ਡੀ ਰਾਜਾ

**ਅਜੋਏ ਭਵਨ, ਨਵੀਂ ਦਿੱਲੀ (ਗਿਆਨ ਸੈਦਪੁਰੀ)**

ਭਾਰਤੀ ਕਮਿਊਨਿਸਟ ਪਾਰਟੀ ਦੇ ਸੋਸ਼ਲ ਮੀਡੀਆ ਵਿਭਾਗ ਵੱਲੋਂ ਇੱਥੇ ਚੱਲ ਰਹੀ ਦੋ ਦਿਨਾ ਮੀਟਿੰਗ ਦੇ ਉਦਘਾਟਨੀ ਸੈਸ਼ਨ ਉਪਰੰਤ ਇਸ ਮੰਚ ਦੇ ਵੱਖ-ਵੱਖ ਪਹਿਲੂਆਂ ਦੀ ਚਰਚਾ ਹੋਈ। ਇਸ ਵਿਸਥਾਰਤ ਚਰਚਾ ਵਿੱਚ ਭਾਗ ਲੈਂਦਿਆਂ ਪਾਰਟੀ ਦੇ ਕੌਮੀ ਸਕੱਤਰ ਅਤੇ ਸੋਸ਼ਲ ਮੀਡੀਆ ਵਿਭਾਗ ਦੇ ਇੰਚਾਰਜ ਡਾ. ਭਾਲਚੰਦਰਾ ਕਾਂਗੋ ਨੇ ਉਹਨਾਂ ਮਸਲਿਆਂ ਦਾ ਜ਼ਿਕਰ ਕੀਤਾ, ਜਿਨ੍ਹਾਂ ਦੇ ਉਠਾਉਣ ਨਾਲ ਸੋਸ਼ਲ ਮੀਡੀਆ ਦੀ ਸਾਰਥਿਕਤਾ ਨੂੰ ਤਾਕਤ ਮਿਲਦੀ ਹੈ। ਉਹਨਾ ਮਿਸਾਲ ਦਿੱਤੀ ਕਿ ਸਰਕਾਰ ਨੇ ਸ਼ਹਿਰਾਂ ਨੂੰ ਸਮਾਰਟ ਬਣਾਉਣ ਦਾ ਜ਼ੋਰਦਾਰ ਪ੍ਰਚਾਰ ਕੀਤਾ, ਬੇਤਹਾਸ਼ਾ ਪੈਸੇ ਖਰਚ ਕੀਤੇ। ਪੁੱਛਿਆ ਜਾ ਸਕਦਾ ਹੈ ਕਿ ਕਿੰਨੇ ਸ਼ਹਿਰ ਸਮਾਰਟ ਬਣਾਏ ਗਏ ਤੇ ਉਹਨਾਂ ਦੀ ਜ਼ਮੀਨੀ ਹਕੀਕਤ ਕੀ ਹੈ। ਡਾਕਟਰ ਕਾਂਗੋ ਨੇ ਸੀ ਪੀ ਆਈ ਦੇ ਸੂਬਾ ਸਕੱਤਰਾਂ ਨੂੰ ਸੁਝਾਅ ਦਿੱਤਾ ਕਿ ਉਹ ਆਪੋ-ਆਪਣੀ ਭਾਸ਼ਾ ਵਿੱਚ ਟਵਿੱਟਰ ’ਤੇ ਕੰਮ ਕਰਨਾ ਯਕੀਨੀ ਬਣਾਉਣ। ਬੀਕਾਨੇਰ (ਰਾਜਸਥਾਨ) ਦੇ ਸੋਸ਼ਲ ਮੀਡੀਆ ਪ੍ਰਤੀਨਿਧ ਮਹੇਸ਼ ਜੋਸ਼ੀ ਨੇ ਕਿਹਾ ਕਿ ਬੇਸ਼ੱਕ ਸੋਸ਼ਲ ਮੀਡੀਆ ਤਾਕਤਵਰ ਮੰਚ ਹੈ ਪਰ ਇਹ ਅਫਵਾਹਾਂ ਫੈਲਾਉਣ ਦਾ ਵੀ ਜ਼ਰੀਆ ਬਣਦਾ ਹੈ। ਪ੍ਰਿੰਟ ਮੀਡੀਆ ਸਥਾਈ ਰੂਪ ਵਿੱਚ ਵਿਚਾਰ ਪੈਦਾ ਕਰਨ ਲਈ ਸਹਾਈ ਹੁੰਦਾ ਹੈ। ਹਰਿਆਣਾ ਦੇ ਪ੍ਰਤੀਨਿਧ ਡਾ. ਸੁਖਦੇਵ ਸਿੰਘ ਜੰਮੂ ਨੇ ਕਿਹਾ ਕਿ ਸੋਸ਼ਲ ਮੀਡੀਆ ਪ੍ਰਤੀ ਪ੍ਰਤੀਬੱਧਤਾ ਦੀ ਲੋੜ ਹੈ। ਇਸ ਤੋਂ ਇਲਾਵਾ ਇਸ ਦੀ ਵਰਤੋਂ ਵੇਲੇ ਡਸਿਪਲਨ ਦਾ ਪਾਲਣ ਕਰਨਾ ਵੀ ਜ਼ਰੂਰੀ ਹੈ।



ਵਰਕਸ਼ਾਪ ਨੂੰ ਸੰਬੋਧਨ ਕਰਦੇ ਹੋਏ ਡੀ ਰਾਜਾ ਤੇ ਵਿਵੇਕ ਸ਼ਰਮਾ।

ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਸਕੱਤਰ ਵਿਜੇਂਦਰ ਸਿੰਘ ਨਿਰਮਲ ਨੇ ਸੋਸ਼ਲ ਮੀਡੀਆ ਵਿਭਾਗ ਦੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਨੂੰ ਹੋਰ ਪ੍ਰਭਾਵੀ ਬਣਾਉਣ ਲਈ ਟ੍ਰੇਨਿੰਗ ਦੀ ਵਧੇਰੇ ਲੋੜ ਹੈ। ਉਹਨਾ ਕਿਹਾ ਕਿ ਸਿੱਖਣ ਲਈ ਉਮਰ ਦਾ ਕੋਈ ਤਕਾਜ਼ਾ ਨਹੀਂ ਹੁੰਦਾ। ਭਾਰਤੀ ਔਰਤਾਂ ਦੀ ਕੌਮੀ ਫੈਡਰੇਸ਼ਨ ਦੀ ਆਗੂ ਈਸ਼ਾ ਸ਼ਰਮਾ ਨੇ ਸੋਸ਼ਲ ਮੀਡੀਆ ਦਾ ਮਹੱਤਵ ਦੱਸਦਿਆਂ ਰਵੀਸ਼ ਕੁਮਾਰ ਦਾ ਉ_ ਚੇ ਚ • ਬਾਕੀ ਸਫਾ 2 ’ਤੇ

# ਐੱਨ ਐੱਫ ਐੱਸ ਨਵਾਂ ਮਨੂੰਵਾਦ : ਰਾਹੁਲ

**ਨਵੀਂ ਦਿੱਲੀ** : ਰਾਹੁਲ ਗਾਂਧੀ ਨੇ ਮੰਗਲਵਾਰ ਕਿਹਾ ਕਿ ਪੂਰੇ ਦੇਸ਼ ਵਿਚ ਪੱਛੜੇ ਵਰਗਾਂ ਨਾਲ ਸੰਬੰਧਤ ਯੋਗ ਉਮੀਦਵਾਰਾਂ ਨੂੰ ਗਿਣਮਿਥ ਕੇ ਅਯੋਗ ਐਲਾਨਿਆ ਜਾ ਰਿਹਾ ਹੈ, ਤਾਂ ਕਿ ਉਨ੍ਹਾਂ ਨੂੰ ਸਿੱਖਿਆ ਤੇ ਲੀਡਰਸ਼ਿਪ ਤੋਂ ਦੂਰ ਰੱਖਿਆ ਜਾ ਸਕੇ। ਉਨ੍ਹਾ ਇਹ ਦਾਅਵਾ ਅਜਿਹੇ ਮੌਕੇ ਕੀਤਾ ਹੈ, ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਨੇ ਹਾਲ ਹੀ ਵਿੱਚ ਪੂਰੇ ਦੇਸ਼ ’ਚ ਜਾਤੀ ਜਨਗਣਨਾ ਕਰਵਾਉਣ ਦਾ ਐਲਾਨ ਕੀਤਾ ਹੈ। ਰਾਹੁਲ ਨੇ ਐੱਕਸ ’ਤੇ ਇਕ ਪੋਸਟ ਵਿਚ ਕਿਹਾ, ‘ਯੋਗ ਉਮੀਦਵਾਰ ਨਹੀਂ ਮਿਲਿਆ’ (ਨਾਟ ਫਾਊਂਡ ਸੂਟੇਬਲ-ਐੱਨ ਐੱਫ ਐੱਸ) ਹੁਣ ਨਵਾਂ ਮਨੂੰਵਾਦ ਹੈ। ਐੱਸ ਸੀ/ਐੱਸ ਟੀ/ਓ ਬੀ ਸੀ ਦੇ ਯੋਗ ਉਮੀਦਵਾਰਾਂ ਨੂੰ ਜਾਣਬੁਝ ਕੇ ‘ਅਨਫਿਟ’ (ਅਯੋਗ) ਐਲਾਨਿਆ ਜਾ ਰਿਹਾ ਹੈ, ਤਾਂ ਕਿ ਉਹ ਸਿੱਖਿਆ ਤੇ ਲੀਡਰਸ਼ਿਪ ਤੋਂ ਦੂਰ ਰਹਿਣ।’ ਉਨ੍ਹਾ ਡਾ. ਬੀ ਆਰ ਅੰਬੇਡਕਰ ਦੇ ਹਵਾਲੇ ਨਾਲ ਕਿਹਾ ਕਿ ‘ਬਰਾਬਰੀ ਲਈ ਸਿੱਖਿਆ ਸਭ ਤੋਂ ਵੱਡਾ ਹਥਿਆਰ ਹੈ।’ ਉਨ੍ਹਾ ਮੋਦੀ ਸਰਕਾਰ ਨੂੰ ਨਿਸ਼ਾਨਾ ਬਣਾਉਂਦਿਆਂ ਕਿਹਾ, ‘ਸਰਕਾਰ ਇਸ ਹਥਿਆਰ ਨੂੰ ਖੁੰਢਾ ਕਰਨ ਵਿਚ ਰੁੱਝੀ ਹੈ।’ ਉਨ੍ਹਾ ਕਿਹਾ ਕਿ ਦਿੱਲੀ ਯੂਨੀਵਰਸਿਟੀ ਵਿੱਚ ਪ੍ਰੋਫੈਸਰਾਂ ਦੀਆਂ 60 ਫੀਸਦੀ ਤੋਂ ਵੱਧ ਰਾਖਵੀਆਂ ਪੋਸਟਾਂ ਤੇ ਐਸੋਸੀਏਟ ਪ੍ਰੋਫੈਸਰਾਂ ਦੀਆਂ 30 ਫੀਸਦੀ ਤੋਂ ਵੱਧ ਰਾਖਵੀਆਂ ਪੋਸਟਾਂ ਨੂੰ ਐੱਨ ਐੱਫ ਐੱਸ ਦੱਸ ਕੇ ਖਾਲੀ ਰੱਖਿਆ ਗਿਆ ਹੈ। ਰਾਹੁਲ ਨੇ ਕਿਹਾ, ‘ਇਹ ਕੋਈ ਅਪਵਾਦ ਨਹੀਂ ਹੈ—ਆਈ ਆਈ ਟੀ, ਕੇਂਦਰੀ ਯੂਨੀਵਰਸਿਟੀਆਂ ਹਰ ਜਗ੍ਹਾ ਇੱਕੋ ਜਿਹੀ ਸਾਜ਼ਿਸ਼ ਚੱਲ ਰਹੀ ਹੈ। ਐੱਨ ਐੱਫ ਐੱਸ ਸੰਵਿਧਾਨ ’ਤੇ ਹਮਲਾ ਹੈ। ਐੱਨ ਐੱਫ ਐੱਸ ਸਮਾਜਕ ਨਿਆਂ ਨਾਲ ਵਿਸ਼ਵਾਸਘਾਤ ਹੈ। ਇਹ ਸਿਰਫ ਸਿੱਖਿਆ ਅਤੇ ਨੌਕਰੀਆਂ ਲਈ ਲੜਾਈ ਨਹੀਂ, ਇਹ ਅਧਿਕਾਰਾਂ, ਸਤਿਕਾਰ ਅਤੇ ਭਾਗੀਦਾਰੀ ਲਈ ਲੜਾਈ ਹੈ।’ ਰਾਹੁਲ ਨੇ ਦਿੱਲੀ ਯੂਨੀਵਰਸਿਟੀ ਦੇ ਵਿਦਿਆਰਥੀਆਂ ਨਾਲ ਆਪਣੀ ਗੱਲਬਾਤ ਦੀ ਇੱਕ ਵੀਡੀਓ ਕਲਿੱਪ ਸਾਂਝੀ ਕਰਦੇ ਹੋਏ ਕਿਹਾ, ‘ਹੁਣ ਅਸੀਂ ਸਾਰੇ ਮਿਲ ਕੇ ਭਾਜਪਾ/ ਆਰ ਐੱਸ ਐੱਸ ਦੇ ਹਰ ਰਾਖਵਾਂਕਰਨ ਵਿਰੋਧੀ ਕਦਮ ਦਾ ਸੰਵਿਧਾਨ ਦੀ ਸ਼ਕਤੀ ਨਾਲ ਜਵਾਬ ਦੇਵਾਂਗੇ।’

# ਪਹਿਲਾਂ ਨਹਿਰੂ ਨੂੰ ਸ਼ਰਧਾਂਜਲੀ, ਫਿਰ ਅਟੈਕ

**ਗਾਂਧੀਨਗਰ** : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੰਗਲਵਾਰ ਸਵੇਰੇ ਪਹਿਲੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਨੂੰ ਉਨ੍ਹਾ ਦੀ ਬਰਸੀ ਮੌਕੇ ਸ਼ਰਧਾਂਜਲੀ ਭੇਟ ਕਰਨ ਤੋਂ ਬਾਅਦ ਇੱਥੇ ਇੱਕ ਰੈਲੀ ’ਚ ਕਿਹਾ ਕਿ ਸਿੰਧੂ ਜਲ ਸੰਧੀ ਏਨੀ ਬੁਰੀ ਤਰ੍ਹਾਂ ਨੇਪਰੇ ਚਾੜ੍ਹੀ ਗਈ ਕਿ ਭਾਰਤ ਨੂੰ ਕਸ਼ਮੀਰ ਵਿਚਲੇ ਡੈਮਾਂ ਤੋਂ ਗਾਰ ਕੱਢਣ ਤੋਂ ਵੀ ਮਹਿਰੂਮ ਕਰ ਦਿੱਤਾ ਗਿਆ। ਉਨ੍ਹਾ ਇਹ ਵੀ ਕਿਹਾ ਕਿ ਜੇ 1947 ਵਿੱਚ ਕਸ਼ਮੀਰ ’ਚ ਦਾਖਲ ਹੋਏ ਮੁਜਾਹਦੀਨ ਮਾਰ ਦਿੱਤੇ ਜਾਂਦੇ ਤਾਂ ਉਸ ਤਰ੍ਹਾਂ ਦੀ ਸਥਿਤੀ ਦਾ ਦੁਬਾਰਾ ਨਾ ਸਾਹਮਣਾ ਕਰਨਾ ਪੈਂਦਾ। ਮੋਦੀ ਨੇ ਕਿਹਾ, ‘ਸਰੀਰ ਕਿੰਨਾ ਵੀ ਮਜ਼ਬੂਤ ਜਾਂ ਸਿਹਤਮੰਦ ਕਿਉਂ ਨਾ ਹੋਵੇ, ਇੱਕ ਕੰਡਾ ਦਰਦ ਦੇ ਸਕਦਾ ਹੈ। ਅਸੀਂ ਇਸ ਕੰਡੇ ਨੂੰ ਕੱਢਣ ਦਾ ਫੈਸਲਾ ਕੀਤਾ ਹੈ।’

ਸਿੰਧੂ ਜਲ ਸੰਧੀ ਲਈ ਗੱਲਬਾਤ ਦਾ ਪ੍ਰਬੰਧ ਸੰਸਾਰ ਬੈਂਕ ਨੇ ਕੀਤਾ ਸੀ ਤੇ ਇਸ ’ਤੇ 19 ਸਤੰਬਰ 1960 ਨੂੰ ਕਰਾਚੀ ਵਿੱਚ ਨਹਿਰੂ ਤੇ ਪਾਕਿਸਤਾਨ ਦੇ ਰਾਸ਼ਟਰਪਤੀ ਅਯੂਬ ਖਾਨ ਨੇ ਦਸਤਖਤ ਕੀਤੇ ਸਨ। ਇਸ ਸੰਧੀ ਤਹਿਤ ਬਿਆਸ, ਰਾਵੀ ਤੇ ਸਤਲੁਜ ਦਰਿਆਵਾਂ ਦਾ ਕੰਟਰੋਲ ਭਾਰਤ ਅਤੇ ਸਿੰਧ, ਝਨਾਂ ਤੇ ਜੇਹਲਮ ਦਾ ਕੰਟਰੋਲ ਪਾਕਿਸਤਾਨ ਨੂੰ ਮਿਲਿਆ ਸੀ। ਨਹਿਰੂ ਅਗਸਤ 1947 ਤੋਂ 1964 ਵਿੱਚ ਆਪਣੀ ਮੌਤ ਤੱਕ ਪ੍ਰਧਾਨ ਮੰਤਰੀ ਰਹੇ।

# ਅੱਜ-ਨਾਮਾ

ਕੀਤਾ ਤਰੱਕੀ ਦਾ ਜਦੋਂ ਸਰਕਾਰ ਦਾਅਵਾ,
ਛੂਹਿਆ ਜਾਪਿਆ ਜਿੱਦਾਂ ਅਸਮਾਨ ਮੀਆਂ।
ਦੁਨੀਆ ਕੀਤੀ ਬੱਸ ਪਈ ਹੈਰਾਨ ਕਹਿੰਦੇ,
ਪਛੜਿਆ ਸਾਡੇ ਤੋਂ ਪਿਆ ਜਾਪਾਨ ਮੀਆਂ।
ਹੇਠਲੀ ਪੱਧਰ ਜਿਉਂਦੇ ਕਈ ਲੋਕ ਜਿਹੜੇ,
ਮੁਸ਼ਕਲ ਉਨ੍ਹਾਂ ਦੀ ਅਜੇ ਗੁਜ਼ਰਾਨ ਮੀਆਂ।
ਬਲਦਾ ਟੱਬਰ ਲਈ ਚੁੱਲ੍ਹਾ ਵੀ ਬੜਾ ਔਖਾ,
ਡਿੱਗਦਾ ਦਿੱਸਦਾ ਹੈ ਪਿਆ ਮਕਾਨ ਮੀਆਂ।
ਅੰਕੜੇ ਚੱਟਿਆਂ ਭੁੱਖਾ ਨਹੀਂ ਢਿੱਡ ਭਰਦਾ,
ਕਰੇਗਾ ਕਿੱਦਾਂ ਗਰੀਬ ਕੋਈ ਚਾਅ ਮੀਆਂ।
ਅੰਕੜੇ-ਸ਼ੰਕੜੇ ਉਨ੍ਹਾਂ ਲਈ ਖੇਡ ਵਧੀਆ,
ਲੱਗਾ ਸੱਤਾ ਲਈ ਜਿਨ੍ਹਾਂ ਦਾ ਦਾਅ ਮੀਆਂ।

-ਤੀਸ ਮਾਰ ਖਾਂ

# ਰਾਤ ਦੇ ਹਨੇਰੇ ’ਚ ਮਾਓਵਾਦੀਆਂ ਦਾ ਸਸਕਾਰ ਅਣਮਨੁੱਖੀ ਤੇ ਗੈਰ-ਕਾਨੂੰਨੀ : ਦੇਸ਼ ਭਗਤ ਕਮੇਟੀ

**ਜਲੰਧਰ** : ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਲਿਖਤੀ ਪ੍ਰੈੱਸ ਬਿਆਨ ਰਾਹੀਂ ਕਿਹਾ ਹੈ ਕਿ ਛੱਤੀਸਗੜ੍ਹ ਪੁਲਸ ਵੱਲੋਂ ਸੀ ਪੀ ਆਈ (ਮਾਓਵਾਦੀ) ਦੇ ਜਨਰਲ ਸਕੱਤਰ ਕੇਸ਼ਵ ਰਾਓ ਅਤੇ ਸੱਤ ਹੋਰ ਮਾਓਵਾਦੀਆਂ ਦੀਆਂ ਲਾਸ਼ਾਂ ਉਨ੍ਹਾਂ ਦੇ ਵਾਰਿਸਾਂ ਨੂੰ ਅੰਤਮ ਸੰਸਕਾਰ ਲਈ ਨਾ ਦੇਣ ਅਤੇ ਪਰਵਾਰਾਂ ਦੀ ਸਹਿਮਤੀ ਲਏ ਤੋਂ ਬਿਨਾਂ ਹੀ ਨਰਾਇਣਪੁਰ ਵਿਖੇ ਸਸਕਾਰ ਕਰ ਦੇਣ ਦੀ ਹਰ ਮਨੁੱਖ ਹਿਤੈਸ਼ੀ, ਜਮਹੂਰੀ, ਇਨਸਾਫ਼ ਪਸੰਦ ਅਤੇ ਸਮਾਜਿਕ, ਸੱਭਿਆਚਾਰਕ ਕਦਰਾਂ-ਕੀਮਤਾਂ ਨੂੰ ਪ੍ਰਣਾਏ ਇਨਸਾਨ ਅਤੇ ਸੰਸਥਾਵਾਂ ਨੂੰ ਸਖ਼ਤ ਸ਼ਬਦਾਂ ਵਿਚ ਨਿਖੇਧੀ ਕਰਨ ਲਈ ਅੱਗੇ ਆਉਣ ਦੀ ਲੋੜ ਹੈ।

ਉਹਨਾਂ ਕਿਹਾ ਕਿ ਦੇਸ਼ ਭਗਤ ਯਾਦਗਾਰ ਹਾਲ ਦੇ ਇਤਿਹਾਸ ਦੀਆਂ ਫਾਈਲਾਂ ਬੋਲਦੀਆਂ ਹਨ ਕਿ ਬਰਤਾਨਵੀ ਹਕੂਮਤ ਨੇ 23 ਮਾਰਚ 1931 ਨੂੰ ਲਾਹੌਰ ਕੇਂਦਰੀ ਜੇਲ੍ਹ ਵਿਚ ਫਾਂਸੀ ਦੇ ਕੇ ਰਾਤ ਦੇ ਹਨੇਰੇ ਵਿਚ ਹੁਸੈਨੀਵਾਲਾ ਵਿਖੇ ਸਤਲੁਜ ਦੇ ਕੰਢੇ ਲਿਜਾ ਕੇ ਅੱਧ ਜਲੀਆਂ ਲਾਸ਼ਾਂ ਨੂੰ ਦਰਿਆ ਵਿਚ ਵਗਾਹ ਮਾਰ ਕੇ ਭਰਮ ਪਾਲਿਆ ਸੀ ਕਿ ਇਉਂ ਲੋਕਾਂ ਨੂੰ ਦਹਿਸ਼ਤਜ਼ਦਾ ਕਰਕੇ ਆਜ਼ਾਦੀ ਅਤੇ ਇਨਕਲਾਬ

### ਹੁਸੈਨੀਵਾਲਾ ਦਾ ਇਤਿਹਾਸ ਕਰਾਇਆ ਯਾਦ

ਦੇ ਰਾਹ ਤੋਂ ਡੱਕ ਲਿਆ ਜਾਏਗਾ।

ਉਹਨਾਂ ਕਿਹਾ ਕਿ ਜਮਹੂਰੀਅਤ ਦਾ ਢੋਲ ਪਿੱਟਣ ਵਾਲੀ ਭਾਜਪਾ ਹਕੂਮਤ ਨੇ ਦਰਸਾਅ ਦਿੱਤਾ ਕਿ ਉਹ ਬਰਤਾਨਵੀ ਹਾਕਮਾਂ ਦੀਆਂ ਪੈੜਾਂ ਦੇ ਹੀ ਰਾਹਗੀਰ ਹਨ।ਕਮੇਟੀ ਦਾ ਕਹਿਣਾ ਹੈ ਕਿ ਮ੍ਰਿਤਕਾਂ ਦੇ ਪਰਵਾਰ, ਸਾਕ-ਸੰਬੰਧੀ ਸਮਾਜਿਕ, ਜਮਹੂਰੀ ਸਰੋਕਾਰਾਂ ਨਾਲ ਜੁੜੀਆਂ ਸੰਸਥਾਵਾਂ ਅਤੇ ਨਾਮਵਰ ਵਿਦਵਾਨ ਸ਼ਖ਼ਸੀਅਤਾਂ ਕਥਿਤ ਮੁਕਾਬਲੇ ਦੀਆਂ ਖ਼ਬਰਾਂ ਆਉਣ ਤੋਂ ਲੈ ਕੇ ਹੀ ਨਰਾਇਣਪੁਰ ਵਿਖੇ ਲਾਸ਼ਾਂ ਵਾਰਸਾਂ ਦੇ ਹਵਾਲੇ ਕਰਨ ਦੀ ਮੰਗ ਕਰਦੇ ਆ ਰਹੇ ਹਨ।ਮੀਡੀਆ ਗਵਾਹ ਹੈ ਕਿ ਪਰਵਾਰਕ ਮੈਂਬਰਾਂ ਨੂੰ ਟਾਲ-ਮਟੋਲ ਕਰਕੇ ਵਕਤ ਟਪਾਈ ਕੀਤੀ ਗਈ ਅਤੇ ਅਖੀਰ ਮਨਘੜਤ ਕਹਾਣੀ ਘੜ ਕੇ ਨੰਗਾ ਚਿੱਟਾ ਝੂਠ ਮਾਰਿਆ ਗਿਆ ਕਿ ਮ੍ਰਿਤਕਾਂ ਦੇ ਪਰਵਾਰਾਂ ਨੇ ਪੁਲਸ ਜਾਂ ਪ੍ਰਸ਼ਾਸਨਕ ਅਧਿਕਾਰੀਆਂ ਤੱਕ ਪਹੁੰਚ ਹੀ ਨਹੀਂ ਕੀਤੀ ਅਤੇ ਲਾਸ਼ਾਂ ਗਲ-ਸੜ ਰਹੀਆਂ ਸਨ, ਜਿਸ ਕਾਰਨ ਉਨ੍ਹਾਂ ਨੂੰ ਅਗਨਭੇਂਟ ਕਰ ਦਿੱਤਾ ਗਿਆ।ਆਗੂਆਂ ਨੇ ਕਿਹਾ ਕਿ ਜ਼ਿਕਰਯੋਗ ਹੈ ਕਿ ਕਾ. ਕੇਸ਼ਵ ਰਾਓ ਦੇ ਭਰਾ ਨੰਬਾਲਾ ਰਾਮ ਪ੍ਰਸਾਦ ਅਤੇ ਹੋਰ ਰਿਸ਼ਤੇਦਾਰਾਂ ਸਮੇਤ ਪੰਜ ਮਾਓਵਾਦੀਆਂ ਦੇ ਵਾਰਿਸਾਂ ਨੇ ਲਾਸ਼ਾਂ ਸੰਬੰਧਤ ਪਰਵਾਰਾਂ ਦੇ ਸਪੁਰਦ ਕੀਤੇ ਜਾਣ ਦਾ ਆਦੇਸ਼ ਆਂਧਰਾ ਪ੍ਰਦੇਸ਼ ਹਾਈਕੋਰਟ ਤੋਂ ਜਾਰੀ ਕਰਵਾ ਕੇ ਪੁਲਸ ਅਧਿਕਾਰੀਆਂ ਅੱਗੇ ਬਾਕਾਇਦਾ ਆਪਣੇ ਸ਼ਨਾਖ਼ਤੀ ਦਸਤਾਵੇਜ਼ ਪੇਸ਼ ਕੀਤਾ ਅਤੇ ਉਨ੍ਹਾਂ ਵੱਲੋਂ ਪੁਲਸ ਅਧਿਕਾਰੀਆਂ ਦੀ ਟਾਲ-ਮਟੋਲ ਵਿਰੁੱਧ ਨਰਾਇਣਪੁਰ ਮੁਜ਼ਾਹਰਾ ਵੀ ਕੀਤਾ। ਮਨੁੱਖੀ ਅਧਿਕਾਰਾਂ ਦੀ ਅਣਥੱਕ ਕਾਮਾਂ ਬੇਲਾ ਭਾਟੀਆ ਲਗਾਤਾਰ ਮ੍ਰਿਤਕਾਂ ਦੇ ਵਾਰਸਾਂ ਦੇ ਅੰਗ ਸੰਗ ਰਹੇ। ਇਸ ਦਾ ਪ੍ਰਮਾਣ ਮੀਡੀਆ ਕਵਰੇਜ ਦੇ ਮੂੰਹੋਂ ਬੋਲਦਾ ਹੈ। ਉਹਨਾਂ ਕਿਹਾ ਕਿ ਬੇਸ਼ਰਮੀ ਦੀਆਂ ਹੱਦਾਂ ਪਾਰ ਕਰਦਿਆਂ ਰਾਤ ਨੂੰ ਲਾਸ਼ਾਂ ਸਾੜ ਦਿੱਤੀਆਂ ਗਈਆਂ । ਚਾਰ ਦਿਨ ਤੱਕ ਲਾਸ਼ਾਂ ਨੂੰ ਬਿਨਾਂ ਫਰੀਜ਼ਰ ਤੋਂ ਖੁੱਲ੍ਹੇ ਅਸਮਾਨ ਵਿੱਚ ਰੱਖ ਕੇ ਮਨੁੱਖੀ ਸਰੀਰਾਂ ਦਾ ਨਿਰਾਦਰ ਕਰਕੇ ਪੂਰੀ ਮਾਨਵਤਾ ਦਾ ਅਪਮਾਨ ਕੀਤਾ ਹੈ । ਉਨ੍ਹਾਂ ਮੰਗ ਕੀਤੀ ਕਿ ਹਾਈਕੋਰਟ ਦੇ ਆਦੇਸ਼ਾਂ ਦੀਆਂ ਧੱਜੀਆਂ ਉਡਾਉਣ ਵਾਲੇ ਪੁਲਸ ਅਧਿਕਾਰੀਆਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ। ਆਦਿਵਾਸੀਆਂ ਉਪਰ ਕਹਿਰ ਦੇ ਝੱਖੜ ਝੁਲਾਉਣਾ ਬੰਦ ਕੀਤਾ ਜਾਏ। ਇਸ ਲਈ ਸਮੂਹ ਲੋਕ ਹਿਤੈਸ਼ੀ, ਜਮਹੂਰੀ ਮਾਨਵੀ ਕਦਰਾਂ ਕੀਮਤਾਂ ਪ੍ਰਤੀ ਸਰੋਕਾਰ ਰੱਖਣ ਵਾਲੇ ਸਭਨਾਂ ਨੂੰ ਆਵਾਜ਼ ਬੁਲੰਦ ਕਰਨ ਦੀ ਲੋੜ ਹੈ।


NAAC GRADE A++

LOVELY PROFESSIONAL UNIVERSITY

Transforming Education Transforming India

A RESEARCH FOCUSSED UNIVERSITY WORKING ON GLOBAL RESEARCH ISSUES

- 6200+ patents published
- 27500+ research publications indexed in Scopus/ WOS
- 34 faculty members are enlisted in the "Stanford world top 2% scientists" for the year 2024.
- We foster global collaboration and elevate academic prowess through our “International Research Exchange” and “Co-Supervision” programs

ADMISSION NOTICE

Ph.D.

[ FULL TIME/ PART TIME ]

Engineering (ECE, CSE, EE, ME, CE, Chemical Engineering, Aerospace Engineering, Molecular Biology and Genetic Engg., Geospatial Information Science and Technology), Computer Applications, Agronomy, Entomology, Fruit Science, Genetics and Plant Breeding, Plant Pathology, Vegetable Science, Soil Science, Food Science and Technology, Environmental Sciences, Biotechnology, Bioinformatics, Microbiology, Forensic Sciences, Biochemistry, Botany, Zoology, Chemistry, Physics, Mathematics, Statistics, Management, Commerce, Economics, Hotel Management, Tourism Management, Law, Planning, Architecture, Fashion, Interior and Furniture Design, Product and Industrial Design, User Experience, Animation and Visual Design, Film and TV Production, Fine Arts, Performing Arts-Music, Psychology, Journalism and Mass Communication, English, Performing Arts-Theatre, Political Science, Geography, Sociology, Social Work, History, Education, Public Administration, Physical Education, Punjabi, Hindi, Pharmaceutics, Pharmaceutical Chemistry, Pharmacognosy, Pharmacology, Pharmacy Practice, Ayurvedic Pharmacy, Pharmaceutical Analysis, Clinical Microbiology, Clinical Biochemistry, Clinical Embryology

FLEXIBLE AND HYBRID COURSE WORK OPTIONS ARE AVAILABLE

Individuals who have been awarded a Ph.D. degree in accordance with UGC regulations are exempted from the requirement of the minimum eligibility condition of NET/ SLET/ SET for recruitment/ appointment of Assistant Professor or equivalent positions in Universities/ Colleges/ Institutions

| | |
|---|---|
| Last Date of Application | 30th June 2025 |
| Dates of Entrance Test (LPUNEST) | 11th & 13th July 2025 |
| Result of LPUNEST (Ph.D.) | 16th July 2025 |
| Slot Booking of Interview | 16th - 19th July 2025 |
| Interview Dates | 22nd - 27th July 2025 |
| Result for Interview | 30th July 2025 |
| Last Date of Admission | 12th August 2025 |

Scholarship/ Fellowship/ Travel Grant

- Scholarship upto ₹2.8 Lakh per student based on perfomance in LPUNEST Exam/ JRFs (UGC/CSIR) / NET/ GATE/ GPAT qualified/ Women Candidates^
- Research incentives upto ₹2 Crore awarded in 2024
- Teaching Fellowship of ₹21,600 per month and Travel grant upto ₹35,000 to attend National/ International Conference^#
- Monthly fellowship of ₹37,000+ HRA to eligible JRF candidates*

^For application process, scholarship, disciplines, student intake (seats), eligibility, admission criteria, test centres and other details, refer the link https://nest.lpu.in/phd/

*subject to availability and fulfillment of eligibility criteria. *As per government guidelines.

LOVELY PROFESSIONAL UNIVERSITY (LPU)
Jalandhar-Delhi G.T. Road, Phagwara, Punjab | www.lpu.in
admissions@lpu.co.in | Contact us: 01824-404408

## ਗੌਰਮਿੰਟ ਪ੍ਰਾਇਮਰੀ ਸਕੂਲ ਘੁਮਾਣ ਨੂੰ ਵਾਟਰ ਕੂਲਰ ਭੇਟ ਕੀਤਾ



**ਚੌਕੀਮਾਨ (ਇੰਜ ਬਲਬੀਰ ਸਿੰਘ ਮਾਨ)**-ਗੌਰਮਿੰਟ ਪ੍ਰਾਇਮਰੀ ਸਕੂਲ ਘੁਮਾਣ ਵਿਖੇ ਨੰਨ੍ਹੇ ਬੱਚਿਆਂ ਲਈ ਗਰਮੀ ਤੋਂ ਰਾਹਤ ਦੇਣ ਲਈ ਵਾਟਰ ਕੂਲਰ ਭੇਟ ਕੀਤਾ ਗਿਆ, ਜੋ ਗਰਮੀ ਕਰਕੇ ਵੀ ਸੀ, ਜਿਸ ਵਿੱਚ ਜਗਤਾਰ ਸਿੰਘ ਭੋਲੀ (ਮੁੱਖ ਸੇਵਾਦਾਰ ਸ਼ਮਸ਼ਾਨਘਾਟ) ਨੇ ਮੋਹਰੀ ਭੂਮਿਕਾ ਨਿਭਾਈ ਤੇ ਨਾਲ ਹਰਦਿਆਲ ਸਿੰਘ (ਬਿਜਲੀ ਵਾਲਾ)) ਹਾਜ਼ਰ ਸੀ। ਸਕੂਲ ਸਟਾਫ਼, ਮੁੱਖ ਅਧਿਆਪਕਾ ਕੁਲਦੀਪ ਕੌਰ, ਹਰਮਿੰਦਰ ਕੌਰ, ਰਮਨਜੀਤ ਕੌਰ, ਜਸਪ੍ਰੀਤ ਕੌਰ ਤੇ ਕੁੱਕ ਮਨਜੀਤ ਕੌਰ ਤੇ ਰਣਜੀਤ ਕੌਰ ਹੋਰਾਂ ਨੇ ਇਸ ਵਾਟਰ ਕੂਲਰ ਲਈ ਦਾਨੀ ਸੱਜਣਾਂ ਦਾ ਧੰਨਵਾਦ ਵੀ ਕੀਤਾ ਗਿਆ।

## ਪਰਸ ਵਾਪਸ ਕੀਤਾ



**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਹਰਸਿਮਰਜੀਤ ਸਿੰਘ ਸਰਾਂ, ਜੋ ਕਚਿਹਰੀਆਂ ਤੋਂ ਆਪਣਾ ਕੰਮ ਕਰਕੇ ਵਾਪਸ ਆ ਰਹੇ ਸਨ ਤਾਂ ਉਨ੍ਹਾਂ ਦਾ ਪਰਸ ਰਸਤੇ ਵਿੱਚ ਡਿੱਗ ਪਿਆ। ਉਹ ਪਰਸ ਸੇਵਕ ਸਿੰਘ ਸੈਦੋਕੇ ਨੂੰ ਰਸਤੇ ਵਿੱਚੋਂ ਡਿੱਗਿਆ ਮਿਲ ਗਿਆ। ਉਸ ਪਰਸ 'ਚ ਜ਼ਰੂਰੀ ਕਾਗਜ਼ ਸਨ ਤਾਂ ਸੇਵਕ ਸਿੰਘ ਵੱਲੋਂ ਹਰਸਿਮਰਜੀਤ ਸਿੰਘ ਸਰਾਂ ਨੂੰ ਪਰਸ ਵਾਪਸ ਕੀਤਾ ਗਿਆ। ਸਰਾਂ ਵੱਲੋਂ ਸੇਵਕ ਸਿੰਘ ਸੈਦੋਕੇ ਦਾ ਧੰਨਵਾਦ ਕੀਤਾ ਗਿਆ।

# ਪੰਜਾਬ ਖੇਤ ਮਜ਼ਦੂਰ ਯੂਨੀਅਨ ਵੱਲੋਂ ਜ਼ਿਲ੍ਹੇ ਭਰ 'ਚ ਮੀਟਿੰਗਾਂ ਦਾ ਦੌਰ ਤੇਜ਼



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪ੍ਰਜਾ)**-ਔਰਤਾਂ ਨੂੰ ਹਜ਼ਾਰ ਰੁਪਏ ਪ੍ਰਤੀ ਮਹੀਨਾ ਦੇਣ, ਪੈਨਸ਼ਨਾਂ ਦੀ ਰਾਸ਼ੀ ਵਧਾ ਕੇ 2500 ਰੁਪਏ ਮਹੀਨਾ ਕਰਨ ਤੇ ਲੋਕ ਪੱਖੀ ਖੇਤੀ ਨੀਤੀ ਲਾਗੂ ਕਰਨ ਵਰਗੇ ਚੋਣ ਵਾਅਦਿਆਂ ਤੋਂ ਮੁੱਕਰੀ ਭਗਵੰਤ ਮਾਨ ਸਰਕਾਰ ਦੀ ਕੈਬਨਿਟ ਮੰਤਰੀ ਬਲਜੀਤ ਕੌਰ ਦੇ ਘਰ ਅੱਗੇ ਪੰਜਾਬ ਖੇਤ ਮਜ਼ਦੂਰ ਯੂਨੀਅਨ ਵੱਲੋਂ 30 ਮਈ ਨੂੰ ਜ਼ਿਲ੍ਹਾ ਪੱਧਰੀ ਧਰਨੇ ਦੀ ਤਿਆਰੀ ਸਬੰਧੀ ਜ਼ਿਲ੍ਹੇ ਦੇ ਪਿੰਡਾਂ ਭੁੱਟੀ ਵਾਲਾ, ਖੁਨਣ ਖੁਰਦ, ਦੂਹੇ ਵਾਲਾ ਕਿੱਲਿਆਂਵਾਲੀ, ਸਿੰਘੇ ਵਾਲਾ, ਭਾਗੂ, ਮਹਿਣਾ, ਗੱਗੜ, ਖੁੰਡੇ ਹਲਾਲ, ਚੜੇਵਾਨ, ਥਾਂਦੇਵਾਲਾ, ਮਹਾਂਬੱਧਰ, ਭਾਗਸਰ, ਗੰਧੜ, ਖੁਨਣ ਕਲਾਂ, ਸ਼ੇਰਗੜ੍ਹ, ਤਰਖਾਣਵਾਲਾ, ਤਾਮਕੋਟ ਮਹਿਰਾਜ ਵਾਲਾ ਫਿਰਕੀਆਂ ਵਾਲਾ ਆਦਿ ਪਿੰਡਾਂ ਵਿੱਚ ਮੀਟਿੰਗਾਂ ਕੀਤੀਆਂ ਗਈਆਂ। ਮੀਟਿੰਗਾਂ ਨੂੰ ਜ਼ਿਲ੍ਹਾ ਪ੍ਰਧਾਨ ਕਾਸ਼ ਸਿੰਘ ਭੁੱਟੀ ਵਾਲਾ, ਕਾਕਾ ਸਿੰਘ ਖੁੰਡੇ ਹਲਾਲ, ਰਾਜਾ ਸਿੰਘ ਖੂਨਣ ਖੁਰਦ, ਕਾਲਾ ਸਿੰਘ ਖੂਨਣ ਖੁਰਦ, ਤਰਸੇਮ ਸਿੰਘ ਖੁੰਡੇ ਹਲਾਲ, ਕਾਲਾ ਸਿੰਘ ਸਿੰਘੇ ਵਾਲਾ, ਜਸਵਿੰਦਰ ਸਿੰਘ ਸੰਗੂਧੌਣ, ਜਸਵਿੰਦਰ ਕੌਰ ਦਬੜਾ ਨੇ ਸੰਬੋਧਨ ਕੀਤਾ।

ਯੂਨੀਅਨ ਆਗੂਆਂ ਨੇ ਦੋਸ਼ ਲਾਇਆ ਕਿ ਪਿੰਡਾਂ ਦੀਆਂ ਸੱਥਾਂ 'ਚ ਚੱਲਣ ਵਰਗੇ ਲੁਭਾਉਣੇ ਨਾਹਰਿਆਂ ਨਾਲ ਸੱਤਾ 'ਚ ਆਈ ਭਗਵੰਤ ਮਾਨ ਸਰਕਾਰ ਚੋਣ ਵਾਅਦਿਆਂ ਨੂੰ ਭੁੱਲ ਕੇ ਮਜ਼ਦੂਰ ਤੇ ਲੋਕ ਦੋਖੀ ਨੀਤੀਆਂ ਲਾਗੂ ਕਰ ਰਹੀ ਹੈ। ਉਨ੍ਹਾਂ ਆਖਿਆ ਚੋਣਾਂ ਤੋਂ ਪਹਿਲਾਂ ਭਗਵੰਤ ਮਾਨ ਤੇ ਕੇਜਰੀਵਾਲ ਵੱਲੋਂ ਮੈਨੀਫੈਸਟੋ ਦੀ ਥਾਂ ਚੋਣ ਗਰੰਟੀਆਂ ਦਿੱਤੀਆਂ ਗਈਆਂ ਸਨ ਤੇ ਔਰਤਾਂ ਨੂੰ ਹਜ਼ਾਰ ਰੁਪਏ ਦੇਣ ਲਈ 8500 ਕਰੋੜ ਰੁਪਏ ਦੀ ਲੋੜੀਂਦੀ ਰਾਸ਼ੀ ਤੋਂ ਢਾਈ ਗੁਣਾਂ ਰਾਸ਼ੀ ਯਾਨੀ 20 ਹਜ਼ਾਰ ਕਰੋੜ ਰੁਪਏ ਸਿਫ਼ਰ ਵਿਆਜ ਤੇ ਮਾਫ਼ੀਏ ਨੂੰ ਰੋਕ ਪਾ ਕੇ ਬੱਜਟ ਜੁਟਾਉਣ ਵਰਗੇ ਪਖੰਡੀ ਵਾਅਦੇ ਕੀਤੇ ਗਏ ਸਨ।

ਆਗੂਆਂ ਨੇ ਆਖਿਆ ਕਿ ਖੇਤੀ ਸੈਕਟਰ 'ਚ ਕਾਰਪੋਰੇਟ ਪੱਖੀ ਖੇਤੀ ਨੀਤੀ ਤਹਿਤ ਲਿਆਂਦੀ ਤਕਨੀਕ ਤੇ ਮਸ਼ੀਨਰੀ ਨੇ ਖੇਤ ਮਜ਼ਦੂਰਾਂ ਦਾ ਰੁਜ਼ਗਾਰ ਖੋਹਣ ਤੋਂ ਇਲਾਵਾ ਪਸ਼ੂ ਪਾਲਣ ਦਾ ਧੰਦਾ ਵੀ ਉਜਾੜ ਦਿੱਤਾ ਤੇ ਲੱਕੜ ਬਾਲਣ ਦਾ ਗੰਭੀਰ ਸੰਕਟ ਖੜਾ ਕਰ ਦਿੱਤਾ, ਜੋ ਮੋੜਵੇਂ ਰੂਪ 'ਚ ਮਜ਼ਦੂਰਾਂ ਕਿਸਾਨਾਂ ਸਿਰ ਕਰਜ਼ੇ ਚੜ੍ਹਾਉਣ ਤੇ ਖ਼ੁਦਕੁਸ਼ੀਆਂ ਕਰਨ ਲਈ ਮਜਬੂਰ ਕਰ ਰਿਹਾ ਹੈ।

ਉਨ੍ਹਾਂ ਆਖਿਆ ਕਿ ਭਗਵੰਤ ਮਾਨ ਸਰਕਾਰ ਇਸ ਸੰਕਟ ਨੂੰ ਹੱਲ ਕਰਨ ਲਈ ਮਜ਼ਦੂਰ ਕਿਸਾਨ ਪੱਖੀ ਖੇਤੀ ਨੀਤੀ ਲਾਗੂ ਕਰਨ ਦੇ ਚੋਣ ਵਾਅਦੇ ਤੋਂ ਵੀ ਮੁੱਕਰ ਗਈ ਹੈ ਤੇ ਮਜ਼ਦੂਰਾਂ ਕਿਸਾਨਾਂ ਨੂੰ ਹੋਰ ਉਜਾੜੇ ਮੂੰਹ ਧੱਕਣ ਵਾਲੀਆਂ ਨੀਤੀਆਂ ਲਾਗੂ ਕਰ ਰਹੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਝੋਨਾ ਲਵਾਈ ਦਾ ਜੋ ਮਾੜਾ ਮੋਟਾ ਕੰਮ ਖੇਤ ਮਜ਼ਦੂਰਾਂ ਨੂੰ ਮਿਲਦਾ ਸੀ, ਹੁਣ ਮਾਨ ਸਰਕਾਰ ਪੰਜ ਲੱਖ ਏਕੜ 'ਚ ਝੋਨੇ ਦੀ ਸਿੱਧੀ ਬਿਜਾਈ ਕਰਾਉਣ ਰਾਹੀਂ ਇਸ ਨਿਗੂਣੇ ਰੁਜ਼ਗਾਰ ਨੂੰ ਖੋਹਣ ਰਾਹੀਂ ਮਜ਼ਦੂਰਾਂ ਨਾਲ ਧ੍ਰੋਹ ਕਮਾ ਰਹੀ ਹੈ।

ਆਗੂਆਂ ਨੇ ਆਖਿਆ ਕਿ 30 ਮਈ ਨੂੰ ਕੈਬਨਿਟ ਮੰਤਰੀ ਬਲਜੀਤ ਕੌਰ ਦੇ ਘਰ ਅੱਗੇ ਲੱਗਣ ਵਾਲੇ ਧਰਨੇ ਨੂੰ ਸਫ਼ਲ ਬਣਾਉਣ ਲਈ ਮੀਟਿੰਗਾਂ ਪਿੰਡਾਂ 'ਚ ਲੋਕਾਂ ਵਿੱਚ ਲੋਕਾਂ ਦਾ ਭਰਵਾਂ ਹੁੰਗਾਰਾ ਮਿਲ ਰਿਹਾ ਹੈ।

# ਆਸ਼ੂ ਬਾਂਗੜ ਦੀ ਅਗਵਾਈ 'ਚ 32 ਪਰਵਾਰ ਕਾਂਗਰਸ 'ਚ ਸ਼ਾਮਲ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪਿੰਡ ਨੂਰਪੁਰ ਸੇਠਾਂ ਤੋਂ ਕਾਂਗਰਸ ਪਾਰਟੀ ਨੂੰ ਉਸ ਵੇਲੇ ਵੱਡਾ ਬੱਲ ਮਿਲਿਆ, ਜਦ ਸ਼੍ਰੋਮਣੀ ਅਕਾਲੀ ਦਲ ਤੇ ਆਪ ਨੂੰ ਛੱਡ ਕੇ 32 ਪਰਵਾਰ ਹਲਕਾ ਇੰਚਾਰਜ ਅਮਰਦੀਪ ਸਿੰਘ ਆਸ਼ੂ ਬਾਂਗੜ ਦੀ ਅਗਵਾਈ ਵਿੱਚ ਕਾਂਗਰਸ 'ਚ ਸ਼ਾਮਲ ਹੋਏ। ਜਾਣਕਾਰੀ ਸਾਂਝੀ ਕਰਦਿਆਂ ਆਸ਼ੂ ਬਾਂਗੜ ਨੇ ਦੱਸਿਆ ਕਿ ਪਿੰਡ ਨੂਰਪੁਰ ਸੇਠਾਂ ਤੋਂ ਆਗੂ ਮਿੱਟੂ ਪ੍ਰਧਾਨ ਦੇ ਗ੍ਰਹਿ ਵਿਖੇ ਵਰਕਰ ਮੀਟਿੰਗ ਰੱਖੀ ਗਈ ਸੀ, ਜਿੱਥੇ ਬਹੁਤ ਹੀ ਵਧੀਆ ਹੁੰਗਾਰਾ ਮਿਲਿਆ ਤੇ ਕਾਂਗਰਸ ਪਾਰਟੀ ਦੀਆਂ ਲੋਕ ਪੱਖੀ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਅਕਾਲੀ ਦਲ ਤੇ ਆਮ ਆਦਮੀ ਪਾਰਟੀ ਨੂੰ ਹਮੇਸ਼ਾ ਲਈ ਅਲਵਿਦਾ ਕਹਿ ਕੇ ਕਾਂਗਰਸ ਵਿੱਚ ਸ਼ਾਮਲ ਹੋਣ ਵਾਲਿਆਂ ਵਿੱਚ ਗੁਰਬਖਸ਼ ਸਿੰਘ ਵਿਰਦੀ, ਮਹਿੰਦਰ ਸਿੰਘ ਵਿਰਦੀ, ਬਲਕਾਰ ਸਿੰਘ ਵਿਰਦੀ, ਰਮੇਸ਼ ਪੁਰੀ, ਪਾਲੀ ਪੁਰੀ, ਪਰਮਜੀਤ ਪੁਰੀ, ਸਰਬਜੀਤ ਸਿੰਘ ਰਲਵਾਣੀ, ਕੇਅਰ ਸਿੰਘ, ਮਹਿੰਦਰ ਸਿੰਘ ਸੰਧੂ, ਕੁਲਦੀਪ ਸਿੰਘ ਸੰਧੂ, ਹਰਪ੍ਰੀਤ ਸਿੰਘ ਸੰਧੂ, ਸੁਖਵਿੰਦਰ ਸਿੰਘ ਸੰਧੂ, ਸੁਖਦੇਵ ਸ਼ਰਮਾ, ਮੰਗਤ ਰਾਮ ਗਲੋਤਰਾ, ਲਖਵਿੰਦਰ ਸਿੰਘ ਸੰਧੂ, ਜਗਜੀਤ ਸਿੰਘ, ਗੁਰਚਰਨ ਸਿੰਘ ਸੰਧੂ, ਹੀਰਾ ਲਾਲ ਸ਼ਰਮਾ, ਸੋਹਨ ਸਿੰਘ ਸੱਗੂ, ਮਨਪ੍ਰੀਤ ਸਿੰਘ, ਵਿਜੇ ਸ਼ਰਮਾ, ਦੀਪਾ ਸੋਈ, ਪ੍ਰੀਤਮ ਸਿੰਘ ਪਰਜਾਪਤ, ਸੁਰਿੰਦਰ ਪਾਲ ਚੌਧਰੀ, ਹਰਦੇਵ ਸਿੰਘ, ਕਰਨਵੀਰ ਸਿੰਘ ਸੰਧੂ, ਬੋਹੜ ਸਿੰਘ ਮਠਾੜੂ, ਸ਼ੇਰ ਸਿੰਘ ਪ੍ਰਜਾਪਤ, ਸਨੀ, ਡਾਕਟਰ ਗੁਲਜ਼ਾਰ ਸਿੰਘ, ਗਗਨਦੀਪ ਸਿੰਘ ਕਾਂਗਰਸ 'ਚ ਸ਼ਾਮਲ ਹੋਏ ਹਨ, ਜਿਨ੍ਹਾਂ ਨੂੰ ਪਾਰਟੀ ਵਿਚ ਬਣਦਾ ਮਾਨ ਸਨਮਾਨ ਦਿੱਤਾ ਜਾਵੇਗਾ। ਇਸ ਮੌਕੇ ਸੀਨੀਅਰ ਆਗੂ ਕਸ਼ਮੀਰ ਸਿੰਘ ਲੋਹਗੜ੍ਹ, ਸਤਨਾਮ ਫਰੀਦੇ ਵਾਲਾ, ਸੁਖਜੀਤ ਸਿੰਘ ਗੋਗੀ ਪਿਆਰੇਆਣਾ, ਰਵਿੰਦਰ ਸਿੰਘ ਤੂਤ, ਬਲਾਕ ਪ੍ਰਧਾਨ ਗੁਰਬਖਸ਼ ਸਿੰਘ ਭਾਵੜਾ, ਕਮਲਪ੍ਰੀਤ ਸਿੰਘ ਬਲਾਕ ਪ੍ਰਧਾਨ, ਸਾਬਕਾ ਬਲਾਕ ਪ੍ਰਧਾਨ ਲੱਖਾ ਜੋਸਣ, ਬਲਦੇਵ ਸਿੰਘ ਰੱਤਾ ਖੇੜਾ, ਮਨੀਸ਼ ਸੁਲਤਾਨੀ, ਗੋਪੀ ਔਲਖ, ਮਨਪ੍ਰੀਤ ਭੁੱਲਰ, ਸੁਲੱਖਣ ਸੁਲਿਆਣੀ, ਜੋਬਨਜੀਤ ਸਿੰਘ ਧਾਲੀਵਾਲ, ਕੰਵਲ ਸਰਪੰਚ, ਪੀਏ ਤਰੁਣ ਬੁੱਟਰ, ਜਸਮੀਤ ਸਿੰਘ ਸਰਪੰਚ ਲੋਹਗੜ੍ਹ, ਹਰਬੰਸ ਸਿੰਘ ਸਰਪੰਚ, ਲਖਵਿੰਦਰ ਸਿੰਘ, ਬਿੱਟੂ ਸਰਪੰਚ, ਪ੍ਰਭਜਿੰਦਰ ਸਿੰਘ ਸੰਧੂ, ਰਜੇਸ਼ ਪੰਡਤ, ਜਸੰਦਰ ਮਕਸੀਤ ਸਿੰਘ ਝੋਕ ਹਰੀ ਹਰ ਤੋਂ ਇਲਾਵਾ ਗੁਰਦੀਪ ਪਰਵਾਰ, ਸੰਧੂ ਪਰਵਾਰ, ਜੰਡੂ ਪਰਵਾਰ, ਪੁਰੀ ਪਰਵਾਰ, ਚੌਧਰੀ ਪਰਵਾਰ, ਸ਼ਰਮਾ ਪਰਵਾਰ, ਪਰਜਾਪਤੀ ਪਰਵਾਰ ਹਾਜ਼ਰ ਸਨ।

## ਹਾਈਪਰਟੈਂਸ਼ਨ ਸੰਬੰਧੀ ਸਮਾਗਮ 17 ਤੱਕ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸੀਨੀਅਰ ਮੈਡੀਕਲ ਅਫ਼ਸਰ ਬਾਲਿਆਂਵਾਲੀ ਡਾਕਟਰ ਸ਼ੈਲੀ ਅਰੋੜਾ ਦੀ ਅਗਵਾਈ ਹੇਠ ਸਿਹਤ ਵਿਭਾਗ ਵੱਲੋਂ 17 ਮਈ ਤੋਂ 17 ਜੂਨ ਤੱਕ ਵਿਸ਼ੇਸ਼ ਹਾਇਪਰਟੈਂਸ਼ਨ ਮਹੀਨਾਵਾਰ ਗਤੀਵਿਧੀਆਂ ਕੀਤੀਆਂ ਜਾ ਰਹੀਆਂ ਹਨ। ਸੀ ਐੱਚ ਓ ਡਾਕਟਰ ਯੋਗਿਤਾ ਨੇ ਦੱਸਿਆ ਕਿ ਇਸ ਸਾਲ ਦਾ ਥੀਮ ਹੈ, ਆਪਣੇ ਬਲੱਡ ਪ੍ਰੈਸ਼ਰ ਨੂੰ ਸਹੀ ਢੰਗ ਨਾਲ ਮਾਪੋ, ਇਸ ਨੂੰ ਕੰਟਰੋਲ ਕਰੋ, ਲੰਬੇ ਸਮੇਂ ਤੱਕ ਜੀਓ' ਪਿੰਡ ਕੋਟੜਾ ਕੌੜਾ ਦੇ ਗੁਰਦੁਆਰਾ ਸਾਹਿਬ ਵਿਖੇ ਮੌਜੂਦ ਲੋਕਾਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਹਾਈ ਬਲੱਡ ਪ੍ਰੈਸ਼ਰ, ਜਿਸਨੂੰ ਹਾਈਪਰਟੈਨਸ਼ਨ ਵੀ ਕਿਹਾ ਜਾਂਦਾ ਹੈ, ਇੱਕ ਆਮ ਸਿਹਤ ਸਮੱਸਿਆ ਹੈ।ਇਹ ਉਦੋਂ ਹੁੰਦਾ ਹੈ, ਜਦੋਂ ਖੂਨ ਦੀਆਂ ਨਾੜੀਆਂ ਵਿੱਚ ਬਲੱਡ ਪ੍ਰੈਸ਼ਰ ਆਮ ਨਾਲੋਂ ਵੱਧ ਹੁੰਦਾ ਹੈ।ਇਸ ਦੇ ਕਾਰਨਾਂ ਵਿੱਚ ਗੈਰ-ਸਿਹਤਮੰਦ ਜੀਵਨ ਸ਼ੈਲੀ, ਜ਼ਿਆਦਾ ਨਮਕ ਦਾ ਸੇਵਨ, ਮੋਟਾਪਾ, ਤਣਾਅ ਤੇ ਜੈਨੇਟਿਕ ਕਾਰਕ ਸ਼ਾਮਲ ਹਨ।ਇਸਦੇ ਲੱਛਣ ਅਕਸਰ ਸਪੱਸ਼ਟ ਨਹੀਂ ਹੁੰਦੇ, ਪਰ ਇਨ੍ਹਾਂ ਵਿੱਚ ਸਿਰ ਦਰਦ, ਚੱਕਰ ਆਉਣੇ, ਥਕਾਵਟ ਤੇ ਨੱਕ ਵਗਣਾ ਸ਼ਾਮਲ ਹੋ ਸਕਦਾ ਹੈ।ਹਾਈ ਬਲੱਡ ਪ੍ਰੈਸ਼ਰ ਦੇ ਇਲਾਜ ਵਿੱਚ ਸੰਤੁਲਤ ਖੁਰਾਕ, ਨਿਯਮਤ ਕਸਰਤ, ਤਣਾਅ ਪ੍ਰਬੰਧਨ ਅਤੇ ਸਮੇਂ-ਸਮੇਂ 'ਤੇ ਡਾਕਟਰੀ ਜਾਂਚ ਸ਼ਾਮਲ ਹੈ।

# ਪੰਜਾਬੀ ਸਾਹਿਤ ਸਭਾ ਭੈਣੀ ਸਾਹਿਬ ਦੀ ਮੀਟਿੰਗ 'ਚ ਕਿਤਾਬ 'ਚਾਨਣ ਬਨਾਮ ਹਨੇਰਾ' 'ਤੇ ਚਰਚਾ



**ਸਮਰਾਲਾ/ਖੰਨਾ (ਸੁਰਜੀਤ ਸਿੰਘ/ਸੁਖਵਿੰਦਰ ਸਿੰਘ ਭਾਦਲਾ)**-ਪੰਜਾਬੀ ਸਾਹਿਤ ਸਭਾ ਸ਼੍ਰੀ ਭੈਣੀ ਸਾਹਿਬ ਦੀ ਮਹੀਨਾਵਾਰ ਮੀਟਿੰਗ ਨਿਊ ਹਾਲ ਲਾਟੋਂ ਰੋਡ ਵਿਖੇ ਗੁਰਸੇਵਕ ਸਿੰਘ ਢਿੱਲੋਂ ਦੀ ਪ੍ਰਧਾਨਗੀ ਹੇਠ ਹੋਈ।ਸਮੂਹ ਸਾਹਿਤ ਸਭਾਵਾਂ ਤੇ ਸਾਹਿਤਕਾਰ ਸਾਥੀਆਂ ਦੇ ਸਾਥ ਨਾਲ ਇਹ ਮੀਟਿੰਗ ਸਮਾਗਮ ਦਾ ਰੂਪ ਧਾਰਨ ਕਰ ਗਈ।ਸ਼ੁਰੂਆਤੀ ਦੌਰ ਵਿੱਚ ਉੱਘੇ ਵਿਦਵਾਨ ਡਾ ਰਤਨ ਸਿੰਘ ਜੱਗੀ, ਸ਼ਾਇਰ ਤਜੁੰਮਲ ਕਲੀਮ ਦੇ ਜੀਵਨ ਬਾਰੇ ਗੁਰਸੇਵਕ ਸਿੰਘ ਢਿੱਲੋਂ ਨੇ ਸੰਖੇਪ ਜਾਣਕਾਰੀ ਸਾਂਝੀ ਕੀਤੀ ਤੇ ਸਭਾ ਵੱਲੋਂ ਇਨ੍ਹਾਂ ਦੇ ਅਕਾਲ ਚਲਾਣੇ 'ਤੇ ਸ਼ੋਕ ਮਤਾ ਪਾਇਆ ਗਿਆ।ਲੇਖਕ ਨੇਤਰ ਸਿੰਘ ਮੁੱਤੋਂ ਦੀ ਕਿਤਾਬ 'ਚਾਨਣ ਬਨਾਮ ਹਨੇਰਾ' ਮਿੰਨੀ ਕਹਾਣੀ ਸੰਗ੍ਰਹਿ ਬਾਰੇ ਵਿਚਾਰ ਚਰਚਾ ਹੋਈ।

ਕਹਾਣੀਕਾਰ ਸੁਰਿੰਦਰ ਰਾਮਪੁਰੀ, ਮਾਸਟਰ ਜਗਦੇਵ ਸਿੰਘ ਘੁੰਗਰਾਲੀ, ਲੇਖਕ ਤੇ ਪੱਤਰਕਾਰ ਬਲਬੀਰ ਸਿੰਘ ਬੱਬੀ, ਲੇਖਕ ਹਰਨਾਮ ਸਿੰਘ ਡੱਲਾ, ਲੇਖਕ ਨੇਤਰ ਸਿੰਘ ਮੁੱਤੋ ਅਤੇ ਗੁਰਸੇਵਕ ਸਿੰਘ ਢਿੱਲੋਂ ਨੇ ਸਮਾਗਮ ਦੀ ਪ੍ਰਧਾਨਗੀ ਕੀਤੀ ਤੇ ਮਿੰਨੀ ਕਹਾਣੀ ਦੇ ਵਿਧੀ ਵਿਧਾਨ ਬਾਰੇ ਲੇਖਕਾਂ ਨਾਲ ਜਾਣਕਾਰੀ ਸਾਂਝੀ ਕੀਤੀ।ਲੇਖਿਕਾ ਰਜਿੰਦਰ ਕੌਰ ਪੰਨੂੰ, ਲੇਖਿਕਾ ਜਸਵੀਰ ਕੌਰ ਜੱਸੀ ਨੇ ਵੀ ਮਿੰਨੀ ਕਹਾਣੀ ਦੀ ਬਣਤਰ ਬਾਰੇ ਕੁਝ ਨੁਕਤੇ ਸਾਂਝੇ ਕੀਤੇ।

ਗ਼ਜ਼ਲਗੋ ਜ਼ੋਰਾਵਰ ਸਿੰਘ ਪੰਛੀ ਦੁਆਰਾ ਲਿਖੇ ਤੇ ਗਾਇਕਾ ਸੰਗੀਤਾ ਕਪੂਰ ਵੱਲੋਂ ਗਾਏ ਗੀਤ 'ਸਿਰਸਾ ਕੰਢੇ ਵਿਛੋੜਾ' ਬਾਰੇ ਗੱਲਬਾਤ ਹੋਈ ਤੇ ਗੀਤ ਦਾ ਪੋਸਟਰ ਲੋਕ ਅਰਪਣ ਕੀਤਾ ਗਿਆ।ਇਸ ਤੋਂ ਇਲਾਵਾ ਬਾਰ੍ਹਵੀਂ ਜਮਾਤ ਵਿੱਚੋਂ ਚੰਗੇ ਨੰਬਰ ਲੈ ਕੇ ਪਾਸ ਹੋਈਆਂ 2 ਵਿਦਿਆਰਥਣਾਂ ਗੁਰਲੀਨ ਕੌਰ ਤੇ ਮਹਿਕਪ੍ਰੀਤ ਕੌਰ ਨੂੰ ਸਭਾ ਵੱਲੋਂ ਸਨਮਾਨਤ ਕੀਤਾ ਗਿਆ।ਸਮਾਗਮ ਵਿੱਚ ਸਰਪੰਚ ਬਹਾਦਰ ਸਿੰਘ ਸ਼੍ਰੀ ਭੈਣੀ ਸਾਹਿਬ ਤੇ ਪਰਮਜੀਤ ਸਿੰਘ ਪੰਚ ਨੇ ਵੀ ਸ਼ਿਰਕਤ ਕੀਤੀ।ਦੂਜੇ ਸੈਸ਼ਨ ਵਿੱਚ ਕਵੀ ਦਰਬਾਰ ਹੋਇਆ, ਜਿਸਦੀ ਪ੍ਰਧਾਨਗੀ ਕਵੀਸ਼ਰ ਪ੍ਰੀਤ ਸਿੰਘ ਸੰਦਲ ਮਕਸੂਦੜਾ, ਜ਼ੋਰਾਵਰ ਸਿੰਘ ਪੰਛੀ, ਜਗਮੋਹਨ ਸਿੰਘ ਟਮਕੌਂਡੀ, ਹਰਬੰਸ ਸਿੰਘ ਰਾਏ ਤੇ ਜਸਵੀਰ ਕੌਰ ਜੱਸੀ ਨੇ ਕੀਤੀ।

ਹਾਜ਼ਰ ਸ਼ਾਇਰਾਂ ਵਿੱਚ ਗੀਤਕਾਰ ਕਰਨੈਲ ਸਿੰਘ ਸਿਵੀਆ, ਪੱਪੂ ਬਲਵੀਰ, ਬਲਵੰਤ ਸਿੰਘ ਵਿਰਕ, ਅਵਤਾਰ ਸਿੰਘ ਓਟਾਲਾਂ, ਗੀਤ ਗੁਰਜੀਤ, ਮੀਤ ਪਾਣੀਪਤ, ਜੋਗਾ ਸਿੰਘ ਕਵੀਸ਼ਰ ਭੰਗੂਰ, ਸੁਖਵਿੰਦਰ ਸਿੰਘ ਭਾਦਲਾ, ਗਾਇਕ ਜਗਤਾਰ ਰਾਈਆ, ਦਲਬੀਰ ਸਿੰਘ ਕਲੇਰ, ਜਗਦੇਵ ਮਕਸੂਦੜਾ, ਹਰਬੰਸ ਸਿੰਘ ਸ਼ਾਨ ਬਗਲੀ, ਮਨਜੀਤ ਸਿੰਘ ਰਾਗੀ, ਸਵਿੰਦਰ ਸਿੰਘ ਲੁਧਿਆਣਾ, ਸ਼ਾਮ ਸਿੰਘ ਭੈਣੀ ਸਾਹਿਬ, ਪੰਮੀ ਹਬੀਬ, ਮਨਦੀਪ ਸਿੰਘ ਮਾਣਕੀ, ਦਰਸ਼ਨ ਸਿੰਘ ਭਾਗਪੁਰ, ਬਲਦੇਵ ਸਿੰਘ ਰੋਹਣੋ, ਗੁਰਬਾਗ ਸਿੰਘ ਰਾਈਆਂ, ਚੰਨਪ੍ਰੀਤ ਸਿੰਘ ਆਦਿਕ ਨੇ ਰਚਨਾਵਾਂ ਦਾ ਪਾਠ ਕੀਤਾ।ਸਮਾਗਮ ਦੀ ਕਵਰੇਜ਼ ਪੱਤਰਕਾਰ ਬਲਬੀਰ ਸਿੰਘ ਬੱਬੀ ਅਤੇ ਲਖਵੀਰ ਸਿੰਘ ਲੱਭੇ ਨੇ ਕੀਤੀ।ਸਟੇਜ ਸੰਚਾਲਨ ਦੀ ਭੂਮਿਕਾ ਜਗਵੀਰ ਸਿੰਘ ਵਿੱਕੀ, ਤਰਨ ਸਿੰਘ ਬੱਲ ਨੇ ਬਹੁਤ ਹੀ ਭਾਵਪੂਰਕ ਅੰਦਾਜ਼ ਵਿੱਚ ਨਿਭਾਈ।

# 'ਯੁੱਧ ਨਸ਼ਿਆਂ ਵਿਰੁੱਧ' ਪੰਜਾਬ ਦੇ ਰੰਗਲੇ ਭਵਿੱਖ ਦੀ ਗਰੰਟੀ : ਗੋਲਡੀ



**ਜਲਾਲਾਬਾਦ (ਜੀਤ ਕੁਮਾਰ)**-ਵਿਧਾਇਕ ਜਗਦੀਪ ਕੰਬੋਜ ਗੋਲਡੀ ਨੇ ਕਿਹਾ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਅਸਲ ਵਿੱਚ ਰੰਗਲੇ ਪੰਜਾਬ ਦੇ ਭਵਿੱਖ ਦੀ ਗਾਰੰਟੀ ਹੈ। ਉਨ੍ਹਾਂ ਕਿਹਾ ਕਿ ਜਦ ਸਾਡਾ ਸਮਾਜ ਨਸ਼ਾ ਮੁਕਤ ਹੋਵੇਗਾ ਤਾਂ ਹੀ ਰੰਗਲੇ ਪੰਜਾਬ ਦਾ ਸੰਕਲਪ ਸਿੱਧ ਹੋਵੇਗਾ। ਉਨ੍ਹਾਂ ਕਿਹਾ ਕਿ ਇਸੇ ਲਈ ਪਿੰਡ-ਪਿੰਡ ਜਾਗਰੂਕਤਾ ਸਮਾਗਮ ਕਰਕੇ ਲੋਕਾਂ ਨੂੰ ਇਸ ਮੁਹਿੰਮ ਨਾਲ ਜੋੜਿਆ ਜਾ ਰਿਹਾ ਹੈ। ਉਨ੍ਹਾਂ ਨੇ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਲੋਕ ਨਸ਼ਾ ਤਸਕਰਾਂ ਦੀ ਸੂਚਨਾ ਪੁਲਸ ਨੂੰ ਦੇਣ। ਉਨ੍ਹਾਂ ਨੇ ਕਿਹਾ ਕਿ ਨਸ਼ਾ ਮੁਕਤੀ ਯਾਤਰਾ ਵਿੱਚ ਲੋਕਾਂ ਦੀ ਵਧ ਰਹੀ ਸ਼ਮੂਲੀਅਤ ਇਸ ਗੱਲ ਦਾ ਪ੍ਰਮਾਣ ਹੈ ਕਿ ਹੁਣ ਇਹ ਇਕ ਲੋਕ ਲਹਿਰ ਬਣ ਗਈ ਹੈ। ਪਿੰਡ ਝੁੱਗੇ ਫੰਗੀਆਂ ਵਿਖੇ ਵਿਧਾਇਕ ਜਗਦੀਪ ਕੰਬੋਜ ਗੋਲਡੀ ਨੇ ਪਿੰਡ ਵਾਸੀਆਂ ਨੂੰ ਦੱਸਿਆ ਕਿ ਸਰਕਾਰ ਵੱਲੋਂ ਲੋਕਾਂ ਦੇ ਸਮਾਜਿਕ-ਆਰਥਿਕ ਵਿਕਾਸ ਲਈ ਵੱਡੇ ਪੱਧਰ ਤੇ ਉਪਰਾਲੇ ਕੀਤੇ ਗਏ ਹਨ। ਉਨ੍ਹਾਂ ਆਖਿਆ ਕਿ ਰਾਜ ਵਿੱਚ 52 ਹਜ਼ਾਰ ਤੋਂ ਵੱਧ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ। ਸਕੂਲ ਆਫ਼ ਐਮੀਨੈਂਸ ਬਣਾਏ ਗਏ ਹਨ। ਲੋਕਾਂ ਤੱਕ ਸਾਫ ਪੀਣ ਦਾ ਪਾਣੀ ਪੁੱਜਦਾ ਕਰਨ ਲਈ ਹਲਕੇ ਦੇ ਪਿੰਡ ਘੱਟਿਆਂਵਾਲੀ ਬੋਦਲਾ ਵਿੱਚ 421 ਕਰੋੜ ਰੁਪਏ ਨਾਲ ਨਵਾਂ ਵਾਟਰ ਵਰਕਸ ਬਣਾਇਆ ਜਾ ਰਿਹਾ ਹੈ, ਜਿੱਥੋਂ 223 ਪਿੰਡਾਂ ਤੱਕ ਸਾਫ ਪੀਣ ਦਾ ਪਾਣੀ ਪਹੁੰਚੇਗਾ। ਖੇਤਾਂ ਤੱਕ ਨਹਿਰੀ ਪਾਣੀ ਦਿੱਤਾ ਜਾ ਰਿਹਾ ਹੈ।

## ਤੂਫਾਨ ਨੇ ਆਸਲ 'ਚ ਗੋਦਾਮਾਂ ਦੀਆਂ ਛੱਤਾਂ ਨੂੰ ਨੁਕਸਾਨ ਪਹੁੰਚਾਇਆ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਬੀਤੇ ਦਿਨੀਂ ਆਏ ਆਸਲ ਪਿੰਡ ਵਿੱਚ ਤੇਜ਼ ਹਵਾਵਾਂ ਨੇ ਕਈ ਗੋਦਾਮਾਂ ਨੂੰ ਕਾਫ਼ੀ ਨੁਕਸਾਨ ਪਹੁੰਚਾਇਆ, ਜਿਨ੍ਹਾਂ ਵਿੱਚ ਪੰਜਾਬ ਰਾਜ ਵੇਅਰਹਾਊਸਿੰਗ ਕਾਰਪੋਰੇਸ਼ਨ ਦੁਆਰਾ ਕਿਰਾਏ 'ਤੇ ਦਿੱਤੇ ਗਏ ਗੋਦਾਮ ਵੀ ਸ਼ਾਮਲ ਸਨ। ਤੂਫਾਨ ਕਾਰਨ ਅੰਦਾਜ਼ਨ 5 ਤੋਂ 6 ਲੱਖ ਦਾ ਵਿੱਤੀ ਨੁਕਸਾਨ ਹੋਇਆ ਹੈ। ਮੁੱਖ ਤੌਰ 'ਤੇ ਗੁਦਾਮਾਂ ਦੀਆਂ ਛੱਤਾਂ ਉੱਡ ਜਾਣ ਕਾਰਨ ਪ੍ਰਭਾਵਿਤ ਗੋਦਾਮਾਂ ਵਿੱਚੋਂ ਇੱਕ, ਜੋ ਕਿ ਰਾਜੇਸ਼ ਕੁਮਾਰ ਤੇ ਹੋਰਾਂ ਦੀ ਮਲਕੀਅਤ ਹੈ ਤੇ ਪੰਜਾਬ ਰਾਜ ਵੇਅਰਹਾਊਸਿੰਗ ਕਾਰਪੋਰੇਸ਼ਨ ਨੂੰ ਕਿਰਾਏ 'ਤੇ ਦਿੱਤਾ ਗਿਆ ਹੈ, ਨੂੰ ਭਾਰੀ ਨੁਕਸਾਨ ਪਹੁੰਚਿਆ। ਵੇਅਰਹਾਊਸ ਦੇ ਮੈਨੇਜਰ ਪ੍ਰੇਮ ਕੁਮਾਰ ਦੇ ਅਨੁਸਾਰ, ਹਾਲਾਂਕਿ ਢਾਂਚਾ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਸੀ, ਪਰ ਅੰਦਰ ਸਟੋਰ ਕੀਤਾ ਗਿਆ ਸਟਾਕ ਸੁਰੱਖਿਅਤ ਰਿਹਾ। ਖੁਸ਼ਕਿਸਮਤੀ ਨਾਲ, ਕੋਈ ਜਾਨੀ ਨੁਕਸਾਨ ਨਹੀਂ ਹੋਇਆ ਅਤੇ ਸਟੋਰ ਕੀਤੇ ਮਾਲ ਨੂੰ ਕਿਸੇ ਵੀ ਸੰਭਾਵੀ ਨੁਕਸਾਨ ਤੋਂ ਬਚਾਉਣ ਲਈ ਨੁਕਸਾਨੀਆਂ ਗਈਆਂ ਛੱਤਾਂ ਦੀ ਮੁਰੰਮਤ ਲਈ ਤੁਰੰਤ ਕਦਮ ਚੁੱਕੇ ਜਾ ਰਹੇ ਹਨ। ਵੇਅਰਹਾਊਸ ਮਾਲਕਾਂ ਨੇ ਸਟਾਕ ਦੀ ਨਿਰੰਤਰ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਮੁਰੰਮਤ ਦਾ ਕੰਮ ਤੇਜ਼ੀ ਨਾਲ ਸ਼ੁਰੂ ਕਰ ਦਿੱਤਾ ਹੈ। ਇਸ ਘਟਨਾ ਨੇ ਖੇਤਰ ਵਿੱਚ ਅਤਿਅੰਤ ਮੌਸਮੀ ਸਥਿਤੀਆਂ ਦਾ ਸਾਹਮਣਾ ਕਰਨ ਲਈ ਮਜ਼ਬੂਤ ਬੁਨਿਆਦੀ ਢਾਂਚੇ ਦੀ ਜ਼ਰੂਰਤ ਬਾਰੇ ਚਿੰਤਾਵਾਂ ਪੈਦਾ ਕਰ ਦਿੱਤੀਆਂ ਹਨ।

# ਅਮਨ ਸਮਰਾਟ ਸੋਫੀ ਪਿੰਡ ਯੂ ਐੱਨ ਓ ਦੇ 'ਬੁੱਧ ਪੂਰਨਿਮਾ' ਸਮਾਗਮ 'ਚ ਪ੍ਰਤੀਨਿਧ ਵਜੋਂ ਪੁੱਜੇ



**ਜਲੰਧਰ (ਨ ਜ਼ ਸ)**-'ਯੂਨਾਈਟਡ ਨੇਸ਼ਨ ਡੇ ਵਿਸਾਖ 2025' ਅਸਟਰੇਲੀਅਨ ਅਬਸਰਵਾਂਸ ਦੀ 25ਵੀਂ ਵਰ੍ਹੇਗੰਢ ਗਰੇਟ ਹਾਲ, ਪਾਰਲੀਮੈਂਟ ਹਾਊਸ ਕੈਪੀਟਲ ਹਿਲ, ਐਕਟ 2600 ਵਿਖੇ ਫਿਰਕੂ ਸਦਭਾਵਨਾ ਲਈ 'ਵਿਸ਼ਵ ਦੀ ਸ਼ਾਂਤੀ ਦਾ ਇਕ ਹੱਲ' ਵਾਸਤੇ 'ਬੁੱਧ ਪੂਰਨਿਮਾ' ਮਨਾਈ ਗਈ।ਇਸ ਸ਼ੁੱਭ ਅਵਸਰ 'ਤੇ ਅੰਬੇਡਕਰੀ ਤੇ ਬੋਧੀ ਆਗੂ ਸ੍ਰੀ ਗੁਰਮੀਤ ਲਾਲ ਸਾਂਪਲਾ ਤੇ ਮੈਡਮ ਸੰਤੋਸ਼ ਕੁਮਾਰੀ ਸਾਂਪਲਾ ਦੇ ਹੋਣਹਾਰ ਸਪੁੱਤਰ ਸ੍ਰੀ ਅਮਨ ਸਮਰਾਟ ਭਾਰਤੀ ਬੁੱਧਿਸਟ ਕਮਿਊਨਿਟੀ ਆਸਟਰੇਲੀਆ, ਸੋਫੀ ਪਿੰਡ, ਜਲੰਧਰ ਨੂੰ ਵਿਸ਼ੇਸ਼ ਪ੍ਰਤੀਨਿਧ ਤੌਰ 'ਤੇ ਸੱਦਿਆ ਗਿਆ।ਇਨ੍ਹਾਂ ਦੇ ਨਾਲ ਚਾਰ ਹੋਰ ਪ੍ਰਤੀਨਿਧਾਂ ਨੂੰ ਵੀ ਸੱਦਿਆ ਗਿਆ ਹੈ।ਇਥੇ ਯਾਦ ਰਹੇ ਕਿ ਅਮਨ ਸਮਰਾਟ ਦੀ ਪਤਨੀ ਨੇ ਸਪੇਸ ਵਿੱਚ ਪੀ.ਐੱਚ.ਡੀ. ਕੀਤੀ ਹੋਈ ਹੈ, ਜੋ ਬੜੇ ਮਾਣ ਦੀ ਗੱਲ ਹੈ, ਜਿਨ੍ਹਾਂ ਵਿਦੇਸ਼ ਵਿੱਚੋਂ ਅਜਿਹੀ ਡਿਗਰੀ ਪ੍ਰਾਪਤ ਕਰਕੇ ਸਾਂਪਲਾ ਪਰਿਵਾਰ ਦਾ ਨਾਂ ਦੁਨੀਆਂ ਵਿੱਚ ਉੱਚਾ (ਰੌਸ਼ਨ) ਕਰਨ ਦੇ ਨਾਲ-ਨਾਲ ਸਮਾਜ ਵਿੱਚ ਆਪਣਾ ਰੁਤਬਾ ਵਧਾਇਆ ਹੈ।ਜ਼ਿਕਰਯੋਗ ਕਿ ਜਦੋਂ ਤਥਾਗਤ ਬੁੱਧ ਨੇ ਸਾਰਨਾਥ ਵਿੱਚ ਪਹਿਲਾ ਉਪਦੇਸ਼ ਪੰਜ ਭਿਖਸ਼ੂਆਂ ਨੂੰ ਦਿੱਤਾ ਸੀ।ਦੂਸਰਾ ਉਨ੍ਹਾਂ ਨੇ ਪੰਚਸ਼ੀਲ ਵਿੱਚ ਪੰਜ ਪ੍ਰਮੁੱਖ ਨਿਯਮਾਂ 'ਤੇ ਚੱਲਣ ਲਈ ਪ੍ਰੇਰਿਆ।ਯੂ.ਐੱਨ.ਓ. ਵੱਲੋਂ ਮਿਸਟਰ ਅਮਨ ਸਮਰਾਟ ਇੰਡੀਅਨ ਬੁੱਧਿਸਟ, ਆਸਟਰੇਲੀਆ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।ਮਿਸਟਰ ਅਮਨ ਸਮਰਾਟ ਨੇ ਇਸ ਮੌਕੇ ਕਿਹਾ ਕਿ ਤਥਾਗਤ ਬੁੱਧ ਇੱਕ ਅਜਿਹੀ ਸ਼ਖ਼ਸੀਅਤ ਸਨ, ਜਿਸ ਨੇ ਪੂਰੇ ਵਿਸ਼ਵ ਵਿੱਚ ਸ਼ਾਂਤੀ ਦਾ ਉਪਦੇਸ਼ ਦਿੱਤਾ।ਸ੍ਰੀ ਸਮਰਾਟ ਨੇ ਕਿਹਾ ਕਿ ਕੋਈ ਵੀ ਕੰਮ ਤਰਕ ਦੀ ਕਸੌਟੀ 'ਤੇ ਕੀਤਾ ਜਾਵੇ।ਲਗਾਤਾਰ ਕੰਮ ਕਰਨ ਨਾਲ ਹੀ ਅਸੀਂ ਆਪਣੀ ਮੰਜ਼ਿਲ 'ਤੇ ਪਹੁੰਚ ਸਕਦੇ ਹਾਂ।ਸਮਾਜ ਦੀ ਤਰੱਕੀ ਲਈ ਨਸ਼ਿਆਂ ਦਾ ਤਿਆਗ ਕਰਨਾ ਹੋਵੇਗਾ, ਜੋ ਪੰਚਸ਼ੀਲ ਵਿੱਚ ਤਥਾਗਤ ਬੁੱਧ ਨੇ ਸਾਨੂੰ ਪ੍ਰੇਰਿਤ ਕੀਤਾ ਹੈ।ਬੁੱਧ ਦੀਆਂ ਸਿੱਖਿਆਵਾਂ ਪੂਰੇ ਵਿਸ਼ਵ ਨੂੰ ਸ਼ਾਂਤੀ, ਪ੍ਰੇਮ, ਸਮਾਨਤਾ, ਸੁਤੰਤਰਤਾ, ਭਾਈਚਾਰੇ ਦਾ ਸੰਦੇਸ਼ ਦਿੰਦੀਆਂ ਹਨ।

## 10 ਤੱਕ ਭੇਜੀਆਂ ਜਾਣ ਪਦਮ ਐਵਾਰਡਜ਼ ਲਈ ਸਿਫਾਰਸ਼ਾਂ

**ਪਟਿਆਲਾ (ਥਿੰਦ)**-ਭਾਰਤ ਸਰਕਾਰ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਗਣਤੰਤਰ ਦਿਵਸ 26 ਜਨਵਰੀ ਮੌਕੇ ਪ੍ਰਦਾਨ ਕੀਤੇ ਜਾਣ ਵਾਲੇ ਪਦਮ ਐਵਾਰਡਜ਼ ਪਦਮ ਵਿਭੂਸ਼ਣ, ਪਦਮ ਭੂਸ਼ਣ ਤੇ ਪਦਮ ਸ੍ਰੀ ਨਾਗਰਿਕ ਐਵਾਰਡ ਲਈ ਨਾਮਜ਼ਦਗੀਆਂ ਦੀ ਮੰਗ ਕੀਤੀ ਹੈ।ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਆਮ ਰਾਜ ਪ੍ਰਬੰਧ ਵਿਭਾਗ ਪੰਜਾਬ ਸਰਕਾਰ ਤੇ ਭਾਰਤ ਸਰਕਾਰ ਦੇ ਗ੍ਰਹਿ ਵਿਭਾਗ ਵੱਲੋਂ ਪ੍ਰਾਪਤ ਪੱਤਰ ਦੇ ਹਵਾਲੇ ਨਾਲ ਦੱਸਿਆ ਹੈ ਕਿ ਜਿਹੜੇ ਨਾਗਰਿਕਾਂ ਨੇ ਸਮਾਜ ਦੀ ਸੇਵਾ, ਲਿਖਤਕਾਰੀ, ਕਲਾ, ਵਿਗਿਆਨ, ਸਮਾਜ ਸੇਵਾ, ਖੇਡਾਂ, ਵਿਦੇਸ਼ੀ ਮਾਮਲਿਆਂ ਆਦਿ ਖੇਤਰਾਂ ਵਿੱਚ ਆਪਣਾ ਯੋਗਦਾਨ ਪਾਇਆ ਹੋਵੇ, ਉਹ ਪਦਮ ਐਵਾਰਡਜ਼ ਸਬੰਧੀ ਆਪਣੀਆਂ ਸਿਫ਼ਾਰਸ਼ਾਂ 10 ਜੂਨ ਤੱਕ ਡਿਪਟੀ ਕਮਿਸ਼ਨਰ ਦਫਤਰ ਨੂੰ ਭੇਜ ਸਕਦੇ ਹਨ।

## ਸਕੂਲ 'ਚ ਸਲੋਗਨ ਚਾਰਟ ਮੁਕਾਬਲਾ ਕਰਾਇਆ

**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)**-ਸਿਹਤ ਤੇ ਪਰਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਦੇ ਨਿਰਦੇਸ਼ਾਂ ਅਨੁਸਾਰ ਵਿਸ਼ਵ ਹਾਈਪਰਟੈਨਸ਼ਨ ਦਿਵਸ ਤਹਿਤ ਇਸ ਸਾਲ ਦੇ ਥੀਮ ਆਪਣੇ ਬਲੱਡ ਪ੍ਰੈਸ਼ਰ ਨੂੰ ਸਹੀ ਢੰਗ ਨਾਲ ਮਾਪੋ, ਇਸਨੂੰ ਕੰਟਰੋਲ ਕਰੋ ਅਧੀਨ ਬਲਾਕ ਵਿੱਚ ਰੋਜ਼ਾਨਾ ਜਾਗਰੂਕਤਾ ਪ੍ਰੋਗਰਾਮ ਆਯੋਜਤ ਕੀਤੇ ਜਾ ਰਹੇ ਹਨ।ਸਿਵਲ ਸਰਜਨ ਡਾ. ਰਾਜ ਕੁਮਾਰ, ਸਹਾਇਕ ਸਿਵਲ ਸਰਜਨ ਡਾ. ਰੋਹਿਤ ਗੋਇਲ ਤੇ ਡਾ. ਕਵਿਤਾ ਸਿੰਘ ਦੀ ਅਗਵਾਈ ਹੇਠ ਤੇ ਕਾਰਜਕਾਰੀ ਸੀਨੀਅਰ ਮੈਡੀਕਲ ਅਫ਼ਸਰ ਡਾ. ਪੰਕਜ ਚੌਹਾਨ ਦੀ ਨਿਗਰਾਨੀ ਹੇਠ ਆਯੋਜਤ ਕੀਤੇ ਜਾ ਰਹੇ ਹਨ। ਲੜੀ ਦੇ ਤਹਿਤ ਸਰਕਾਰੀ ਹਾਈ ਸਕੂਲ ਚੁਵਾੜਿਆਂ ਵਾਲੀ ਵਿੱਚ ਵਿਦਿਆਰਥੀਆਂ ਵਿੱਚ ਸਿਹਤ ਜਾਗਰੂਕਤਾ ਫੈਲਾਉਣ ਲਈ ਹਾਈਪਰਟੈਨਸ਼ਨ 'ਤੇ ਸਲੋਗਨ ਚਾਰਟ ਮੁਕਾਬਲਾ ਆਯੋਜਤ ਕੀਤਾ ਗਿਆ।ਇਸ ਰਚਨਾਤਮਕ ਪ੍ਰੋਗਰਾਮ ਦਾ ਉਦੇਸ਼ ਵਿਦਿਆਰਥੀਆਂ ਨੂੰ ਸਿਹਤ ਸੰਬੰਧੀ ਗਿਆਨ ਦੇਣਾ ਤੇ ਸਮਾਜ ਵਿੱਚ ਜਾਗਰੂਕਤਾ ਫੈਲਾਉਣਾ ਸੀ।ਜਾਣਕਾਰੀ ਦਿੰਦੇ ਹੋਏ ਬਲਾਕ ਮਾਸ ਮੀਡੀਆ ਇੰਚਾਰਜ ਦਿਵੇਸ਼ ਕੁਮਾਰ ਨੇ ਦੱਸਿਆ ਕਿ ਮੁਕਾਬਲੇ ਵਿੱਚ 6ਵੀਂ ਤੋਂ 9ਵੀਂ ਜਮਾਤ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ।ਸਕੂਲ ਦੇ ਪ੍ਰਿੰਸੀਪਲ ਸੋਨਿਕਾ ਗੁਪਤਾ ਨੇ ਕਿਹਾ ਕਿ ਜਿਸ ਤਰੀਕੇ ਨਾਲ ਬੱਚਿਆਂ ਨੇ ਰਚਨਾਤਮਕਤਾ ਤੇ ਜਾਗਰੂਕਤਾ ਦਿਖਾਈ ਹੈ, ਉਹ ਸ਼ਲਾਘਾਯੋਗ ਹੈ।ਅਜਿਹੇ ਸਮਾਗਮ ਵਿਦਿਆਰਥੀਆਂ ਵਿੱਚ ਸਮਾਜਿਕ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਕਰਦੇ ਹਨ।ਮਾਸ ਮੀਡੀਆ ਅਫਸਰ ਵਿਨੋਦ ਖੁਰਾਣਾ ਨੇ ਕਿਹਾ ਕਿ ਇਸ ਸਮਾਗਮ ਦਾ ਮੁੱਖ ਉਦੇਸ਼ ਸਮਾਜ ਨੂੰ ਹਾਈ ਬਲੱਡ ਪ੍ਰੈਸ਼ਰ ਦੇ ਵਧਦੇ ਖ਼ਤਰੇ ਤੋਂ ਜਾਣੂ ਕਰਾਉਣਾ ਸੀ। ਬੱਚਿਆਂ ਨੇ ਇਹ ਸੁਨੇਹਾ ਦਿੱਤਾ ਕਿ ਜੇਕਰ ਅਸੀਂ ਆਪਣੀ ਜੀਵਨ ਸ਼ੈਲੀ ਵਿੱਚ ਥੋੜ੍ਹੀ ਜਿਹੀ ਤਬਦੀਲੀ ਕਰੀਏ ਤਾਂ ਇਸ ਬਿਮਾਰੀ ਤੋਂ ਆਸਾਨੀ ਨਾਲ ਬਚਿਆ ਜਾ ਸਕਦਾ ਹੈ।

## ਫੁੱਟਬਾਲ ਜੂਨੀਅਰ ਲੀਗ 'ਚ ਮਾਛੀਵਾੜਾ ਦੀ ਟੀਮ ਦੂਸਰੇ ਸਥਾਨ 'ਤੇ ਰਹੀ



**ਮਾਛੀਵਾੜਾ ਸਾਹਿਬ (ਜਗਦੀਸ਼ ਰਾਏ, ਸ਼ੈਂਕੀ ਸ਼ਰਮਾ)**-ਪਿਛਲੇ ਦਿਨੀਂ ਆਲ ਇੰਡੀਆ ਫੁੱਟਬਾਲ ਫੈਡਰੇਸ਼ਨ ਵੱਲੋਂ ਨਾਮਧਾਰੀ ਸਪੋਰਟਸ ਕਲੱਬ ਸਟੇਡੀਅਮ ਸ੍ਰੀ ਭੈਣੀ ਸਾਹਿਬ ਵਿਖੇ ਅੰਡਰ 13 ਉਮਰ ਵਰਗ ਦੇ ਜੂਨੀਅਰ ਬੱਚਿਆਂ ਦੀ ਲੀਗ ਕਰਵਾਈ ਗਈ, ਜਿਸ ਵਿੱਚ ਪੰਜਾਬ ਤੇ ਸਿਰਸਾ ਹਰਿਆਣਾ ਦੀਆਂ ਨਾਮੀ 8 ਫੁੱਟਬਾਲ ਅਕੈਡਮੀਆਂ ਨੇ ਭਾਗ ਲਿਆ, ਜਿਨ੍ਹਾਂ ਵਿੱਚੋਂ ਸ੍ਰੀ ਚਰਨ ਕੰਵਲ ਸਾਹਿਬ ਸਪੋਰਟਸ ਕਲੱਬ ਮਾਛੀਵਾੜਾ ਸਾਹਿਬ ਦੀ ਜੂਨੀਅਰ ਫੁੱਟਬਾਲ ਟੀਮ ਨੇ ਵੀ ਹਿੱਸਾ ਲਿਆ। ਇਹ ਲੀਗ 15 ਦਿਨ ਚੱਲੀ ਤੇ ਉਸ ਵਿੱਚ ਸਾਰੀਆਂ ਟੀਮਾਂ ਨੇ ਵੱਖ ਵੱਖ ਮੈਚ ਖੇਡੇ ਤੇ ਓਵਰਆਲ ਮਾਛੀਵਾੜਾ ਸਾਹਿਬ ਦੀ ਟੀਮ ਨੇ ਲੀਗ ਵਿੱਚ ਦੂਸਰਾ ਸਥਾਨ ਪ੍ਰਾਪਤ ਕੀਤਾ। ਟੀਮ ਦੀ ਇਸ ਪ੍ਰਾਪਤੀ ਪਿੱਛੇ ਜਿੱਥੇ ਟੀਮ ਦੇ ਬੱਚਿਆਂ ਨੇ ਮਿਹਨਤ ਕੀਤੀ, ਓਥੇ ਜੂਨੀਅਰ ਟੀਮ ਦੇ ਕੋਚ ਸੁਨੀਲ ਚੌਧਰੀ ਵੱਲੋਂ ਬੱਚਿਆਂ ਨੂੰ ਕਰਾਈ ਗਈ ਮਿਹਨਤ ਰੰਗ ਲੈ ਕੇ ਆਈ।

## ਸੀਨੀਅਰ ਸਿਟੀਜ਼ਨ ਭਲਾਈ ਸੰਸਥਾ ਵੱਲੋਂ ਸਨਮਾਨ ਸਮਾਰੋਹ



**ਸੰਗਰੂਰ (ਪ੍ਰਵੀਨ ਸਿੰਘ)**-ਬਨਾਸਰ ਬਾਗ ਸਥਿਤ ਮੁੱਖ ਦਫਤਰ ਵਿਖੇ ਸੀਨੀਅਰ ਸਿਟੀਜ਼ਨ ਭਲਾਈ ਸੰਸਥਾ ਵੱਲੋਂ ਮਹੀਨਾਵਾਰ ਜਨਮ ਦਿਨ 'ਤੇ ਸਨਮਾਨ ਸਮਾਰੋਹ ਸੰਸਥਾ ਪ੍ਰਧਾਨ ਡਾ. ਨਰਵਿੰਦਰ ਸਿੰਘ ਕੌਸ਼ਲ ਦੀ ਅਗਵਾਈ ਵਿੱਚ ਕੀਤਾ ਗਿਆ।ਉਨ੍ਹਾਂ ਨਾਲ ਇੰਜ: ਪਰਵੀਨ ਬਾਂਸਲ ਚੇਅਰਮੈਨ, ਸਰਪ੍ਰਸਤ ਗੁਰਪਾਲ ਸਿੰਘ ਗਿੱਲ, ਦਲਜੀਤ ਸਿੰਘ ਜ਼ਖ਼ਮੀ, ਜਗਨ ਨਾਥ ਗੋਇਲ ਤੇ ਸੁਪਰ ਸਿਟੀਜ਼ਨ ਸਤਵੰਤ ਸਿੰਘ ਮੌੜ ਪ੍ਰਧਾਨਗੀ ਮੰਡਲ ਵਿੱਚ ਸ਼ਾਮਲ ਹੋਏ। ਜਗਜੀਤ ਸਿੰਘ ਜਨਰਲ ਸਕੱਤਰ ਦੇ ਸਟੇਜ ਸੰਚਾਲਨ ਅਧੀਨ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ ਸੰਸਥਾ ਦੇ ਮੈਂਬਰਾਂ ਨੂੰ ਖੜੇ ਹੋ ਕੇ ਸ਼ਰਧਾਂਜਲੀ ਦਿੱਤੀ ਗਈ।ਉਪਰੰਤ ਸੁਰਿੰਦਰਪਾਲ ਸਿੰਘ ਸਿਦਕੀ ਪ੍ਰੈਸ ਮੀਡੀਆ ਇੰਚਾਰਜ ਨੇ ਹਾਜ਼ਰ ਮੈਂਬਰਾਂ ਦਾ ਸਵਾਗਤ ਕੀਤਾ।ਆਪ ਨੇ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜੀਵਨ ਤੇ ਲਾਸਾਨੀ ਸ਼ਹਾਦਤ ਬਾਰੇ ਵਿਸਥਾਰ ਪੂਰਬਕ ਦੱਸਿਆ ਅਤੇ ਇਸ ਸਬੰਧ ਵਿੱਚ ਕਾਵਿ ਰਚਨਾ ਨਾਲ ਗੁਰੂ ਸਾਹਿਬ ਨੂੰ ਸਿਜਦਾ ਕੀਤਾ।ਜਗਜੀਤ ਸਿੰਘ ਨੇ ਵੀ ਗੁਰੂ ਸਾਹਿਬ ਵੱਲੋਂ ਜਬਰ ਦਾ ਸਬਰ ਨਾਲ ਕੀਤੇ ਟਾਕਰੇ ਬਾਰੇ ਵਿਚਾਰ ਸਾਂਝੇ ਕੀਤੇ। ਬੁਲਾਰਿਆਂ ਜਗਜੀਤ ਇੰਦਰ ਸਿੰਘ, ਵਾਸਦੇਵ ਸ਼ਰਮਾ, ਸੁਮਨ ਜ਼ਖ਼ਮੀ, ਕ੍ਰਿਸ਼ਨਾ ਭਾਰਦਵਾਜ ਨੇ ਜਨਮ ਦਿਨ ਵਾਲਿਆਂ ਨੂੰ ਵਧਾਈਆਂ ਤੇ ਉਨ੍ਹਾਂ ਦੀ ਸਿਹਤ ਤੰਦਰੁਸਤੀ ਦੀ ਕਾਮਨਾ ਕਰਦੇ ਹੋਏ ਵੱਖ ਵੱਖ ਵਿਸ਼ਿਆਂ 'ਤੇ ਵਿਚਾਰ ਵਟਾਂਦਰਾ ਕੀਤਾ ਅਤੇ ਕਵਿਤਾਵਾਂ ਤੇ ਗੀਤਾਂ ਦੀ ਖ਼ੂਬਸੂਰਤ ਪੇਸ਼ਕਾਰੀ ਕੀਤੀ।ਵਿਆਹ ਵਰ੍ਹੇਗੰਢ ਵਾਲੀਆਂ ਜੋੜੀਆਂ ਬਦਰੀ ਜਿੰਦਲ ਤੇ ਸ਼ਸ਼ੀ ਜਿੰਦਲ, ਸੁਰਿੰਦਰ ਸ਼ਰਮਾ ਤੇ ਕ੍ਰਿਸ਼ਨਾ ਸ਼ਰਮਾ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।ਡਾ. ਨਰਵਿੰਦਰ ਸਿੰਘ ਕੌਸ਼ਲ ਨੇ ਵੀ ਜਨਮ ਦਿਨ ਅਤੇ ਵਿਆਹ ਵਰ੍ਹੇਗੰਢ ਵਾਲਿਆਂ ਨੂੰ ਸ਼ੁਭ ਕਾਮਨਾਵਾਂ ਦਿੱਤੀਆਂ।

## ...ਸਫ਼ਾ 1 ਦੇ ਬਾਕੀ

### ਹਜ਼ਾਰਾਂ ਵਰਦੀਧਾਰੀ ਬਨੇਗਾ...

ਵਿਸ਼ਾਲ ਵਲੰਟੀਅਰ ਮਾਰਚ ਨੂੰ ਅੱਗੇ ਸੰਬੋਧਨ ਕਰਦਿਆਂ ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਹੰਸ ਰਾਜ ਗੋਲਡਨ ਅਤੇ ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾ ਮੀਤ ਸਕੱਤਰ ਕਾਮਰੇਡ ਸੁਰਿੰਦਰ ਢੰਡੀਆਂ ਨੇ ਕਿਹਾ ਕਿ ਬਨੇਗਾ ਕਾਨੂੰਨ ਹੁਣ ਦੇਸ਼ ਦੀ ਬੇਰੁਜ਼ਗਾਰ ਜਵਾਨੀ ਦੀ ਆਵਾਜ਼ ਬਣ ਚੁੱਕਿਆ ਹੈ ਇਸੇ ਕਰਕੇ ਜਵਾਨੀ ਨੂੰ ਇਹਦੇ ਵਿੱਚੋਂ ਆਪਣਾ ਉਜਵੱਲ ਦਿਖਦਾ ਹੈ। ਆਗੂਆਂ ਨੇ ਅੱਗੇ ਕਿਹਾ ਫਾਜ਼ਿਲਕਾ ਦੇ ਨੌਜਵਾਨਾਂ ਵੱਲੋਂ ਕੀਤਾ ਜਾ ਰਿਹਾ ਇਹ ਪੈਦਲ ਮਾਰਚ ਪੂਰੇ ਪੰਜਾਬ ਦੀ ਜਵਾਨੀ ਨੂੰ ਨਵਾਂ ਰਾਹ ਦਿਖਾਏਗਾ। ਇਸ ਮੌਕੇ ਏ ਆਈ ਐੱਸ ਐੱਫ ਦੇ ਸੂਬਾ ਸਕੱਤਰ ਸਾਥੀ ਸੁਖਵਿੰਦਰ ਮਲੋਟ ਅਤੇ ਨੌਜਵਾਨ ਸਭਾ ਦੇ ਸੂਬਾ ਸਕੱਤਰ ਚਰਨਜੀਤ ਛਾਂਗਾਰਾਏ ਨੇ ਕਿਹਾ ਕਿ ਬਨੇਗਾ ਕਾਨੂੰਨ ਦੇਸ਼ ਦੀ ਪਾਰਲੀਮੈਂਟ 'ਚ ਪਾਸ ਹੋਣਾ ਸਮੇਂ ਦੀ ਅਣਸਰਦੀ ਲੋੜ ਹੈ। ਆਗੂਆਂ ਨੇ ਨੌਜਵਾਨਾਂ ਨੂੰ ਥਾਪੜਾ ਦਿੰਦਿਆਂ ਕਿਹਾ ਕਿ ਉਹਨਾਂ ਵੱਲੋਂ ਕੀਤਾ ਜਾ ਰਿਹਾ ਸੰਘਰਸ਼ ਕਾਬਲੇ ਤਾਰੀਫ ਹੈ ਜਿਸ ਦੀ ਹਰ ਕੋਈ ਸ਼ਲਾਘਾ ਕਰ ਰਿਹਾ ਹੈ। ਉਹਨਾਂ ਵਾਅਦਾ ਕਰਦਿਆਂ ਕਿਹਾ ਕਿ ਉਹ ਨੌਜਵਾਨਾਂ ਵਿਦਿਆਰਥੀਆਂ ਇਸ ਲਹਿਰ ਨੂੰ ਹੋਰ ਅੱਗੇ ਲਿਜਾਣ ਲਈ ਹਰ ਤਰ੍ਹਾਂ ਦੀ ਮਦਦ ਕਰਨਗੇ ਅਤੇ ਕਦੇ ਵੀ ਪਿੱਛੇ ਨਹੀਂ ਹਟਣਗੇ।

ਇਸ ਮੌਕੇ ਹਾਜ਼ਰ ਬਨੇਗਾ ਵਲੰਟੀਅਰਾਂ ਵੱਲੋਂ ਪੰਡਾਲ ਵਿੱਚ ਖੜੇ ਹੋ ਕੇ ਪ੍ਰਤਿੱਗਿਆ ਕੀਤੀ ਗਈ ਕਿ ਉਹ ਬਨੇਗਾ ਨੂੰ ਸਿਧਾਂਤਕ ਅਤੇ ਅਮਲ ਰੂਪ ਵਿੱਚ ਸਮਝਦਿਆਂ ਬਨੇਗਾ ਦਾ ਪ੍ਰਚਾਰ ਕਰਨਗੇ ਅਤੇ ਆਪਣੀ ਜ਼ਿੰਦਗੀ ਦੇ ਕੀਮਤੀ ਸਮੇਂ ਨੂੰ ਬਨੇਗਾ ਪ੍ਰਾਪਤੀ ਲਈ ਲਾਉਣਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਰਬ ਭਾਰਤ ਨੌਜਵਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਸ਼ੁਬੇਗ ਝੰਗੜ੍ਹ ਭੈਣੀ, ਨਰਿੰਦਰ ਢਾਬਾਂ, ਸੋਨਾ ਸਿੰਘ ਧੁਨਕੀਆਂ, ਛਿੰਦਰ ਮਹਾਲਮ, ਗੁਰਦਿਆਲ ਢਾਬਾਂ, ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਸੰਜਨਾ ਢਾਬਾਂ, ਨੀਰਜ ਰਾਣੀ ਫਾਜ਼ਿਲਕਾ, ਸੰਦੀਪ ਜੋਧਾ, ਕਰਨੈਲ ਬੱਘੇ ਕੇ, ਬੇਰੁਜ਼ਗਾਰ ਟੈੱਟ ਪਾਸ ਬੀ ਐੱਡ ਯੂਨੀਅਨ ਦੇ ਪੰਜਾਬ ਪ੍ਰਧਾਨ ਜਸਵੰਤ ਘੁਬਾਇਆ, ਕ੍ਰਿਸ਼ਨ ਧਰਮੂਵਾਲਾ, ਜੰਮੂ ਰਾਮ ਬੰਨਵਾਲਾ, ਬਲਵੰਤ ਚੌਹਾਣਾ, ਰਮੇਸ਼ ਪੀਰ ਮੁਹੰਮਦ, ਜੱਗਾ ਟਾਹਲੀਵਾਲਾ, ਰਾਧੇ ਸ਼ਾਮ ਸਿੰਘਪੁਰਾ, ਹਰਭਜਨ ਲਾਲ ਫਾਜ਼ਿਲਕਾ, ਮਹਿੰਦਰ ਪਾਲ ਭੀਮੇਸ਼ਾਹ ਜੰਡਵਾਲਾ ਸਰਪੰਚ, ਹਰਜੀਤ ਕੌਰ ਢੰਡੀਆਂ, ਸੁਸ਼ਮਾ ਗੋਲਡਨ, ਅਸ਼ੋਕ ਥਾਰਾ, ਕੁਲਦੀਪ ਬੱਖੂਸ਼ਾਹ, ਸੀਤਾ ਸਿੰਘ ਤੇਜਾ ਰੁਹੇਲਾ ਅਤੇ ਰਾਜਵਿੰਦਰ ਨਿਊਲਾ ਨੇ ਵੀ ਸੰਬੋਧਨ ਕੀਤਾ।

### ਇਨਕਲਾਬੀ ਮਾਹੌਲ ਸਿਰਜਣ ...

ਨਾਲ ਜ਼ਿਕਰ ਕੀਤਾ। ਉਹਨਾ ਕਿਹਾ ਕਿ ਯੂਟਿਊਬਰ ਦੇ ਤੌਰ 'ਤੇ ਉਹਨਾ ਪੈਸੇ ਕਮਾਉਣ ਦਾ ਵੀ ਉਪਰਾਲਾ ਕੀਤਾ, ਜੋ ਸਫਲ ਰਿਹਾ।ਸੀ ਪੀ ਆਈ ਦੇ ਸੋਸ਼ਲ ਮੀਡੀਆ ਵਿਭਾਗ ਵੱਲੋਂ ਬੁਲਾਈ ਦੋ ਦਿਨ ਦੀ ਇਕੱਤਰਤਾ ਦੇ ਦੂਸਰੇ ਦਿਨ ਦੀ ਸ਼ੁਰੂਆਤ ਮਹੱਤਵਪੂਰਨ ਤੇ ਮੁੱਲਵਾਨ ਗੱਲਾਂ ਨਾਲ ਹੋਈ। ਮੀਡੀਆ ਵਿਭਾਗ ਦੇ ਕੋਆਰਡੀਨੇਟਰ ਵਿਵੇਕ ਸ਼ਰਮਾ ਨੇ ਸ਼ੁਰੂਆਤ ਹੀ ਇਸ ਸੰਦੇਸ਼ ਤੋਂ ਕੀਤੀ ਕਿ ਸੋਸ਼ਲ ਮੀਡੀਆ 'ਤੇ ਪਾਈ ਗਈ ਹਰ ਪੋਸਟ ਪਾਰਟੀ ਦੀ ਸਾਂਝੀ ਸੁਰ ਦਰਸਾਵੇ। ਸਮਾਂਤਰ ਜਾਂ ਵਿਵਾਦਤ ਬਿਰਤਾਂਤ ਨਾ ਸਿਰਜਿਆ ਜਾਵੇ। ਇਸ ਭਾਵਨਾ ਦਾ ਪ੍ਰਗਟਾਵਾ ਦੂਸਰੇ ਦਿਨ ਦੀ ਵਰਕਸ਼ਾਪ ਵਿੱਚ ਹਰੇਕ ਬੁਲਾਰੇ ਨੇ ਕੀਤਾ।

ਵਰਕਸ਼ਾਪ ਦੀ ਸਫਲਤਾ ਲਈ ਪਾਰਟੀ ਜਨਰਲ ਸਕੱਤਰ ਡੀ. ਰਾਜਾ ਨੇ ਕੋਆਡੀਨੇਟਰ ਵਿਵੇਕ ਸ਼ਰਮਾ, ਪਾਰਟੀ ਆਗੂਆਂ ਅਤੇ ਵੱਖ-ਵੱਖ ਸੂਬਿਆਂ ਵਿੱਚੋਂ ਆਏ ਪ੍ਰਤਿਨਿਧਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਮਾਰਕਸ ਤੇ ਲੈਨਿਨ ਹੁਰਾਂ ਉਸ ਜ਼ਮਾਨੇ ਵਿੱਚ ਵੱਡਾ ਕੰਮ ਕਰ ਵਿਖਾਇਆ, ਜਦੋਂ ਤਕਨੀਕ ਏਨੀ ਵਿਕਸਤ ਨਹੀਂ ਸੀ। ਸਾਡੇ ਸਮਾਜ ਵਿੱਚ ਇਨਕਲਾਬੀ ਬਦਲਾਅ ਲਈ ਸੋਸ਼ਲ ਮੀਡੀਆ ਦਾ ਸਹੀ ਪ੍ਰਯੋਗ ਸਾਰਥਿਕ ਸਿੱਟੇ ਕੱਢ ਸਕਦਾ ਹੈ। ਉਹਨਾ ਕਿਹਾ ਕਿ ਦਿੱਲੀ ਦੀਆਂ ਬਰੂਹਾਂ 'ਤੇ ਲੜੇ ਗਏ ਕਿਸਾਨ ਅੰਦੋਲਨ ਦੀ ਸਫਲਤਾ ਵਿੱਚ ਸੋਸ਼ਲ ਮੀਡੀਆ ਦੀ ਭੂਮਿਕਾ ਮਹੱਤਵਪੂਰਨ ਸੀ। ਮੀਡੀਆ ਵਿਭਾਗ ਦੇ ਇੰਚਾਰਜ ਡਾ. ਕਾਂਗੋ ਨੇ ਕਿਹਾ ਕਿ ਕੁਝ ਲੋਕਾਂ ਵੱਲੋਂ ਕਮਿਊਨਿਸਟਾਂ ਦੀ ਛਵੀ ਵਿਗਾੜਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਹਨਾ ਕਿਹਾ ਕਿ ਜਿੱਥੇ ਕਮਿਊਨਿਸਟ ਮਨੁੱਖੀ ਕਦਰਾਂ-ਕੀਮਤਾਂ ਦੀ, ਸੱਭਿਅਤਾ ਦੀ ਗੱਲ ਕਰਦੇ ਹਨ, ਉੱਥੇ ਉਹ ਆਧੁਨਿਕ ਤਕਨੀਕ ਦੀ ਸਹੀ ਵਰਤੋਂ ਦੇ ਪੱਕੇ ਹਾਮੀ ਹਨ। ਅਸੀਂ ਜਾਣਦੇ ਹਾਂ ਤਕਨੀਕ ਪ੍ਰਗਤੀ ਦਾ ਰਾਹ ਖੋਲ੍ਹਦੀ ਹੈ।ਸਾਬਕਾ ਐੱਮ ਪੀ ਸਈਅਦ ਅਜ਼ੀਜ਼ ਪਾਸ਼ਾ ਨੇ ਕਿਹਾ ਕਿ ਕਮਿਊਨਿਸਟ ਪਾਰਟੀ ਦੇ ਸੋਸ਼ਲ ਮੀਡੀਆ ਦਾ ਮੰਤਵ ਹੈ ਕਿ ਕਮਿਊਨਿਸਟ ਫਲਸਫੇ ਨੂੰ ਲੋਕਾਂ ਦੀ ਸਮਝ ਆ ਸਕਣ ਦੀ ਭਾਸ਼ਾ ਵਿੱਚ ਲੋਕਾਂ ਤੱਕ ਲਿਜਾਇਆ ਜਾਵੇ। ਵਰਕਸ਼ਾਪ ਵਿੱਚ ਕਮਿਊਨਿਸਟ ਆਗੂ ਰਾਮ ਕ੍ਰਿਸ਼ਨ ਪਾਂਡੇ, ਕਿਸਾਨ ਆਗੂ ਰਾਜਨ ਖੀਰ ਸਾਗਰ ਤੇ ਐਨੀ ਰਾਜਾ ਨੇ ਵੀ ਸੰਬੋਧਨ ਕੀਤਾ। ਦੋ ਦਿਨਾ ਵਰਕਸ਼ਾਪ ਵਿੱਚ ਪੰਜਾਬ ਤੋਂ ਮਨਿੰਦਰ ਸਿੰਘ ਭਾਟੀਆ, ਗੁਰਮੁਖ ਸਿੰਘ ਮਾਨਸਾ ਅਤੇ ਰਾਹੁਲ ਪਟਿਆਲਾ ਨੇ ਹਿੱਸਾ ਲਿਆ।

### ਪੰਚਕੂਲਾ 'ਚ ਸੱਤ...

ਵਿੱਚ ਉਨ੍ਹਾ ਦੇ ਘਰ ਪਹੁੰਚੀ। ਉਨ੍ਹਾ ਦੱਸਿਆ ਕਿ ਪਰਵਾਰ ਪੰਚਕੂਲਾ ਦੇ ਸਕੇਤੜੀ ਇਲਾਕੇ ਵਿੱਚ ਰਹਿ ਰਿਹਾ ਸੀ। ਲੁਧਿਆਣਾ ਦੇ ਰਹਿਣ ਵਾਲੇ ਸੰਦੀਪ ਅਗਰਵਾਲ ਨੇ ਦੱਸਿਆ ਕਿ ਉਸ ਦਾ ਚਚੇਰਾ ਭਰਾ ਪ੍ਰਵੀਨ ਮਿੱਤਲ ਵਿੱਤੀ ਤੌਰ 'ਤੇ ਠੀਕ ਨਹੀਂ ਸੀ ਅਤੇ ਜਦੋਂ ਵੀ ਉਹ ਮਦਦ ਦੀ ਪੇਸ਼ਕਸ਼ ਕਰਦਾ ਸੀ ਤਾਂ ਇਨਕਾਰ ਕਰ ਦਿੰਦਾ ਸੀ। ਉਸ ਨੇ ਦੱਸਿਆ ਕਿ ਮਿੱਤਲ ਗੁਜ਼ਾਰਾ ਕਰਨ ਲਈ ਟੈਕਸੀ ਚਲਾ ਰਿਹਾ ਸੀ। ਸੰਦੀਪ ਨੇ ਦੱਸਿਆ ਕਿ ਇੱਕ ਸਮੇਂ ਮਿੱਤਲ 'ਤੇ ਕਰੀਬ 15 ਤੋਂ 20 ਕਰੋੜ ਰੁਪਏ ਦਾ ਕਰਜ਼ਾ ਸੀ, ਪਰ ਇਹ ਇੱਕ ਪੁਰਾਣਾ ਮਾਮਲਾ ਸੀ ਅਤੇ ਕਰਜ਼ੇ ਦਾ ਨਿਪਟਾਰਾ ਕਰਨ ਲਈ ਜੋ ਵੀ ਉਸ ਕੋਲ ਸੀ, ਜ਼ਬਤ ਕਰ ਲਿਆ ਸੀ।

## ਜੈਤੋ 'ਚ ਬਦਲਾਅ ਬੌਂਦਲਿਆ, ਲੋਕ ਪ੍ਰੇਸ਼ਾਨ

**ਜੈਤੋ (ਸਤੀਸ਼ ਕੁਮਾਰ ਭੀਗੀ)**-ਪਿੰਡਾਂ, ਸ਼ਹਿਰਾਂ ਤੇ ਕਸਬਿਆਂ ਵਿੱਚ ਬਦਲਾਅ ਦੀ ਸਰਕਾਰ ਵੱਲੋਂ ਕਰੋੜਾਂ ਰੁਪਏ ਦੇ ਖ਼ਰਚ ਨਾਲ ਅਨੇਕਾਂ ਕਰਾਏ ਗਏ. ਵਿਕਾਸ ਕਾਰਜਾਂ ਦਾ ਸਰਵੇ ਕਰਾਇਆ ਜਾਵੇ ਤਾਂ ਰਾਜਸਥਾਨ ਦੇ ਮਕਰਾਨੇ ਦੇ ਪੱਥਰ ਵਾਂਗ ਪੱਕਾ ਜੈਤੋ ਪਹਿਲੇ ਨੰਬਰ 'ਤੇ ਆਵੇਗੀ।ਜੈਤੋ ਵਿਖੇ 30 ਕਰੋੜ ਰੁਪਏ ਦੇ ਲਗਭਗ ਵਿਕਾਸ ਕਾਰਜਾਂ ਲਈ ਨੀਂਹ ਪੱਥਰ ਰੱਖੇ ਗਏ, ਜਿਵੇਂ ਜੈਤੋ ਤੋਂ ਚੰਦਭਾਨ ਰੋਡ ਜੋ ਬਣਨ ਤੋਂ ਸਿਰਫ਼ ਚੰਦ ਦਿਨਾਂ ਬਾਅਦ ਹੀ ਕੀਰਨੇ ਪਾਉਣ ਲੱਗ ਪਈ, ਬਠਿੰਡਾ ਦਬੜੀਖਾਨਾ ਬਾਈਪਾਸ ਵੀ ਹਫ਼ਤੇ ਦਸ ਦਿਨ ਬਾਅਦ ਕੂਕਣ ਲੱਗ ਪਿਆ ਤੇ ਲਗਭਗ ਡੇਢ ਸਾਲ ਪਹਿਲਾਂ ਸ਼ਹਿਰ ਨੂੰ ਕੋਹੜ ਵਾਂਗੂੰ ਚਿੰਬੜੀ ਸੀਵਰੇਜ ਸਮੱਸਿਆ ਤੋਂ ਛੁਟਕਾਰਾ ਦਿਵਾਉਣ ਲਈ ਕੀਤੀ ਗਈ, ਕੋਸ਼ਿਸ਼ ਵੀ ਸ਼ਿਸ਼ਕਾਰੀਆਂ ਭਰਨ ਤੱਕ ਹੀ ਸੀਮਤ ਲੱਗ ਰਹੀ ਹੈ ਤੇ ਹੁਣ ਤਾਜ਼ਾ ਰੱਖਿਆ ਨੀਂਹ ਪੱਥਰ ਜਿਸ ਨਾਲ ਪੀਣ ਵਾਲੇ ਪਾਣੀ ਵਿੱਚ ਸੀਵਰੇਜ ਦੇ ਗੰਦੇ ਤੇ ਬਦਬੂਦਾਰ ਪਾਣੀ ਨੂੰ ਮਿਕਸ ਹੋਣ ਤੋਂ ਰੋਕਣ ਲਈ ਕਰੋੜਾਂ ਰੁਪਏ ਦਾ ਐਲਾਨ ਕੀਤਾ ਗਿਆ ਹੈ, ਜੋ ਆਉਣ ਵਾਲੇ ਸਮੇਂ ਦੌਰਾਨ ਪਿਛਲੇ ਨੀਂਹ ਪੱਥਰਾਂ ਦੀ ਤਰ੍ਹਾਂ ਭੁੱਬਾਂ ਮਾਰਦੇ ਨਜ਼ਰੀਂ ਆ ਸਕਦਾ ਹੈ।ਇਤਿਹਾਸਕ ਨਗਰੀ ਵਿਖੇ ਹੋਏ ਕਰੋੜਾਂ ਰੁਪਏ ਦੇ ਵਿਕਾਸ ਕਾਰਜ, ਜੋ ਭਾਵੇਂ ਦਿਖਾਈ ਨਹੀਂ ਦੇ ਰਹੇ, ਆਪਣੀ ਅਣਹੋਂਦ ਕਾਰਨ ਵਿਰਲਾਪ ਕਰ ਰਹੇ ਹਨ ਤੇ ਭ੍ਰਿਸ਼ਟਾਚਾਰ, ਰਿਸ਼ਵਤਖੋਰੀ ਤੇ ਵਿਕਾਸ ਕੰਮਾਂ ਦੀ ਰਾਸ਼ੀ ਵਿੱਚੋਂ ਹਿੱਸੇਦਾਰੀ ਦੇ ਪੁਤਲੇ ਠਹਾਕੇ ਮਾਰ ਰਹੇ ਹਨ।ਜੇਕਰ ਸ਼ਹਿਰੀ ਬਸ਼ਿੰਦਿਆਂ ਨਾਲ ਗੱਲਬਾਤ ਕਰੀਏ ਤਾਂ ਉਨ੍ਹਾਂ ਦੇ ਬੋਲਾਂ ਵਿੱਚੋਂ ਅਕਸਰ ਹੀ ਟੀਸ ਭਰੇ ਇਨ੍ਹਾਂ ਸ਼ਬਦਾਂ ਦਾ ਪ੍ਰਵਾਹ ਚੱਲਦਾ ਹੈ ਕਿ ਬਦਲਾਅ ਬੌਂਦਲ ਗਿਆ ਤੇ ਵਿਕਾਸ ਚੀਕਾਂ ਮਾਰਨ 'ਤੇ ਮਜਬੂਰ ਕਰ ਦਿੱਤਾ ਗਿਆ ਹੈ।

## ਵਿਕਟਰੀ ਪਰੇਡ 'ਚ ਕਾਰ ਵੜਨ ਨਾਲ 50 ਜ਼ਖ਼ਮੀ

**ਲਿਵਰਪੂਲ (ਇੰਗਲੈਂਡ)**-ਪ੍ਰੀਮੀਅਰ ਲੀਗ ਫੁੱਟਬਾਲ ਵਿੱਚ ਲਿਵਰਪੂਲ ਦੀ ਖ਼ਿਤਾਬੀ ਜਿੱਤ ਦੇ ਜਸ਼ਨ ਲਈ ਪ੍ਰਸੰਸਕਾਂ ਵੱਲੋਂ ਰੱਖੀ 'ਵਿਕਟਰੀ ਪਰੇਡ' ਵਿੱਚ ਕਾਰ ਜਾ ਵੜੀ, ਜਿਸ ਕਾਰਨ 50 ਦੇ ਕਰੀਬ ਲੋਕ ਜ਼ਖ਼ਮੀ ਹੋ ਗਏ, ਜਿਨ੍ਹਾਂ ਵਿੱਚੋਂ ਦੋ ਦੀ ਹਾਲਤ ਗੰਭੀਰ ਹੈ। ਪੁਲਸ ਨੇ ਕਾਰ ਦੇ ਡਰਾਈਵਰ ਨੂੰ ਗ੍ਰਿਫਤਾਰ ਕਰ ਲਿਆ ਹੈ, ਜਿਸ ਦੀ ਪਛਾਣ ਲਿਵਰਪੂਲ ਖੇਤਰ ਦੇ 53 ਸਾਲਾ ਬ੍ਰਿਟਿਸ਼ ਵਜੋਂ ਦੱਸੀ ਗਈ ਹੈ। ਪੁਲਸ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਇਹ ਘਟਨਾ ਅੱਤਵਾਦ ਨਾਲ ਸੰਬੰਧਤ ਨਹੀਂ ਜਾਪਦੀ।

## ਸਮਰ ਕੈਂਪ ਦੀ ਸ਼ੁਰੂਆਤ ਹੋਈ



**ਜਗਰਾਉਂ (ਅਮਿਤ ਖੰਨਾ)**-ਬਲੌਜਮਜ਼ ਕਾਨਵੈਂਟ ਸਕੂਲ 'ਚ ਸੀ.ਬੀ.ਐੱਸ.ਈ ਵੱਲੋਂ ਦਿੱਤੀਆਂ ਗਈਆਂ ਹਦਾਇਤਾਂ ਅਨੁਸਾਰ ਸਮਰ ਕੈਂਪ ਦੀ ਸ਼ੁਰੂਆਤ ਕਰਦੇ ਹੋਏ ਪਹਿਲੇ ਦਿਨ ਹਰਿਆਣਵੀ ਭਾਸ਼ਾ ਵਿੱਚ ਸਲੋਗਨ, ਗਰੀਟਿੰਗ ਤੇ ਪ੍ਰਸ਼ਨ ਭਾਸ਼ਾ ਵਿੱਚ ਵਿਦਿਆਰਥੀ ਨੂੰ ਦੱਸੇ ਗਏ ਤੇ ਜਵਾਬ ਸਕੂਲ ਦੇ ਅਧਿਆਪਕ ਮਿ. ਸ਼ੇਰ ਸਿੰਘ ਤੋਂ ਸਿੱਖੇ ਤੇ ਪੁੱਛੇ ਗਏ।ਇਹ ਗਤੀਵਿਧੀ ਬਹੁਤ ਪ੍ਰਭਾਵਸ਼ਾਲੀ ਰਹੀ।ਵਿਦਿਆਰਥੀਆਂ ਵੱਲੋਂ ਇਸ ਦਾ ਖੂਬ ਅਨੰਦ ਮਾਣਿਆ ਗਿਆ ਤੇ ਇਸ ਭਾਸ਼ਾ ਨੂੰ ਨੇੜਿਓਂ ਜਾਣਿਆ।ਸਕੂਲ ਦੇ ਪ੍ਰਿੰਸੀਪਲ ਡਾ. ਨਵਨੀਤ ਕੌਰ ਨੇ ਇਸ ਗੱਲ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਹਰਿਆਣਵੀ ਭਾਸ਼ਾ ਬਹੁਤ ਮਿੱਠੀ ਭਾਸ਼ਾ ਹੈ, ਜੋ ਵਿਦਿਆਰਥੀ ਜੀਵਨ ਵਿੱਚ ਬਾਕੀ ਭਾਸ਼ਾਵਾਂ ਪ੍ਰਤੀ ਸਤਿਕਾਰ ਦੀ ਭਾਵਨਾ ਪੈਦਾ ਕਰਦੀ ਹੈ।

## ਸਾਇੰਸ ਕਾਲਜ ਵੱਲੋਂ ਲੋਕ ਸੇਵਾ ਸੁਸਾਇਟੀ ਦਾ ਸਨਮਾਨ



**ਜਗਰਾਉਂ (ਅਮਿਤ ਖੰਨਾ)**-ਸਨਮਤੀ ਸਰਕਾਰੀ ਤੇ ਸਾਇੰਸ ਕਾਲਜ ਜਗਰਾਉਂ ਵਿਖੇ ਲੋਕ ਸੇਵਾ ਸੋਸਾਇਟੀ ਦੁਆਰਾ ਦਿੱਤੀਆਂ ਗਈਆਂ ਵੱਡਮੁੱਲੀਆਂ ਸੇਵਾਵਾਂ ਪ੍ਰਤੀ ਉਨ੍ਹਾਂ ਦਾ ਅਭਾਰ ਪ੍ਰਗਟ ਕਰਨ ਲਈ ਇੱਕ ਵਿਸ਼ੇਸ਼ ਸਮਾਰੋਹ ਕੀਤਾ ਗਿਆ।ਇਸ ਸਨਮਾਨ ਸਮਾਰੋਹ ਮੌਕੇ ਡਾ. ਰਾਜੀਵ ਕੁਮਾਰ ਸਹਿਗਲ, ਕਾਲਜ ਡਾਇਰੈਕਟਰ ਦੁਆਰਾ ਕਾਲਜ ਵਿੱਚ ਪਹੁੰਚੇ ਲੋਕ ਸੇਵਾ ਸੋਸਾਇਟੀ ਦੇ ਮੈਂਬਰ ਸਾਹਿਬਾਨ ਦਾ ਫੁੱਲਾਂ ਦੇ ਹਾਰ ਪਾ ਕੇ ਸਵਾਗਤ ਕੀਤਾ ਗਿਆ।ਉਨ੍ਹਾਂ ਕਿਹਾ ਕਿ ਕਾਲਜ ਦੀ ਤਰੱਕੀ ਵਿੱਚ ਲੋਕ ਸੇਵਾ ਸੁਸਾਇਟੀ ਦਾ ਭਰਪੂਰ ਯੋਗਦਾਨ ਹੈ।ਉਨ੍ਹਾਂ ਨੇ ਸਮੇਂ-ਸਮੇਂ ਸਿਰ ਕਾਲਜ ਵਿੱਚ ਲੋੜੀਂਦਾ ਪ੍ਰਬੰਧ ਕਰਨ ਵਿੱਚ ਬਣਦਾ ਸਹਿਯੋਗ ਦਿੱਤਾ ਹੈ ਤਾਂ ਕਿ ਵਿਦਿਆਰਥੀਆਂ ਨੂੰ ਇੱਕ ਚੰਗਾ ਅਕਾਦਮਿਕ ਮਾਹੌਲ ਪ੍ਰਦਾਨ ਕੀਤਾ ਜਾ ਸਕੇ।ਇਸ ਮੌਕੇ ਸ੍ਰੀਮਤੀ ਨਿਧੀ ਮਹਾਜਨ ਦੁਆਰਾ ਲੋਕ ਸੇਵਾ ਸੋਸਾਇਟੀ ਦੀਆਂ ਕਾਲਜ ਲਈ ਦਿੱਤੀਆਂ ਵੱਡਮੁੱਲੀਆਂ ਸੇਵਾਵਾਂ ਲਈ ਧੰਨਵਾਦ ਕੀਤਾ ਗਿਆ।ਲੋਕ ਸੇਵਾ ਸੋਸਾਇਟੀ ਦੇ ਚੇਅਰਮੈਨ ਗੁਲਸ਼ਨ ਅਰੋੜਾ, ਪ੍ਰਧਾਨ ਰਜਿੰਦਰ ਕੁਮਾਰ ਕਾਕਾ, ਸਕੱਤਰ ਕੁਲਭੂਸ਼ਨ ਗੁਪਤਾ, ਕੈਸ਼ੀਅਰ ਸੁਨੀਲ ਬਜਾਜ, ਵਾਈਸ ਚੇਅਰਮੈਨ ਕੰਵਲ ਕੱਕੜ, ਅਨਿਲ ਮਲਹੋਤਰਾ, ਸ੍ਰੀ ਮਨੋਹਰ ਸਿੰਘ ਟੱਕਰ, ਆਰ ਕੇ ਗੋਇਲ, ਕਪਿਲ ਸ਼ਰਮਾ, ਪ੍ਰਵੀਨ ਮਿੱਤਲ, ਪੀ ਆਰ ਓ ਸੁਖਦੇਵ ਗਰਗ, ਗੋਪਾਲ ਗੁਪਤਾ, ਜਗਦੀਪ ਸਿੰਘ, ਲਾਕੇਸ਼ ਟੰਡਨ, ਮੰਗਤ ਰਾਏ ਬਾਂਸਲ ਤੇ ਸਮੂਹ ਮੈਂਬਰ ਸਾਹਿਬਾਨ ਮੌਜੂਦ ਸਨ।ਇਸ ਮੌਕੇ ਕਾਲਜ ਦੇ ਸਟਾਫ ਕੌਂਸਲ ਮੈਂਬਰ ਸ੍ਰੀਮਤੀ ਸਰਬਦੀਪ ਕੌਰ ਸਿੱਧੂ, ਸੁਮਿਤ ਸੋਨੀ, ਸਾਹਿਲ ਜਿੰਦਲ, ਸੁਰਿੰਦਰ ਪਾਲ ਸ਼ਰਮਾ ਹਾਜ਼ਰ ਸਨ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134
Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Singh @ Chand Fatehpuri
ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

28 May Page-3 new page.qxd 5/27/2025 11:08 PM Page 1



# ਜਗਦੀਪ ਮੋਲਾ ਦੇ ਕਤਲ 'ਚ ਸ਼ਾਮਲ ਮੁੱਖ ਸ਼ੂਟਰ ਰਾਹੁਲ ਸਿੰਘ ਗ੍ਰਿਫ਼ਤਾਰ



ਤਰਨ ਤਾਰਨ (ਪ੍ਰਿਤਪਾਲ ਸਿੰਘ)- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਹੇਠ ਪੰਜਾਬ ਨੂੰ ਅਪਰਾਧ ਮੁਕਤ ਸੂਬਾ ਬਣਾਉਣ ਲਈ ਚੱਲ ਰਹੀ ਮੁਹਿੰਮ ਦਰਮਿਆਨ ਵੱਡੀ ਸਫਲਤਾ ਹਾਸਲ ਕਰਦਿਆਂ ਐਂਟੀ-ਗੈਂਗਸਟਰ ਟਾਸਕ ਫੋਰਸ (ਏਜੀਟੀਐੱਫ) ਪੰਜਾਬ ਨੇ ਤਰਨ ਤਾਰਨ ਪੁਲਸ ਨਾਲ ਸਾਂਝੇ ਆਪ੍ਰੇਸ਼ਨ ਵਿਚ ਤਰਨ ਤਾਰਨ ਵਿਖੇ ਦਿਨ-ਦਿਹਾੜੇ ਹੋਏ ਜਗਦੀਪ ਮੋਲਾ ਦੇ ਸਨਸਨੀਖੇਜ਼ ਕਤਲ ਵਿੱਚ ਸ਼ਾਮਲ ਮੁੱਖ ਸ਼ੂਟਰ ਰਾਹੁਲ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਉਸਦੇ ਕਬਜ਼ੇ 'ਚੋਂ ਤਿੰਨ ਜ਼ਿੰਦਾ ਕਾਰਤੂਸ ਸਮੇਤ .30 ਬੋਰ ਪਿਸਤੌਲ ਬਰਾਮਦ ਕੀਤਾ ਹੈ।ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ), ਪੰਜਾਬ ਗੌਰਵ ਯਾਦਵ ਨੇ ਦਿੱਤੀ।ਜ਼ਿਕਰਯੋਗ ਹੈ ਕਿ ਜਗਦੀਪ ਮੋਲਾ ਨੂੰ ਤਰਨਤਾਰਨ ਵਿਖੇ ਦੋ ਮੋਟਰਸਾਈਕਲ ਸਵਾਰ ਨੌਜਵਾਨਾਂ ਨੇ ਉਸ ਵੇਲੇ ਗੋਲੀ ਮਾਰ ਕੇ ਕਤਲ ਕਰ ਦਿੱਤਾ ਸੀ, ਜਦੋਂ ਉਹ 5 ਮਾਰਚ, 2025 ਨੂੰ ਦੁਪਹਿਰ 2 ਵਜੇ ਦੇ ਕਰੀਬ ਆਪਣੀ ਰਾਇਲ ਐਨਫੀਲਡ ਮੋਟਰਸਾਈਕਲ 'ਤੇ ਕਿਤੇ ਜਾ ਰਿਹਾ ਸੀ।ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਗ੍ਰਿਫ਼ਤਾਰ ਕੀਤਾ ਗਿਆ ਮੁਲਜ਼ਮ ਰਾਹੁਲ ਸਿੰਘ ਇਸ ਕੇਸ 'ਚ ਮੁੱਖ ਸ਼ੂਟਰ ਹੈ, ਜੋ ਹੋਰ ਸਪਲੈਂਡਰ ਮੋਟਰਸਾਈਕਲ 'ਤੇ ਪਿੱਛੇ ਬੈਠਾ ਸੀ। ਉਨ੍ਹਾਂ ਕਿਹਾ ਕਿ ਮੁਲਜ਼ਮ ਰਾਹੁਲ ਸਿੰਘ ਦਾ ਪੁਰਾਣਾ ਅਪਰਾਧਿਕ ਰਿਕਾਰਡ ਹੈ ਅਤੇ ਉਹ ਕਈ ਮਾਮਲਿਆਂ ਵਿੱਚ ਮੁੱਖ ਅਪਰਾਧੀ ਵਜੋਂ ਸ਼ਾਮਲ ਰਿਹਾ ਹੈ। ਸੀਨੀਅਰ ਸੁਪਰਡੈਂਟ ਆਫ਼ ਪੁਲਸ (ਐੱਸਐੱਸਪੀ) ਤਰਨਤਾਰਨ ਅਭਿਮਨਿਊ ਰਾਣਾ ਨੇ ਕਿਹਾ ਕਿ ਇਸ ਕਤਲ ਅਤੇ ਹੋਰ ਅਪਰਾਧਿਕ ਗਤੀਵਿਧੀਆਂ ਵਿੱਚ ਸ਼ਾਮਲ ਉਸਦੇ ਸਾਥੀਆਂ ਨੂੰ ਕਾਬੂ ਕਰਨ ਲਈ ਜਾਂਚ ਜਾਰੀ ਹੈ। ਉਨ੍ਹਾਂ ਅੱਗੇ ਕਿਹਾ ਕਿ ਦੋਸ਼ੀ ਕਈ ਮਾਮਲਿਆਂ ਵਿੱਚ ਸ਼ਾਮਲ ਰਿਹਾ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਹੋਰ ਸਫਲਤਾਵਾਂ ਮਿਲਣ ਦੀ ਉਮੀਦ ਹੈ।

# ਜੱਗਾ ਮਜੀਠਾ ਨੇ 21 ਲੱਖ ਰੁਪਏ ਨਾਲ ਮੁਕੰਮਲ ਹੋਏ ਵਿਕਾਸ ਕਾਰਜਾਂ ਦੇ ਕੀਤੇ ਉਦਘਾਟਨ



ਮਜੀਠਾ (ਸੋਇਮ ਆਨੰਦ)- ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਜਗਵਿੰਦਰ ਪਾਲ ਸਿੰਘ ਜੱਗਾ ਮਜੀਠਾ ਨੇ ਹਲਕੇ ਦੇ ਸਰਕਾਰੀ ਐਲੀਮੈਂਟਰੀ ਸਕੂਲ ਹਮਜਾ, ਅਠਵਾਲ ਅਤੇ ਗਲੋਵਾਲੀ ਸਕੂਲਾਂ ਦੇ 21 ਲੱਖ ਰੁਪਏ ਨਾਲ ਚਾਰ ਦਿਵਾਰੀ, ਕਲਾਸ ਰੂਮ ਆਦਿ ਵਿਕਾਸ ਕਾਰਜਾਂ ਦੇ ਮੁਕੰਮਲ ਹੋਣ ਤੇ ਉਦਘਾਟਨ ਕਰਦਿਆਂ ਕਿਹਾ। ਜੱਗਾ ਮਜੀਠਾ ਨੇ ਅੱਗੇ ਕਿਹਾ ਕਿ ਪੰਜਾਬ ਸਰਕਾਰ ਦਾ ਟੀਚਾ ਹੈ ਕਿ ਸੂਬਾ ਵਾਸੀਆਂ ਨੂੰ ਚੰਗੀਆਂ ਸਿਹਤ ਸਹੂਲਤਾਂ ਅਤੇ ਸਿੱਖਿਆ ਸਹੂਲਤਾਂ ਦਿੱਤੀਆਂ ਜਾਣਗੀਆਂ ਜਿਸ ਵਿਚ ਸਰਕਾਰ ਕਾਮਯਾਬ ਹੋ ਰਹੀ ਹੈ ਅਤੇ ਇਸ ਵਾਸਤੇ ਸਰਕਾਰ ਦੇ ਨਿਰੰਤਰ ਯਤਨ ਜਾਰੀ ਹਨ।ਜੱਗਾ ਮਜੀਠਾ ਨੇ ਲੋਕਾਂ ਪਾਸੋਂ ਇਸ ਕੰਮ ਵਾਸਤੇ ਸਹਿਯੋਗ ਦੀ ਮੰਗ ਕੀਤੀ ਅਤੇ ਕਿਹਾ ਕਿ ਜਿਥੇ ਕਿਤੇ ਕੋਈ ਕਮੀ ਲਗਦੀ ਹੈ ਤੁਰੰਤ ਉਨ੍ਹਾਂ ਦੇ ਧਿਆਨ ਵਿਚ ਲਿਆਂਦਾ ਜਾਵੇ ਤਾਂ ਜੋ ਉਹ ਸਾਰੀਆਂ ਕਮੀਆਂ ਦੂਰ ਕਰਵਾਉਣ ਦਾ ਯਤਨ ਕਰਨ। ਉਨ੍ਹਾਂ ਨੇ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਦੀ ਵੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਉਚ ਸਿੱਖਿਆ ਪ੍ਰਾਪਤ ਅਤੇ ਤਜਰਬੇਕਾਰ ਅਧਿਆਪਕਾਂ ਦੀ ਸਖ਼ਤ ਮਿਹਨਤ ਨਾਲ ਇਸ ਵਾਰ ਸਰਕਾਰੀ ਸਕੂਲਾਂ ਦੇ ਨਤੀਜੇ ਬਹੁਤ ਬਹਤਰ ਆਏ ਹਨ।ਇਸ ਮੌਕੇ ਜਗਵਿੰਦਰ ਪਾਲ ਸਿੰਘ ਜੱਗਾ ਮਜੀਠਾ ਦੇ ਨਾਲ ਆਕਾਸ਼ਦੀਪ ਸਿੰਘ ਮਜੀਠਾ, ਡਿਪਟੀ ਡਾਇਰੈਕਟਰ ਸਿੰਘ ਉਪਲ ਬਲਾਕ ਸਿੱਖਿਆ ਕੋਆਰਡੀਨੇਟਰ, ਪ੍ਰਿਤਪਾਲ ਸਿੰਘ ਬੱਲ ਬਲਾਕ ਪ੍ਰਧਾਨ ਮਜੀਠਾ, ਤਰਸੇਮ ਸਿੰਘ ਯੂਥ ਨਸ਼ਿਆਂ ਵਿਰੁੱਧ ਕੋਆਰਡੀਨੇਟਰ, ਸੁਖਚੈਨ ਸਿੰਘ ਬਲਾਕ ਪ੍ਰਧਾਨ, ਬਲਜੀਤ ਸਿੰਘ, ਨਿਰਮਲਾ ਸਰਪੰਚ ਗਲੋਵਾਲੀ, ਕੁਲਵੰਤ ਸਿੰਘ ਗਾਲੋਵਾਲੀ, ਧਰਮਵੀਰ ਹਮਜਾ, ਬਲਵਿੰਦਰ ਸਿੰਘ ਹਮਜਾ, ਸੁੱਖਾ ਹਮਜਾ, ਮੇਜਰ ਸਿੰਘ ਸਰਪੰਚ ਅਠਵਾਲ, ਸ਼ਮਸ਼ੇਰ ਸਿੰਘ ਅਠਵਾਲ, ਮੱਸਾ ਸਿੰਘ ਅਠਵਾਲ, ਸੇਵਾ ਸਿੰਘ ਅਠਵਾਲ, ਪ੍ਰਤਾਪ ਸਿੰਘ ਕੈਰੋ, ਸਵਿੰਦਰ ਸਿੰਘ ਟਰਪਈ, ਪਵਨ ਭੰਗਾਲੀ, ਚੰਨਪ੍ਰੀਤ ਸਿੰਘ ਸਰਪੰਚ ਅਜੈਬਵਾਲੀ, ਲਖਵਿੰਦਰ ਸਿੰਘ ਸਰਪੰਚ ਬੇਗੇਵਾਲ, ਕਾਬਲ ਸਿੰਘ ਗਿੱਲ ਮਜੀਠਾ ਸਮੇਤ ਸਕੂਲਾਂ ਦੇ ਪ੍ਰਿੰਸੀਪਲ, ਹੈੱਡ ਮਾਸਟਰ, ਸਟਾਫ ਮੈਬਰ ਤੇ ਵਿਦਿਆਰਥੀ ਹਾਜ਼ਰ ਸਨ।

# ਮਾਨਸਿਕ ਸਿਹਤ ਸੰਬੰਧੀ ਜਾਗਰੂਕਤਾ ਸਮਾਗਮ ਅੱਜ

ਕੁਰਾਲੀ (ਮੋਹਨ ਅੰਗਰਾਵਾਲ)- ਪਿਛਲੇ 21 ਸਾਲਾਂ ਤੋਂ ਮਾਨਸਿਕ ਸਿਹਤ ਦੇ ਸੁਧਾਰ ਲਈ ਪ੍ਰਭੂ ਆਸਰਾ ਪਡਿਆਲਾ (ਕੁਰਾਲੀ) ਸੰਸਥਾ ਨਿਰੰਤਰ ਯਤਨਸ਼ੀਲ ਹੈ। ਜਿੱਥੇ 28 ਮਈ ਬੁੱਧਵਾਰ ਨੂੰ ਸ਼ਾਮ 03:00 ਤੋਂ 06:00 ਵਜੇ ਤੱਕ ਮਾਨਸਿਕ ਸਿਹਤ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਜਾ ਰਿਹਾ ਹੈ। ਜਿਸ ਬਾਰੇ ਸੰਸਥਾ ਮੁਖੀ ਸ਼ਮਸ਼ੇਰ ਸਿੰਘ ਅਤੇ ਬੀਬੀ ਰਜਿੰਦਰ ਕੌਰ ਨੇ ਦੱਸਿਆ ਕਿ ਸਮਾਗਮ ਵਿੱਚ ਸਮਾਜਿਕ ਧਾਰਮਿਕ ਸ਼ਖਸੀਅਤਾਂ ਅਤੇ ਵੱਖ-ਵੱਖ ਯੂਨੀਵਰਸਿਟੀਆਂ/ਕਾਲਜਾਂ/ ਸੰਸਥਾਵਾਂ ਦੇ ਵਿਦਿਆਰਥੀ ਉਚੇਚੇ ਤੌਰ 'ਤੇ ਸ਼ਾਮਲ ਹੋਣਗੇ। ਸਿਨੇਮਾ, ਟੈਲੀਵਿਜ਼ਨ ਤੇ ਰੰਗਮੰਚ ਦੀ ਪ੍ਰਸਿੱਧ ਸ਼ਖਸੀਅਤ ਗੁਰਪ੍ਰੀਤ ਘੁੱਗੀ ਅਤੇ ਮਾਨਸਿਕ ਸਿਹਤ ਮਾਹਰਾਂ ਨਾਲ ਪ੍ਰਭਾਵਸ਼ਾਲੀ ਸਵਾਲ-ਜਵਾਬ ਸੈਸ਼ਨ ਹੋਵੇਗਾ। ਜਿਸ ਦੌਰਾਨ ਹਾਜ਼ਰ ਸਰੋਤਿਆਂ ਵਿੱਚੋਂ ਕੋਈ ਵੀ ਮਾਨਸਿਕ ਸਿਹਤ ਸਬੰਧੀ ਖੁੱਲ੍ਹ ਕੇ ਸਵਾਲ ਕਰ ਸਕੇਗਾ। ਉਨ੍ਹਾਂ ਸਮੂਹ ਸੰਗਤ ਨੂੰ ਸ਼ਾਮਲ ਹੋ ਕੇ ਲਾਭ ਉਠਾਉਣ ਦਾ ਨਿੱਘਾ ਸੱਦਾ ਦਿੱਤਾ।

# ਬੱਲੋਵਾਲੀ 'ਚ ਅੱਗ ਦੀ ਭੇਟ ਚੜ੍ਹੇ ਪਸ਼ੂਆਂ ਦੇ ਮਾਲਕ ਨੂੰ ਸਰਕਾਰ ਮੁਆਵਜ਼ਾ ਦੇਵੇ : ਸੱਚਰ



ਮਜੀਠਾ (ਸੋਇਮ ਆਨੰਦ)- ਬੀਤੇ ਦਿਨੀਂ ਚੱਲੀ ਤੇਜ਼ ਹਨੇਰੀ ਕਾਰਨ ਜਿੱਥੇ ਬਹੁਤ ਸਾਰੇ ਲੋਕਾਂ ਦਾ ਭਾਰੀ ਜਾਨੀ ਤੇ ਮਾਲੀ ਨੁਕਸਾਨ ਹੋਇਆ ਓਥੇ ਹਲਕਾ ਮਜੀਠਾ ਦੇ ਪਿੰਡ ਬੱਲੋਵਾਲੀ ਵਿੱਚ ਗਰੀਬ ਕਿਸਾਨ ਜਗੀਰ ਸਿੰਘ ਦੇ ਘਰ ਲੱਗੀ ਅੱਗ ਨੇ ਸਾਰਾ ਕੁਝ ਤਹਿਸ ਨਹਿਸ ਕਰ ਦਿੱਤਾ ਜਿਸ ਵਿੱਚ ਦੁੱਧ ਦੇਣ ਵਾਲੇ ਦੋ ਡੰਗਰਾਂ ਦੀ ਮੌਤ ਹੋ ਗਈ ਤੇ ਬਾਕੀ ਪੰਜ ਛੇ ਡੰਗਰ ਭਾਰੀ ਅੱਗ ਦੀ ਲਪੇਟ ਵਿੱਚ ਆਉਣ ਕਾਰਨ ਬੁਰੀ ਤਰ੍ਹਾਂ ਝੁਲਸ ਗਏ ਹਨ ਤੇ ਇੱਕ ਕੱਟੀ ਅੱਖਾਂ ਤੋਂ ਅੰਨ੍ਹੀ ਹੋ ਗਈ ਸੀ। ਹਲਕਾ ਮਜੀਠਾ ਦੇ ਕਾਂਗਰਸ ਦੇ ਹਲਕਾ ਇੰਚਾਰਜ ਭਗਵੰਤਪਾਲ ਸਿੰਘ ਸੱਚਰ ਨੇ ਸਾਥੀਆਂ ਸਮੇਤ ਪੀੜਤ ਪਰਿਵਾਰ ਦੇ ਘਰ ਜਾ ਕੇ ਜਾਨੀ ਮਾਲੀ ਨੁਕਸਾਨ ਕਾਰਨ ਉਪਰੰਤ ਦੁੱਖ ਸਾਂਝਾ ਕਰਦਿਆਂ ਕਿਹਾ ਕਿ ਸਰਕਾਰ ਨੂੰ ਵੀ ਇਸ ਪੀੜਤ ਪਰਿਵਾਰ ਦੀ ਮਦਦ ਕਰਦਿਆਂ ਫੌਰ ਮੁਹੱਈਆ ਕਰਵਾਇਆ ਜਾਵੇ ਤਾਂ ਜੋ ਆਪਣੇ ਪਰਿਵਾਰ ਦਾ ਪਾਲਣ ਪੋਸ਼ਣ ਕਰ ਸਕੇ। ਇਸ ਮੌਕੇ ਸਾਬਕਾ ਚੇਅਰਮੈਨ ਜਗਦੇਵ ਸਿੰਘ ਬੱਗਾ, ਬਲਾਕ ਕਾਂਗਰਸ ਮਜੀਠਾ ਦੇ ਪ੍ਰਧਾਨ ਸਤਨਾਮ ਸਿੰਘ ਕਾਜ਼ੀਕੋਟ, ਸਰਪੰਚ ਸ਼ਮਸ਼ੇਰ ਸਿੰਘ ਬਾਬੋਵਾਲ, ਸਾਬਕਾ ਸਰਪੰਚ ਗੁਰਿੰਦਰ ਸਿੰਘ ਫੱਤੂਭੀਲਾ, ਵਿਨੋਦ ਕੁਮਾਰ ਰੁਪੋਵਾਲੀ ਬ੍ਰਾਹਮਣਾਂ, ਹਰਮਨ ਸਿੰਘ ਟਾਹਲੀ ਸਾਹਿਲ , ਨੰਬਰਦਾਰ ਗੁਰਪ੍ਰੀਤ ਸਿੰਘ ਰਾਮਦਿਵਾਲੀ ਅਤੇ ਅਸ਼ੋਕ ਕੁਮਾਰ ਮੱਤੇਵਾਲ ਵੀ ਨਾਲ ਸਨ।

# ਸੱਚਰ ਵੱਲੋਂ ਕੁਲਬੀਰ ਸਿੰਘ ਆੜ੍ਹਤੀਏ ਦੇ ਪਰਿਵਾਰ ਨਾਲ ਦੁੱਖ ਸਾਂਝਾ



ਤਰਸਿੱਕਾ (ਤਰਸੇਮ ਸਿੰਘ ਸਾਧਪੁਰ)- ਬੀਤੇ ਦਿਨੀਂ ਕੁਲਬੀਰ ਸਿੰਘ ਡਾਹਰੀਕੇ ਅੱਡਾ ਟਾਹਲੀ ਸਾਹਿਬ ਅਕਾਲ ਚਲਾਣਾ ਕਰ ਗਏ ਸਨ, ਜਿਨ੍ਹਾਂ ਦੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਕਾਂਗਰਸ ਪਾਰਟੀ ਦੇ ਹਲਕਾ ਮਜੀਠਾ ਦੇ ਇੰਚਾਰਜ ਭਗਵੰਤਪਲ ਸਿੰਘ ਸੱਚਰ ਉਨ੍ਹਾਂ ਦੇ ਗ੍ਰਹਿ ਵਿਖੇ ਪਹੁੰਚੇ ਜਿਨ੍ਹਾਂ ਨੇ ਪੀੜਤ ਪਰਿਵਾਰ ਨਾਲ ਦੁੱਖ ਸਾਂਝਾ ਕਰਦਿਆਂ ਕੁਲਬੀਰ ਸਿੰਘ ਦੀ ਮੌਤ ਨੂੰ ਪਰਿਵਾਰ ਅਤੇ ਆਪਣੀ ਪਾਰਟੀ ਲਈ ਵੱਡਾ ਘਾਟਾ ਦੱਸਿਆ। ਇਸ ਮੌਕੇ ਸਾਬਕਾ ਚੇਅਰਮੈਨ ਗੁਰਮੀਤ ਸਿੰਘ ਭੀਲੋਵਾਲ, ਸੀਨੀਅਰ ਕਾਂਗਰਸੀ ਆਗੂ ਝਿਲਮਿਲ ਸਿੰਘ ਸਾਧਪੁਰ, ਸੁਰਜੀਤ ਸਿੰਘ ਬਾਠ ਭੀਲੋਵਾਲ ਆਦਿ ਆਗੂ ਵੀ ਹਾਜ਼ਰ ਸਨ।

# ਗੈਰ-ਬਰਾਂਡਿਡ ਬੰਦ ਬੋਤਲਾਂ ਦਾ ਪਾਣੀ ਲੋਕਾਂ ਦੀ ਜ਼ਿੰਦਗੀ ਨਾਲ ਖਿਲਵਾੜ, ਸਿਹਤ ਵਿਭਾਗ ਸੁੱਤਾ ਕੁੰਭਕਰਨੀ ਨੀਂਦ

ਗੁਰਦਾਸਪੁਰ (ਜਨਕ ਮਹਾਜਨ)- ਬੰਦ ਬੋਤਲਾਂ ਅਤੇ ਕੱਪਾਂ ਵਿਚ ਗੈਰ ਬਰਾਂਡਿਡ ਕੰਪਨੀਆਂ ਵਲੋਂ ਘਟੀਆ ਮਿਆਰ ਦਾ ਪਾਣੀ ਵਿਕਣ ਨਾਲ ਲੋਕਾਂ ਦੀ ਸਿਹਤ ਨਾਲ ਸ਼ਰੇਆਮ ਖਿਲਵਾੜ ਕੀਤਾ ਜਾ ਰਿਹਾ ਹੈ। ਇਹ ਪਾਣੀ ਸ਼ਰੇਆਮ ਪੈਲੇਸਾਂ ਤੋਂ ਇਲਾਵਾ ਆਮ ਲੋਕਾਂ ਵਲੋਂ ਪੀਤਾ ਜਾਂਦਾ ਹੈ ਪਰ ਇਸ ਘਟੀਆ ਮਿਆਰ ਦੇ ਪਾਣੀ ਦੀ ਵਰਤੋਂ ਰੋਕਣ ਲਈ ਸਿਹਤ ਵਿਭਾਗ ਵਲੋਂ ਕੋਈ ਗੰਭੀਰਤਾ ਨਹੀਂ ਦਿਖਾਈ ਜਾ ਰਹੀ। ਇਸ ਸਬੰਧੀ ਗੱਲਬਾਤ ਕਰਦੇ ਹੋਏ ਕੁਝ ਲੋਕਾਂ ਨੇ ਦੱਸਿਆ ਕਿ ਇਸ ਘਟੀਆ ਮਿਆਰ ਦੇ ਪਾਣੀ ਦੀਆਂ ਗੈਰ ਬਰਾਂਡਿਡ ਕੰਪਨੀਆਂ ਬਣੀਆਂ ਹੋਈਆਂ ਹਨ ਜਿਨ੍ਹਾਂ ਨੇ ਕਿਸੇ ਵੀ ਸਰਕਾਰੀ ਵਿਭਾਗ ਪਾਸੋਂਕਿਸੇ ਕਿਸਮ ਦਾ ਲਾਈਸੈਂਸ ਜਾਂ ਅਥਾਰਿਟੀ ਨਹੀਂ ਲਈ ਹੁੰਦੀ। ਇਹ ਪਾਣੀ ਬੇਸਵਾਦਾ ਹੋਣ ਕਰਕੇ ਲੋਕਾਂ ਲਈ ਬੇਹਦ ਖਤਰਨਾਕ ਹੈ। ਲੋਕਾਂ ਦਾ ਕਹਿਣਾ ਕਿ ਇਹ ਪਾਣੀ ਸਮਰਸੀਬਲ ਪੰਪਾਂ ਦੁਆਰਾ ਦੀ ਬੋਤਲਾਂ ਵਿਚ ਭਰਿਆ ਜਾਂਦਾ ਹੈ ਅਤੇ ਇਸ ਨੂੰ ਵੀ ਬਾਜ਼ਾਰਾਂ ਵਿਚ ਦੁਕਾਨਾਂ ਰਾਹੀਂ ਵੇਚਿਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਘਟੀਆ ਬੰਦ ਬੋਤਲਾਂ ਵਾਲਾ ਪਾਣੀ ਪੀਣ ਨਾਲ ਪੇਟ ਦੀਆਂ ਬਿਮਾਰੀਆਂ ਵਿੱਚ ਜ਼ਿਆਦਾਤਰ ਵਾਧਾ ਹੁੰਦਾ ਅਤੇ ਘਟੀਆ ਪਾਣੀ ਬਣਾ ਕੇ ਵੇਚਣ ਵਾਲਿਆਂ ਖਿਲਾਫ ਕੋਈ ਵੀ ਕਾਰਵਾਈ ਨਹੀਂ ਹੁੰਦੀ। ਇਸ ਘਟੀਆ ਮਿਆਰ ਦੇ ਪਾਣੀ ਦੀ ਵਿਕਰੀ ਨਾਲ ਵਧੀਆ ਮਿਆਰ ਵਾਲੇ ਪਾਣੀ ਦੀ ਵਿਕਰੀ ਘੱਟ ਜਾਂਦੀ ਹੈ ਕਿਉਂ ਜੋ ਘਟੀਆ ਮਿਆਰ ਵਾਲਾ ਪਾਣੀ ਵਧੀਆ ਕੰਪਨੀ ਦੇ ਪਾਣੀ ਨਾਲੋਂ ਥੋੜਾ ਸਸਤਾ ਹੁੰਦਾ ਅਤੇ ਸਸਤਾ ਪਾਣੀ ਦੇਖ ਕੇ ਘੱਟ ਪੜੇ ਲਿਖੇ ਅਤੇ ਗਰੀਬ ਲੋਕ ਇਸ ਪਾਣੀ ਨੂੰ ਤਰਜੀਹ ਦਿੰਦੇ ਹਨ ਜੋ ਬਾਅਦ ਵਿੱਚ ਕਈ ਬਿਮਾਰੀਆਂ ਦਾ ਸ਼ਿਕਾਰ ਹੁੰਦੇ ਹਨ। ਲੋਕਾਂ ਨੇ ਸਿਹਤ ਵਿਭਾਗ ਪਾਸੋਂ ਮੰਗ ਕੀਤੀ ਗਈ ਘਟੀਆ ਮਿਆਰ ਵਾਲਾ ਪਾਣੀ ਵੇਚਣ ਵਾਲਿਆਂ ਖਿਲਾਫ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ ਤਾਂ ਜੋ ਲੋਕਾਂ ਦੀ ਜ਼ਿੰਦਗੀ ਨਾਲ ਖਿਲਵਾੜ ਹੋਣ ਤੋਂ ਬਚਾ ਹੋ।

# 'ਨਸ਼ਾ ਮੁਕਤੀ ਯਾਤਰਾ' ਨੂੰ ਲੋਕਾਂ ਵੱਲੋਂ ਮਿਲ ਰਿਹੈ ਭਰਵਾਂ ਹੁੰਗਾਰਾ : ਸ਼ੈਰੀ ਕਲਸੀ



ਬਟਾਲਾ (ਡਾ. ਮਲਵਿੰਦਰ ਸਿੰਘ)- ਅਸੀਂ ਸੂਬੇ ਦੀ ਜਵਾਨੀ ਨੂੰ ਬਚਾਉਣਾ ਹੈ ਅਤੇ ਪੰਜਾਬ ਦੀ ਜਵਾਨੀ ਨੂੰ ਗਲਤ ਰਾਹ 'ਤੇ ਲੈ ਜਾਣ ਵਾਲਿਆਂ ਨੂੰ ਕਿਸੇ ਵੀ ਹਾਲਤ ਵਿੱਚ ਬਖਸ਼ਿਆ ਨਹੀਂ ਜਾਵੇਗਾ। ਨਸ਼ਿਆਂ ਦੇ ਸੌਦਾਗਰਾਂ ਵੱਲੋਂ ਨਸ਼ੇ ਵੇਚ ਕੇ ਬਣਾਈਆਂ ਗਈਆਂ ਜਾਇਦਾਦਾਂ ਨੂੰ ਵੀ ਢਾਹਿਆ ਗਿਆ ਹੈ ਅਤੇ ਢਾਹਿਆ ਜਾ ਰਿਹਾ ਹੈ ਤਾਂ ਜੋ ਮੁੜ ਤੋਂ ਕੋਈ ਵੀ ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਦੀ ਆਦਤ ਵਿੱਚ ਨਾ ਫਸਾ ਸਕੇ।ਇਹ ਪ੍ਰਗਟਾਵਾ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਨੌਜਵਾਨ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਨਸ਼ਾ ਮੁਕਤੀ ਯਾਤਰਾ ਤਹਿਤ ਬਟਾਲਾ ਸ਼ਹਿਰ ਵਾਰਡ ਨੰਬਰ 32, ਸੇਖੜੀਆਂ ਮੁਹੱਲਾ ਵਿੱਚ ਕੀਤੀ ਜਨ ਸਭਾ ਦੌਰਾਨ ਕੀਤਾ।ਸ਼ੈਰੀ ਕਲਸੀ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਪੰਜਾਬ ਸਰਕਾਰ ਵੱਲੋਂ ਨਸ਼ਾ ਤਸਕਰਾਂ ਉਪਰ ਮਿਸਾਲੀ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ ਅਤੇ ਸੂਬੇ ਨੂੰ ਮੁੜ ਹੱਸਦਾ-ਵਸਦਾ ਤੇ ਰੰਗਲਾ ਪੰਜਾਬ ਬਣਾਉਣ ਵੱਲ ਅੱਗੇ ਵੱਧ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਯਤਨਾਂ ਸਦਕਾ ਨਸ਼ਾ ਤਸਕਰ ਜਾਂ ਤਾਂ ਜੇਲ੍ਹਾਂ ਵਿੱਚ ਹਨ ਜਾਂ ਫਿਰ ਪੰਜਾਬ ਛੱਡ ਕੇ ਭੱਜ ਚੁੱਕੇ ਹਨ।ਹੁਣ ਇਹ ਮੁਹਿੰਮ ਜ਼ਮੀਨੀ ਪੱਧਰ ਭਾਵ ਪਿੰਡਾਂ ਅਤੇ ਵਾਰਡਾਂ ਵਿਚੋਂ ਚੱਲਣ ਲੱਗੀ ਹੈ, ਜਿਸ ਨੂੰ ਨਸ਼ਾ ਮੁਕਤੀ ਯਾਤਰਾ ਦਾ ਨਾਮ ਦਿੱਤਾ ਗਿਆ ਹੈ, ਜਿਸ ਨੂੰ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ।ਇਸ ਮੌਕੇ ਅੰਮ੍ਰਿਤ ਕਲਸੀ, ਵਿਜੈ ਪਾਲ ਸਿੰਘ, ਪਰਦੀਪ ਕੁਮਾਰ, ਬੰਟੀ ਸ਼ਰਮਾ, ਰਵਿੰਦਰ ਬਾਂਸਲ, ਵਿਸ਼ਾਲ ਕਪੂਰ, ਹਨੀ ਕੱਦ, ਅਭੀ ਸੂਰੀ, ਵਿਕਰਮ, ਟੋਨੀ, ਮਨਜੀਤ ਸਿੰਘ, ਵੀਨੂੰ ਕਾਹਲੋਂ, ਲੰਬੜਦਾਰ ਅਮਰੀਕ ਸਿੰਘ ਸਮੇਤ ਵਾਰਡਾਂ ਦੇ ਮੋਹਤਬਰ ਅਤੇ ਨੌਜਵਾਨ ਵੱਡੀ ਗਿਣਤੀ ਵਿੱਚ ਮੌਜੂਦ ਸਨ।

# ਰੈਨਾ ਐਜੂਕੇਸ਼ਨ ਫਾਊਂਡੇਸ਼ਨ ਵੱਲੋਂ ਵਿਦਿਆਰਥੀਆਂ ਨੂੰ ਮੁਫ਼ਤ ਟਰੇਨਿੰਗ ਦਿੱਤੀ ਜਾਵੇਗੀ : ਜ਼ਿਲ੍ਹਾ ਰੁਜ਼ਗਾਰ ਅਫ਼ਸਰ



ਗੁਰਦਾਸਪੁਰ (ਜਨਕ ਮਹਾਜਨ)- ਪੰਜਾਬ ਦੇ ਨੌਜਵਾਨਾਂ ਨੂੰ ਹੁਨਰਮੰਦ ਅਤੇ ਰੋਜ਼ਗਾਰ ਦਿਵਾਉਣ ਦੇ ਮਕਸਦ ਨਾਲ ਪੰਜਾਬ ਸਕਿੱਲ ਡਿਵੈਲਪਮੈਂਟ ਮਿਸ਼ਨ ਚੰਡੀਗੜ੍ਹ ਵੱਲੋਂ ਰੈਨਾ ਐਜੂਕੇਸ਼ਨ ਫਾਊਂਡੇਸ਼ਨ ਨਾਲ ਮੈਮੋਰੰਡਮ ਆਫ਼ ਅੰਡਰਸਟੈਂਡਿੰਗ ਸਾਈਨ ਕੀਤਾ ਗਿਆ ਹੈ। ਪੰਜਾਬ ਸਰਕਾਰ ਦੇ ਐੱਮਓਯੂ ਅਨੁਸਾਰ ਰੈਨਾ ਐਜੂਕੇਸ਼ਨ ਫਾਊਂਡੇਸ਼ਨ ਵੱਲੋਂ ਵਿਦਿਆਰਥੀਆਂ ਨੂੰ ਵੱਖ-ਵੱਖ ਨਿੱਜੀ ਕੰਪਨੀਆਂ ਦੇ ਵਿੱਚ ਮੁਫ਼ਤ ਟਰੇਨਿੰਗ ਦਿੱਤੀ ਜਾਵੇਗੀ ਅਤੇ ਸਫਲਤਾ-ਪੂਰਵਕ ਟਰੇਨਿੰਗ ਪ੍ਰਾਪਤ ਕਰਨ ਵਾਲੇ ਪ੍ਰਾਰਥੀਆਂ ਨੂੰ ਵੱਖ-ਵੱਖ ਨਿੱਜੀ ਕੰਪਨੀਆਂ ਵਿਖੇ ਨੌਕਰੀ ਦੇ ਮੌਕੇ ਪ੍ਰਦਾਨ ਕੀਤੇ ਜਾਣਗੇ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਰੁਜ਼ਗਾਰ ਅਫ਼ਸਰ ਪ੍ਰਸ਼ੋਤਮ ਸਿੰਘ ਨੇ ਕਿਹਾ ਹੈ ਕਿ ਜ਼ਿਲ੍ਹਾ ਗੁਰਦਾਸਪੁਰ ਦੇ ਗਰੈਜੂਏਸ਼ਨ ਕਰ ਚੁੱਕੇ ਪ੍ਰਾਰਥੀ ਜੋ ਕਿ ਨਿੱਜੀ ਕੰਪਨੀਆਂ ਦੇ ਵਿੱਚ ਟਰੇਨਿੰਗ ਕਰਨ ਉਪਰੰਤ ਨੌਕਰੀ ਕਰਨ ਦੇ ਚਾਹਵਾਨ ਹਨ, ਉਹ ਪ੍ਰਾਰਥੀ ਸਟੈੱਪ-1 ਵਿੱਚ ਆਪਣਾ ਨਾਮ ਆਨਲਾਈਨ ਵੈੱਬਸਾਈਟ) 'ਤੇ ਰਜਿਸਟਰ ਕਰ ਸਕਦੇ ਹਨ। ਆਨਲਾਈਨ ਵੈੱਬਸਾਈਟ ਤੇ ਰਜਿਸਟਰ ਕਰਨ ਉਪਰੰਤ ਪ੍ਰਾਰਥੀ ਸਟੈੱਪ-2 ਵਿੱਚ ਆਪਣੀ ਈ-ਮੇਲ ਦੇ ਨਾਲ ਵੈੱਬਸਾਈਟ 'ਤੇ ਲਾਗ-ਇਨ ਕਰਕੇ ਸਕਿੱਲ ਅਸੈਸਮੈਂਟ ਟੈੱਸਟ ਆਨਲਾਈਨ ਪੋਰਟਲ 'ਤੇ ਮੁਫ਼ਤ ਟੈਸਟ ਦੇ ਸਕਦੇ ਹਨ। ਜ਼ਿਲ੍ਹਾ ਰੁਜ਼ਗਾਰ ਅਫ਼ਸਰ ਨੇ ਕਿਹਾ ਕਿ ਵਧੇਰੇ ਜਾਣਕਾਰੀ ਲਈ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਗੁਰਦਾਸਪੁਰ ਵਿਖੇ ਸੰਪਰਕ ਕਰ ਸਕਦੇ ਹਨ।

# ਟੋਯੋਟਾ ਫਾਰਚੂਨਰ ਤੇ ਲੀਜੈਂਡਰ ਨੇ ਵਾਹਨਾਂ ਦੀ ਵਿਕਰੀ ਦਾ ਇਤਿਹਾਸਕ ਮੀਲ ਪੱਥਰ ਗੱਡਿਆ

ਜਲੰਧਰ : ਟੋਯੋਟਾ ਕਿਰਲੋਸਕਰ ਮੋਟਰ (ਟੀਕੇਐੱਮ) ਨੇ ਇਕ ਮਹੱਤਵਪੂਰਨ ਉਪਲਬਧੀ ਦਾ ਐਲਾਨ ਕੀਤਾ ਹੈ।ਇਹ ਉਪਲਬਧੀ ਹੈ ਫਾਰਚੂਨਰ ਅਤੇ ਲੀਜੈਂਡਰ ਦੀ ਕੁੱਲ ਤਿੰਨ ਲੱਖ ਯੂਨਿਟਾਂ ਦੀ ਵਿਕਰੀ।ਟੋਯੋਟਾ ਫਾਰਚੂਨਰ ਲੰਬੇ ਸਮੇਂ ਤੋਂ ਐੱਸਯੂਵੀ ਸੈਗਮੈਂਟ ਵਿੱਚ ਇਕ ਮਿਆਰੀ ਵਾਹਨ ਰਹੀ ਹੈ, ਜੋ ਸ਼ਾਨਦਾਰ ਪ੍ਰਦਰਸ਼ਨ ਅਤੇ ਮਜ਼ਬੂਤੀ ਦਾ ਬੇਮਿਸਾਲ ਜੋੜ ਪੇਸ਼ ਕਰਦੀ ਹੈ।ਟੋਯੋਟਾ ਫਾਰਚੂਨਰ ਸਿਰਫ਼ ਕਾਰਗੁਜ਼ਾਰੀ ਲਈ ਨਹੀਂ ਬਣਾਈ ਗਈ, ਇਹ ਇੱਕ ਬਿਆਨ ਦੇਣ ਲਈ ਤਿਆਰ ਕੀਤੀ ਗਈ ਹੈ।ਸੇਲਜ਼-ਸਰਵਿਸ-ਯੂਜ਼ਡ ਕਾਰ ਬਿਜ਼ਨਸ ਦੇ ਵਾਈਸ ਪ੍ਰੈਜ਼ੀਡੈਂਟ ਵਰਿੰਦਰ ਵਧਵਾ ਨੇ ਕਿਹਾ ਕਿ ਅਸੀਂ ਭਾਰਤ ਵਿੱਚ ਫਾਰਚੂਨਰ ਅਤੇ ਲੀਜੈਂਡਰ ਦੇ ਉਤਸ਼ਾਹੀ ਪ੍ਰਸ਼ੰਸਕਾਂ ਪ੍ਰਤੀ ਹਾਰਦਿਕ ਧੰਨਵਾਦ ਪ੍ਰਗਟ ਕਰਦੇ ਹਾਂ ਜਿਨ੍ਹਾਂ ਨੇ ਸਾਡੇ ਬ੍ਰਾਂਡ ਉਤੇ ਅਟੁੱਟ ਭਰੋਸਾ ਜਤਾਇਆ ਹੈ।

# ਤੰਦਰੁਸਤ ਜਵਾਨੀ ਰੰਗਲਾ ਪੰਜਾਬ ਸਿਰਜਣ 'ਚ ਅਹਿਮ ਭੂਮਿਕਾ ਨਿਭਾਏਗੀ : ਐਡ. ਅਮਰਪਾਲ ਸਿੰਘ



ਸ੍ਰੀ ਹਰਗੋਬਿੰਦਪੁਰ ਸਾਹਿਬ (ਡਾ. ਮਲਵਿੰਦਰ ਸਿੰਘ)- ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਕਿਸ਼ਨਕੋਟ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਤਹਿਤ ਸੂਬੇ ਨੂੰ ਨਸ਼ਾ ਮੁਕਤ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਜਦੋਂ ਨਸ਼ਾ ਮੁੱਕੇਗਾ ਤਾਂ ਸਾਡੀ ਤੰਦਰੁਸਤ ਜਵਾਨੀ, ਰੰਗਲਾ ਪੰਜਾਬ ਸਿਰਜਣ ਵਿੱਚ ਅਹਿਮ ਭੂਮਿਕਾ ਨਿਭਾਏਗੀ।ਵਿਧਾਨ ਸਭਾ ਹਲਕੇ ਦੇ ਪਿੰਡ ਘੁਮਾਣ ਅਤੇ ਵੀਲਾ ਬੱਜੂ ਵਿੱਚ ਨਸ਼ਾ ਮੁਕਤੀ ਯਾਤਰਾ ਤਹਿਤ ਕਰਵਾਈਆਂ ਗ੍ਰਾਮ ਸਭਾਵਾਂ ਨੂੰ ਸੰਬੋਧਨ ਕਰਦਿਆਂ ਵਿਧਾਇਕ ਅਮਰਪਾਲ ਸਿੰਘ ਨੇ ਕਿਹਾ ਕਿ ਅਸੀਂ ਚੋਣਾਂ ਤੋਂ ਪਹਿਲਾਂ ਵਾਅਦਾ ਕੀਤਾ ਸੀ ਕਿ ਸੂਬੇ ਨੂੰ ਨਸ਼ਾ ਮੁਕਤ ਕੀਤਾ ਜਾਵੇਗਾ ਅਤੇ ਇਸ ਮੁਹਿੰਮ ਨੂੰ ਹੁਣ ਮੁਕਾਮ ਤੱਕ ਪਹੁੰਚਾਉਣ ਲਈ ਕਾਰਵਾਈ ਕੀਤੀ ਜਾ ਰਹੀ ਹੈ।ਉਨ੍ਹਾਂ ਨੇ ਕਿਹਾ ਕਿ ਪਿੰਡ ਪਿੰਡ ਜਾ ਕੇ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ ਕਿ ਜੇਕਰ ਕੋਈ ਪਿੰਡ ਵਿੱਚ ਨਸ਼ੇ ਵੇਚਦਾ ਹੈ ਤਾਂ ਉਸ ਦੀ ਸੂਚਨਾ ਦਿਓ, ਸੂਚਨਾ ਦੇਣ ਵਾਲੇ ਦੀ ਪਹਿਚਾਣ ਗੁਪਤ ਰੱਖਦੇ ਹੋਏ ਦੋਸ਼ੀ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ।ਇਸ ਮੌਕੇ ਪਿੰਡਾਂ ਦੇ ਮੋਹਤਬਰ, ਨੌਜਵਾਨ ਆਦਿ ਵੱਡੀ ਗਿਣਤੀ ਵਿੱਚ ਮੌਜੂਦ ਸਨ।

# ਖੁਰਾਕ ਸੁਰੱਖਿਆ ਵਿੰਗ ਨੇ ਡੇਅਰੀਆਂ, ਫਲਾਂ ਤੇ ਮੀਟ ਦੀਆਂ ਦੁਕਾਨਾਂ ਦੀ ਕੀਤੀ ਜਾਂਚ

● 29 ਦੇ ਲੱਗਭੱਗ ਖਾਣ ਵਾਲੀਆਂ ਚੀਜ਼ਾਂ ਦੇ ਸੈਂਪਲ ਭਰ ਕੇ ਜਾਂਚ ਲਈ ਭੇਜੇ



ਤਰਨ ਤਾਰਨ (ਪ੍ਰਿਤਪਾਲ ਸਿੰਘ)- ਜ਼ਿਲ੍ਹਾ ਤਰਨ ਤਾਰਨ ਦੇ ਡਿਪਟੀ ਕਮਿਸ਼ਨਰ ਰਾਹੁਲ ਅਤੇ ਸਿਵਲ ਸਰਜਨ ਡਾਕਟਰ ਗੁਰਪ੍ਰੀਤ ਸਿੰਘ ਰਾਏ ਵੱਲੋਂ ਪ੍ਰਾਪਤ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਹੋਇਆਂ ਜ਼ਿਲ੍ਹਾ ਸਿਹਤ ਅਫਸਰ ਡਾਕਟਰ ਸੁਖਬੀਰ ਕੌਰ ਦੀ ਅਗਵਾਈ ਹੇਠ ਖੁਰਾਕ ਸੁਰੱਖਿਆ ਵਿੰਗ ਦੀ ਟੀਮ ਵੱਲੋਂ ਸੋਮਵਾਰ ਨੂੰ ਜ਼ਿਲ੍ਹੇ ਦੀਆਂ ਡੇਅਰੀਆਂ, ਫਲਾਂ ਦੀਆਂ ਦੁਕਾਨਾਂ ਅਤੇ ਚਿਕਨ ਸ਼ਾਪਜ ਦੀ ਜਾਂਚ ਕੀਤੀ ਗਈ।ਸਿਵਲ ਸਰਜਨ ਡਾਕਟਰ ਗੁਰਪ੍ਰੀਤ ਸਿੰਘ ਰਾਏ ਨੇ ਕਿਹਾ ਕਿ ਸਿਹਤ ਵਿਭਾਗ ਦੇ ਖੁਰਾਕ ਸੁਰੱਖਿਆ ਵਿੰਗ ਸਮੇਂ ਸਮੇਂ ਸਿਰ ਖਾਣ ਪੀਣ ਵਾਲੀਆਂ ਵਸਤੂਆਂ ਦੀ ਜਾਂਚ ਕੀਤੀ ਜਾਂਦੀ ਹੈ ਅਤੇ ਇਸ ਗੱਲ ਨੂੰ ਯਕੀਨੀ ਬਣਾਇਆ ਜਾਂਦਾ ਹੈ ਕਿ ਕੋਈ ਵੀ ਦੁਕਾਨਦਾਰ ਨਾਗਰਿਕਾਂ ਦੀ ਸਿਹਤ ਨਾਲ ਖਿਲਵਾੜ ਨਾ ਕਰੇ।ਡਾਕਟਰ ਗੁਰਪ੍ਰੀਤ ਸਿੰਘ ਰਾਏ ਨੇ ਕਿਹਾ ਕਿ ਵਿਭਾਗ ਦੀ ਟੀਮ ਵੱਲੋਂ ਜ਼ਿਲ੍ਹੇ ਦੀਆਂ ਵੱਖ-ਵੱਖ ਡੇਅਰੀਆਂ ਦਾ ਦੌਰਾ ਕਰਦਿਆਂ ਦੁੱਧ ਅਤੇ ਉਸ ਤੋਂ ਤਿਆਰ ਹੋਣ ਵਾਲੀਆਂ ਵੱਖ-ਵੱਖ ਵਸਤੂਆਂ ਜਿਵੇਂ ਪਨੀਰ, ਦਹੀ, ਘਿਓ ਅਤੇ ਖੋਆ ਦੀ ਜਾਂਚ ਕੀਤੀ ਅਤੇ ਨਾਲ ਹੀ ਸੈਂਪਲ ਭਰੇ।ਜ਼ਿਲਾ ਸਿਹਤ ਅਫਸਰ ਡਾਕਟਰ ਸੁਖਬੀਰ ਕੌਰ ਨੇ ਦੱਸਿਆ ਕਿ ਉਚ ਅਧਿਕਾਰੀਆਂ ਵੱਲੋਂ ਪ੍ਰਾਪਤ ਨਿਰਦੇਸ਼ਾਂ ਅਨੁਸਾਰ ਮੌਜੂਦਾ ਮੌਸਮ ਨੂੰ ਧਿਆਨ ਵਿੱਚ ਰੱਖਦਿਆਂ ਖੁਰਾਕ ਸੁਰੱਖਿਆ ਵਿੰਗ ਵੱਲੋਂ ਡੇਅਰੀਆਂ ਫਲਾਂ ਅਤੇ ਮੀਟ ਵਾਲੀਆਂ ਦੁਕਾਨਾਂ ਦਾ ਮੁਆਇਨਾ ਕਰ ਟੀਮ ਵੱਲੋਂ 29 ਦੇ ਕਰੀਬ ਸੈਂਪਲ ਭਰੇ ਗਏ।ਉਨ੍ਹਾਂ ਕਿਹਾ ਕਿ ਦੁੱਧ, ਦਹੀਂ, ਪਨੀਰ, ਘਿਓ, ਆਈਸ ਕ੍ਰੀਮ, ਫਲਾਂ ਅਤੇ ਚਟਨੀਆਂ ਦੀ ਸੈਂਪਲ ਭਰੇ ਗਏ ਖਰੜ ਲੈਬੋਰਟਰੀ ਭੇਜ ਦਿੱਤਾ ਗਿਆ ਹੈ।ਉਨ੍ਹਾਂ ਕਿਹਾ ਕਿ ਖੁਰਾਕ ਸੁਰੱਖਿਆ ਵਿੰਗ ਵੱਲੋਂ ਤਰਨ ਤਾਰਨ ਸ਼ਹਿਰ ਤੋਂ ਇਲਾਵਾ ਕਸਬਾ ਭਿੱਖੀਵਿੰਡ ਅਤੇ ਪੱਟੀ ਦੀਆਂ ਡੇਅਰੀਆਂ ਅਤੇ ਦੁਕਾਨਾਂ ਦੀ ਜਾਂਚ ਕੀਤੀ। ਇਸ ਮੌਕੇ ਉਨ੍ਹਾਂ ਨਾਲ ਫੂਡ ਸੇਫਟੀ ਅਫਸਰ ਅਸ਼ਵਨੀ ਕੁਮਾਰ ਅਤੇ ਸਾਕਸ਼ੀ ਖੋਸਲਾ ਵੀ ਮੌਜੂਦ ਸਨ।

# ਪਾਵਰਕਾਮ ਮੈਨੇਜਮੈਂਟ ਬਿਜਲੀ ਕਾਮਿਆਂ ਦੀਆਂ ਮੰਗਾਂ ਨੂੰ ਹੱਲ ਕਰਨ ਲਈ ਸੰਜੀਦਾ ਨਹੀਂ : ਉਦੀਪੁਰ



ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਪੀਐੱਸਈਬੀ ਇੰਪਲਾਈਜ਼ ਫੈਡਰੇਸ਼ਨ ਏਟਕ ਮੰਡਲ ਯੂਨਿਟ ਗੁਰਦਾਸਪੁਰ ਦੀ ਮਹੀਨਾਵਾਰ ਮੀਟਿੰਗ ਮੰਡਲ ਪ੍ਰਧਾਨ ਸਾਥੀ ਸਾਹਿਬ ਸਿੰਘ ਧਾਲੀਵਾਲ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਬਿਜਲੀ ਕਾਮਿਆਂ ਨੂੰ ਫੀਲਡ ਅਤੇ ਦਫਤਰਾਂ ਵਿਚ ਆ ਰਹੀਆਂ ਮੁਸ਼ਕਲਾਂ ਤੇ ਵਿਚਾਰ ਚਰਚਾ ਕੀਤੀ ਗਈ।ਮੀਟਿੰਗ ਨੂੰ ਸੰਬੋਧਨ ਕਰਦਿਆਂ ਜਥੇਬੰਦੀ ਦੇ ਸਰਕਲ ਪ੍ਰਧਾਨ ਅਤੇ ਪੰਜਾਬ ਦੇ ਮੀਤ ਪ੍ਰਧਾਨ ਕਾਮਰੇਡ ਬਲਵਿੰਦਰ ਉਦੀਪੁਰ ਨੇ ਦੱਸਿਆ ਕਿ ਪਾਵਰਕੌਮ ਦੀ ਮੈਨੇਜਮੈਂਟ ਬਿਜਲੀ ਕਾਮਿਆਂ ਦੀਆਂ ਮੰਗਾਂ ਨੂੰ ਹਲ਼ ਕਰਨ ਲਈ ਸੰਜੀਦਾ ਨਹੀਂ ਹੈ ਸੀ ਆਰ ਏ 295.268 ਅਧੀਨ ਭਰਤੀ ਕੀਤੇ ਸਹਾਇਕ ਲਾਈਨਮੈਨ ਮਹਿਕਮੇ ਦੀਆਂ ਹਦਾਇਤਾਂ ਮੁਤਾਬਿਕ 5 ਸਾਲ ਦੀ ਸੇਵਾ ਪੂਰੀ ਕਰਨ ਦੇ ਬਾਵਜੂਦ ਲਾਈਨਮੈਨ ਨਹੀਂ ਬਣਾਇਆ ਜਾ ਰਿਹਾ ਜਦਕਿ ਪੰਜਾਬ ਅੰਦਰ ਹਜ਼ਾਰਾਂ ਅਸਾਮੀਆਂ ਲਾਈਨਮੈਨ ਦੀਆਂ ਖਾਲੀ ਪਈਆਂ ਹਨ ਫੀਲਡ ਵਿੱਚ ਕੰਮ ਦਾ ਵਰਕ ਲੋਡ ਦਿਨੋ ਦਿਨ ਵਧ ਰਿਹਾ ਹੈ ਜਦਕਿ ਭਰਤੀ ਨਾਂ ਬਰਾਬਰ ਹੈ। ਦੂਸਰੇ ਪਾਂਸੇ ਪਾਵਰਕਾਮ ਦੀ ਮੈਨੇਜਮੈਂਟ ਫੀਲਡ ਵਿੱਚ ਪ੍ਰਾਈਵੇਟ ਗੈਂਗ ਬਣਾ ਯਕੇ ਰੱਖਣ ਦੇ ਹੁਕਮ ਜਾਰੀ ਕਰਕੇ ਪੱਕੇ ਰੁਜ਼ਗਾਰ ਦਾਂ ਖ਼ਾਤਮਾ ਕੀਤਾ ਜਾ ਰਿਹਾ ਹੈ ਅਤੇ ਮਹਿਕਮੇ ਨੂੰ ਨਿੱਜੀ ਕੰਪਨੀਆਂ ਦੇ ਹਵਾਲੇ ਕਰਨ ਲਈ ਲਈ ਤੇਜ਼ੀ ਨਾਲ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਜਥੇਬੰਦੀਆਂ ਦੇ ਹੱਕੀ ਸੰਘਰਸ਼ਾਂ ਨੂੰ ਕੁਚਲਣ ਲਈ ਪ੍ਰਾਈਵੇਟ ਗੈਂਗ ਦੀ ਵਰਤੋਂ ਕੀਤੀ ਜਾਵੇਗੀ। ਇਸ ਲਈ ਸਾਨੂੰ ਜਥੇਬੰਦਕ ਹੋ ਕੇ ਸਰਕਾਰ ਅਤੇ ਮੈਨੇਜਮੈਂਟ ਦੇ ਹਮਲਿਆਂ ਦਾ ਟਾਕਰਾ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ ਮੁਲਾਜ਼ਮਾਂ ਦੇ ਆਗੂ ਸਾਥੀ ਉਦੀਪੁਰ ਨੇ ਦੱਸਿਆ ਕਿ ਮੰਡਲ ਦਫ਼ਤਰ ਗੁਰਦਾਸਪੁਰ ਵਿਖੇ ਮੁਲਾਜ਼ਮ ਦੇ ਮਸਲਿਆਂ ਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਮਹਿਕਮੇ ਦੀਆਂ ਹਦਾਇਤਾਂ ਮੁਤਾਬਿਕ ਸੇਵਾ ਮੁਕਤ ਕਰਮਚਾਰੀਆਂ ਨੂੰ ਵੱਧੇ ਹੋਏ ਲੋਡੇ ਦਾ ਬਕਾਇਆ ਏਰੀਅਰ ਦੇਣ ਲਈ ਟਾਲ ਮਟੋਲ ਦੀ ਨੀਤੀ ਅਪਣਾਈ ਜਾ ਰਹੀ ਹੈ ਜਿਸ ਕਾਰਨ ਕਰਮਚਾਰੀਆਂ ਵਿਚ ਭਾਰੀ ਰੋਸ ਪਾਇਆ ਜਾ ਰਿਹਾ ਮੁਲਾਜ਼ਮ ਆਗੂਆਂ ਨੇ ਫੈਸਲਾ ਕੀਤਾ ਹੈ ਜੇਕਰ ਮੁਲਾਜ਼ਮ ਮਸਲਿਆਂ ਦਾ ਹੱਲ ਨਾ ਕੀਤਾ ਗਿਆ ਤਾਂ ਜਥੇਬੰਦੀ ਮੈਨੇਜਮੈਂਟ ਵਿਰੁੱਧ ਸੰਘਰਸ਼ ਕਰਨ ਨੂੰ ਮਜਬੂਰ ਹੋਵੇਗੀ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਸਾਥੀ ਰਣਜੀਤ ਸਿੰਘ ਦੋਰਾਂਗਲਾ ਸਤਪਾਲ ਸਿੰਘ ਗੌਰਵ ਮਲਕੀਤ ਸਿੰਘ ਲਖਵਿੰਦਰ ਸਿੰਘ ਟਾਂਡਾ ਆਦਿ ਆਗੂ ਹਾਜ਼ਰ ਸਨ।

# ਚੇਅਰਮੈਨ ਰਾਣਾ ਗੰਡੀਵਿੰਡ ਵੱਲੋਂ ਕਾਂਗਰਸੀ ਵਰਕਰਾਂ ਨਾਲ ਮੀਟਿੰਗ



ਝਬਾਲ (ਹਰਜਿੰਦਰ ਸਿੰਘ ਸੋਨੀ)- ਗੰਡੀਵਿੰਡ ਵਿਖੇ ਸੀਨੀਅਰ ਕਾਂਗਰਸੀ ਆਗੂ ਅਤੇ ਬਲਾਕ ਸੰਮਤੀ ਦੇ ਸਾਬਕਾ ਚੇਅਰਮੈਨ ਸ੍ਰ:ਰਣਜੀਤ ਸਿੰਘ ਰਾਣਾ ਗੰਡੀਵਿੰਡ ਅਤੇ ਪੰਜਾਬ ਕਾਂਗਰਸ ਦੇ ਬੁਲਾਰੇ ਤੇ ਬਲਾਕ ਪ੍ਰਧਾਨ ਐਡ. ਜਗਮੀਤ ਗੰਡੀਵਿੰਡ ਵੱਲੋਂ ਆਪਣੇ ਗ੍ਰਹਿ ਵਿਖੇ ਵੱਡੀ ਗਿਣਤੀ ਵਿੱਚ ਪਿੰਡ ਦੇ ਕਾਂਗਰਸੀ ਵਰਕਰਾਂ ਨਾਲ ਮੀਟਿੰਗ ਕੀਤੀ ਗਈ ਜਿੱਥੇ ਪਾਰਟੀ ਦੀ ਮਜ਼ਬੂਤੀ ਬਾਬਤ ਵਿਚਾਰ ਵਟਾਂਦਰਾ ਕੀਤਾ ਗਿਆ। ਰਿਟਾਇਰਡ ਕਾਨੂੰਗੋ ਗਿਆਨ ਸਿੰਘ ਨੂੰ ਬਲਾਕ ਕਾਂਗਰਸ ਦਾ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ ।ਇਸਦੇ ਨਾਲ ਹੀ ਚੇਅਰਮੈਨ ਰਾਣਾ ਗੰਡੀਵਿੰਡ ਨੇ ਆਉਣ ਵਾਲੇ ਸਮੇਂ ਵਿਚ ਬਲਾਕ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਦੀ ਤਿਆਰੀ ਲਈ ਵੀ ਸਮੁੱਚੇ ਕਾਂਗਰਸੀ ਵਰਕਰਾਂ ਨੂੰ ਤਿਆਰ ਰਹਿਣ ਲਈ ਕਿਹਾ ਅਤੇ ਕਾਂਗਰਸ ਪਾਰਟੀ ਦੀਆਂ ਸਰਬ ਧਰਮ ਸਰਬ ਵਰਗ ਨੂੰ ਨਾਲ ਲੈ ਕੇ ਚੱਲਣ ਵਾਲੀਆ ਨੀਤੀਆ ਨੂੰ ਘਰ-ਘਰ ਪਹੁੰਚਾਉਣ ਦੀ ਵੀ ਗੱਲ ਕਹੀ ਗਈ। ਉਨ੍ਹਾਂ ਕਿਹਾ ਕਿ ਜੋ ਰਾਹੁਲ ਗਾਂਧੀ ਵੱਲੋਂ ਸਮੁੱਚੇ ਦੇਸ਼ ਵਿੱਚ ਕਾਂਗਰਸ ਦੀਆਂ ਨੀਤੀਆਂ ਨੂੰ ਘਰ-ਘਰ ਪਹੁੰਚਾਉਣ ਲਈ ਮੁਹਿੰਮ ਚਲਾਈ ਜਾ ਰਹੀ ਹੈ ਉਸ ਤਹਿਤ ਇਸ ਮੁਹਿੰਮ ਨੂੰ ਹਲਕਾ ਤਰਨਤਾਰਨ 'ਚ ਵੀ ਪ੍ਰਚੰਡ ਕਰਨ ਲਈ ਵਰਕਰਾਂ ਨੂੰ ਅਪੀਲ ਕੀਤੀ ਗਈ। ਇਸ ਸਮੇ ਪ੍ਰਧਾਨ ਕੁਲਵੰਤ ਚਾਹਲ, ਮੰਗਲਬੀਰ ਚਾਹਲ, ਜਸਬੀਰ ਸਿੰਘ, ਰੂਬਲ ਢਿੱਲੋਂ, ਮਨਜਿੰਦਰ ਸਿੰਘ ਸਾਬਕਾ ਮੈਂਬਰ, ਬਲਵਿੰਦਰ ਸਿੰਘ ਬਿੱਲਾ ਸਾਬਕਾ ਮੈਂਬਰ, ਹੈਪੀ ਜੋਗੀ, ਕੁਲਦੀਪ ਸਿੰਘ ਕੀਪਾ, ਕਾਲਾ ਦੋਧੀ, ਸਤਨਾਮ ਸਿੰਘ, ਦਿਲਰਾਜ ਸਿੰਘ, ਗਿੰਦਾ, ਲਖਬੀਰ ਸਿੰਘ, ਕਾਲਾ ਸਬਾਜੀਆ ਅਤੇ ਕਾਮਰੇਡ ਸੁਲੱਖਣ ਸਿੰਘ ਆਦਿ ਹਾਜ਼ਰ ਸਨ।

# ਨਸ਼ਾ ਮੁਕਤੀ ਯਾਤਰਾ ਸੰਬੰਧੀ ਡੀ ਸੀ ਵੱਲੋਂ ਅਧਿਕਾਰੀਆਂ, ਜ਼ਿਲ੍ਹਾ ਤੇ ਹਲਕਾ ਕੋਆਰਡੀਨੇਟਰਾਂ ਨਾਲ ਅਹਿਮ ਮੀਟਿੰਗ

ਗੁਰਦਾਸਪੁਰ (ਜਨਕ ਮਹਾਜਨ)- ਡਿਪਟੀ ਕਮਿਸ਼ਨਰ ਗੁਰਦਾਸਪੁਰ ਦਲਵਿੰਦਰਜੀਤ ਸਿੰਘ ਵਲੋਂ ਸਥਾਨਕ ਪੰਚਾਇਤ ਭਵਨ ਵਿਖੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਅਤੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਲਗਾਏ ਗਏ ਜ਼ਿਲ੍ਹਾ ਤੇ ਹਲਕਾ ਕੋਆਰਡੀਨੇਟਰਾਂ ਨਾਲ ਨਸ਼ਾ ਮੁਕਤੀ ਯਾਤਰਾ ਸਬੰਧੀ ਇੱਕ ਅਹਿਮ ਮੀਟਿੰਗ ਕੀਤੀ ਗਈ। ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਪੰਜਾਬ ਸਰਕਾਰ ਵਲੋਂ ਚਲਾਈ ਜਾ ਰਹੀ ਨਸ਼ਾ ਮੁਕਤੀ ਯਾਤਰਾ ਨਾਲ ਵੱਧ ਤੋਂ ਵੱਧ ਲੋਕਾਂ ਨੂੰ ਜੋੜਿਆ ਜਾਵੇ ਤਾਂ ਜੋ ਨਸ਼ਿਆਂ ਖ਼ਿਲਾਫ਼ ਲੋਕ ਲਹਿਰ ਖੜ੍ਹੀ ਕੀਤੀ ਜਾ ਸਕੇ। ਉਨ੍ਹਾਂ ਕਿਹਾ ਕਿ ਨਸ਼ਾ ਮੁਕਤੀ ਯਾਤਰਾ ਤਹਿਤ ਕੀਤੀਆਂ ਜਾ ਰਹੀਆਂ ਮੀਟਿੰਗਾਂ ਦਾ ਮੰਤਵ ਪਿੰਡ ਰੱਖਿਆ ਕਮੇਟੀਆਂ ਅਤੇ ਵਾਰਡ ਰੱਖਿਆ ਕਮੇਟੀਆਂ ਦੇ ਮੈਂਬਰਾਂ ਅਤੇ ਆਮ ਲੋਕਾਂ ਨੂੰ ਨਸ਼ਾ ਤਸਕਰਾਂ ਦੀਆਂ ਗਤੀਵਿਧੀਆਂ ਜ਼ਿਲ੍ਹਾ ਪ੍ਰਸ਼ਾਸਨ ਤੱਕ ਪਹੁੰਚਾਉਣ, ਨਸ਼ਾ ਪੀੜਤਾਂ ਦੇ ਇਲਾਜ ਲਈ ਉਨ੍ਹਾਂ ਨੂੰ ਪ੍ਰੇਰ ਕੇ ਨਸ਼ਾ ਮੁਕਤੀ ਕੇਂਦਰਾਂ ਤੱਕ ਲਿਆਉਣ ਲਈ ਜਾਗਰੂਕ ਕਰਨਾ ਹੈ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਡਾ. ਹਰਜਿੰਦਰ ਸਿੰਘ ਬੇਦੀ, ਏਡੀਸੀ (ਵਿਕਾਸ) ਗੁਰਪ੍ਰੀਤ ਸਿੰਘ ਗਿੱਲ, ਐੱਸਡੀਐੱਮ. ਦੀਨਾਨਗਰ ਜਸਪਿੰਦਰ ਸਿੰਘ ਭੁੱਲਰ, ਐੱਸਡੀਐੱਮ ਗੁਰਦਾਸਪੁਰ ਮਨਜੀਤ ਸਿੰਘ ਰਾਜਲਾ, ਐੱਸਡੀਐੱਮ ਕਲਾਨੌਰ ਜਯੋਤਸਨਾ ਸਿੰਘ, ਐੱਸਡੀਐੱਮ ਡੇਰਾ ਬਾਬਾ ਨਾਨਕ ਗੁਰਮੰਦਰ ਸਿੰਘ, ਐੱਸਡੀਐੱਮ. ਬਟਾਲਾ ਵਿਕਰਮਜੀਤ ਸਿੰਘ, ਸਹਾਇਕ ਸਿਵਲ ਸਰਜਨ ਡਾ. ਪ੍ਰਭਜੋਤ ਕੌਰ ਕਲਸੀ, ਸਕੱਤਰ ਜ਼ਿਲ੍ਹਾ ਪ੍ਰੀਸ਼ਦ ਜ਼ੀਨਤ ਖੈਹਿਰਾ, ਰਾਜੀਵ ਸਿੰਘ ਸਕੱਤਰ ਜ਼ਿਲ੍ਹਾ ਰੈਡ ਕਰਾਸ ਸੁਸਾਇਟੀ ਤੋਂ ਇਲਾਵਾ ਵਿਧਾਨ ਸਭਾ ਹਲਕਾ ਬਟਾਲਾ ਦੇ ਕੋਆਰਡੀਨੇਟਰ ਮਨਜੀਤ ਸਿੰਘ ਬਮਰਾਹ, ਨੀਰਜ ਸਲਹੋਤਰਾ, ਕਰਮਜੀਤ ਸਿੰਘ, ਗੁਰਪ੍ਰੀਤ ਸਿੰਘ ਸੋਢੀ, ਹਨੀ ਚੌਹਾਨ, ਕਾਰਤਿਕ, ਅੰਮ੍ਰਿਤਪਾਲ ਸਿੰਘ, ਅਰਸ਼ਦੀਪ ਸਿੰਘ, ਕਰਮਜੀਤ ਸਿੰਘ ਅਤੇ ਦਵਿੰਦਰ ਸਿੰਘ (ਸਾਰੇ ਵਿਧਾਨ ਸਭਾ ਹਲਕਾ ਕੋਆਰਡੀਨੇਟਰ) ਵੀ ਹਾਜ਼ਰ ਸਨ।

# ਪਾਣੀ ਤੇ ਪੈਸੇ ਦੀ ਬੱਚਤ ਲਈ ਕਿਸਾਨ ਝੋਨੇ ਦੀ ਸਿੱਧੀ ਬਜਾਈ ਕਰਨ : ਧਾਲੀਵਾਲ



ਚੇਤਨਪੁਰਾ (ਸੁਖਵੰਤ ਚੇਤਨਪੁਰੀ)- ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਪਿੰਡ ਮਾਝੀ ਮੀਆਂ ਵਿਖੇ ਝੋਨੇ ਦੀ ਸਿੱਧੀ ਬਿਜਾਈ ਕਰ ਰਹੇ ਕਿਸਾਨਾਂ ਨੂੰ ਸਨਮਾਨਿਤ ਕਰਨ ਮੌਕੇ ਪੰਜਾਬ ਦੇ ਕਿਸਾਨਾਂ ਨੂੰ ਸੱਦਾ ਦਿੱਤਾ ਕਿ ਉਹ ਪਾਣੀ ਤੇ ਪੈਸੇ ਦੀ ਬੱਚਤ ਲਈ ਝੋਨੇ ਦੀ ਸਿੱਧੀ ਬਿਜਾਈ ਨੂੰ ਤਰਜੀਹ ਦੇਣ। ਉਨ੍ਹਾਂ ਕਿਹਾ ਕਿ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਵੱਖ-ਵੱਖ ਪਿੰਡਾਂ ਦੇ ਵਿਚ ਝੋਨੇ ਦੀ ਸਿੱਧੀ ਬਿਜਾਈ ਕਰਵਾਈ ਜਾ ਰਹੀ ਹੈ, ਜੋ ਸਮੇਂ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਜ਼ਮੀਨ ਹੇਠਲੇ ਪਾਣੀ ਦੇ ਡਿੱਗਦੇ ਪੱਧਰ ਨੂੰ ਵੇਖਦੇ ਹੋਏ ਕਿਸਾਨ ਵੀਰਾਂ ਨੂੰ ਝੋਨੇ ਦੀ ਸਿੱਧੀ ਬਿਜਾਈ ਅਪਣਾਉਣ ਨੂੰ ਤਰਜੀਹ ਦੇਣੀ ਚਾਹੀਦੀ ਹੈ।ਉਨ੍ਹਾਂ ਦੱਸਿਆ ਕਿ ਮੈਂ ਪਿਛਲੇ ਸਾਲ ਵੀ ਇਨ੍ਹਾਂ ਕਿਸਾਨਾਂ ਨੂੰ ਮਿਲ ਕੇ ਗਿਆ ਸੀ ਜਿਨ੍ਹਾਂ ਨੇ ਝੋਨੇ ਦੀ ਸਿੱਧੀ ਬਜਾਈ ਕੀਤੀ ਸੀ, ਤਾਂ ਉਨ੍ਹਾਂ ਕਿਸਾਨਾਂ ਨੇ ਦੱਸਿਆ ਹੈ ਕਿ ਝੋਨੇ ਦੀ ਸਿੱਧੀ ਬਿਜਾਈ ਕਰਨ ਨਾਲ 20-25 ਫੀਸਦੀ ਮਜ਼ਦੂਰੀ ਅਤੇ 15-20 ਫ਼ੀਸਦੀ ਪਾਣੀ ਦੀ ਬੱਚਤ ਹੁੰਦੀ ਹੈ। ਉਨ੍ਹਾਂ ਅੱਗੇ ਦੱਸਿਆ ਕਿ ਝੋਨੇ ਦੀ ਸਿੱਧੀ ਬਿਜਾਈ ਕਰਨ ਨਾਲ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਨੂੰ ਸਾਂਭਣ ਲਈ ਇੱਕ ਹਫਤੇ ਦਾ ਵੱਧ ਸਮਾਂ ਮਿਲ ਜਾਦਾ ਹੈ।ਝੋਨੇ ਦੀ ਬਿਜਾਈ ਇਸ ਢੰਗ ਨਾਲ ਕਰਨ ਨਾਲ ਬਿਮਾਰੀਆਂ ਦਾ ਹਮਲਾ ਵੀ ਘੱਟ ਹੁੰਦਾ ਹੈ।ਹਾੜ੍ਹੀ ਦੇ ਸੀਜ਼ਨ ਵਿੱਚ ਕਣਕ ਦਾ ਝਾੜ ਵੀ ਝੋਨੇ ਦੀ ਸਿੱਧੀ ਬਿਜਾਈ ਵਾਲੇ ਖੇਤਾਂ ਵਿੱਚ ਲਗਪਗ ਇੱਕ ਕੁਇੰਟਲ ਵੱਧ ਨਿਕਲਦਾ ਹੈ। ਉਨ੍ਹਾਂ ਨੇ ਦੱਸਿਆ ਕਿ ਝੋਨੇ ਦੀ ਸਿੱਧੀ ਬਿਜਾਈ ਅਪਣਾਉਣ ਵਾਲੇ ਕਿਸਾਨਾਂ ਨੂੰ ਪੰਜਾਬ ਸਰਕਾਰ ਵੱਲੋਂ 1500 ਰੁਪਏ ਪ੍ਰਤੀ ਏਕੜ ਦੀ ਸਹਾਇਤਾ ਵੀ ਦਿੱਤੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਇਸ ਸਾਲ ਵੀ ਅਸੀਂ ਅਜਨਾਲਾ ਹਲਕੇ ਵਿੱਚ ਲਗਭਗ 5000 ਏਕੜ ਰਕਬਾ ਝੋਨੇ ਦੀ ਸਿੱਧੀ ਬਜਾਈ ਰਾਹੀਂ ਖੇਤੀ ਕਰਾਂਗੇ।

# ਤਿੰਨ ਵੱਖ-ਵੱਖ ਮਾਮਲਿਆਂ 'ਚ ਨਸ਼ਾ ਤਸਕਰਾਂ ਖ਼ਿਲਾਫ਼ ਮਾਮਲੇ ਦਰਜ

ਗੁਰਦਾਸਪੁਰ (ਜਨਕ ਮਹਾਜਨ)- ਥਾਣਾ ਤਿੱਬੜ ਪੁਲਸ ਦੇ ਏਐੱਸਆਈ ਗੁਰਨਾਮ ਸਿੰਘ ਨੇ ਦੱਸਿਆ ਕਿ ਉਨ੍ਹਾਂ ਸਮੇਤ ਪੁਲਿਸ ਪਾਰਟੀ ਗਸ਼ਤ ਦੌਰਾਨ ਪੁਲੀ ਸੂਆ ਨਵਾਂ ਪਿੰਡ ਹੁੰਦਲ ਤੋਂ ਚਮਕਦੀਪ ਸਿੰਘ ਉਰਫ ਚਮਕ, ਟੋਨਾ ਪੁੱਤਰ ਹਰਭਜਨ ਸਿੰਘ ਵਾਸੀ ਬੱਬੇਹਾਲੀ ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕਰਕੇ ਉਸ ਪਾਸੋਂ ਬਰਾਮਦ ਮੋਮੀ ਲਿਫਾਫੇ ਨੂੰ ਚੈੱਕ ਕੀਤਾ 6 ਗ੍ਰਾਮ ਹੈਰੋਇਨ ਬਰਾਮਦ ਹੋਈ। ਇਸੇ ਤਰ੍ਹਾਂ ਥਾਣਾ ਧਾਰੀਵਾਲ ਦੇ ਏਐੱਸਆਈ ਸੁਖਦੇਵ ਸਿੰਘ ਨੇ ਸਮੇਤ ਪੁਲਸ ਪਾਰਟੀ ਮੁੱਖਬਰ ਦੀ ਇਤਲਾਹ 'ਤੇ ਰਣੀਆ ਕਬਰਸਤਾਨ ਵਿਖੇ ਰੇਡ ਕਰਕੇ ਰਮੇਸ ਪੁੱਤਰ ਪਰਸ਼ੋਤਮ ਸਿੰਘ ਵਾਸੀ ਡੱਡਵਾ, ਮਨਦੀਪ ਸਿੰਘ ਪੁੱਤਰ ਧਰਮਿੰਦਰ ਸਿੰਘ ਵਾਸੀ ਕੰਗ ਜੋ ਰਣੀਆਂ ਕਬਰਸਤਾਨ ਵਿੱਚ ਬੈਠ ਕੇ ਸੂਟੇ ਲਗਾ ਰਹੇ ਸਨ, ਨੂੰ ਕਾਬੂ ਕਾਬੂ ਕਰਕੇ ਉਨ੍ਹਾਂ ਪਾਸੋਂ ਸਿਲਵਰ ਪੰਨੀ, ਇੱਕ ਲਾਇਟਰ ਅਤੇ 10 ਰੁਪਏ ਦਾ ਅੱਧ ਜਲਿਆ ਨੋਟ ਬਰਾਮਦ ਹੋਇਆ ਹੈ। ਇਸੇ ਤਰ੍ਹਾਂ ਥਾਣਾ ਦੀਨਾਨਗਰ ਦੇ ਏ.ਐਸ.ਆਈ. ਰਵਿੰਦਰ ਸਿੰਘ ਨੇ ਸਮੇਤ ਪੁਲਸ ਪਾਰਟੀ ਗਸ਼ਤ ਦੌਰਾਨ ਆਰੀਆ ਨਗਰ ਸੜਕ ਤੋਂ ਸੱਜੇ ਪਾਸੇ ਤੋਂ ਅਜੇ ਪੁੱਤਰ ਰਮੇਸ ਕੁਮਾਰ ਵਾਸੀ ਗੁਰੂ ਨਾਨਕ ਨਗਰੀ ਦੀਨਾਨਗਰ, ਸੂਰਜ ਕੁਮਾਰ ਪੁੱਤਰ ਰਜਿੰਦਰ ਕੁਮਾਰ ਵਾਸੀ ਪੁਰਾਣੀ ਆਬਾਦੀ ਅਵਾਂਖਾ ਜੋ ਸੜਕ ਦੇ ਕਿਨਾਰੇ ਬੇਅਬਾਦ ਜਗ੍ਹਾ ਵਿੱਚ ਬੈਠ ਕੇ ਹੈਰੋਇਨ ਦੇ ਸੂਟੇ ਲਗਾ ਰਹੇ ਸੀ, ਜਿਨਾਂ ਨੂੰ ਕਾਬੂ ਕੀਤਾ ਅਤੇ ਉਨ੍ਹਾਂ ਪਾਸੋਂ ਸਿਲਵਰ ਪੇਪਰ, ਲਾਇਟਰ ਅਤੇ 10 ਰੁਪਏ ਦੀ ਪੰਨੀ ਬਰਾਮਦ ਹੋਈ ਹੈ। ਪੁਲਸ ਨੇ ਇਨ੍ਹਾਂ ਨਸ਼ਾ ਤਸਕਰਾਂ ਖ਼ਿਲਾਫ਼ ਐੱਨਡੀਪੀਐੱਸ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

# ਮਰੋਕ ਪਰਵਾਰ ਨੇ ਸੀਨੀ. ਸੈਕੰ. ਸਕੂਲ ਸੰਗੋਵਾਲ ਨੂੰ ਸ਼ੋਰ ਮੁਕਤ ਜਰਨੇਟਰ ਭੇਟ ਕੀਤਾ



ਮਹਿਤਪੁਰ (ਰਾਜਾ)- ਸਾਬਕਾ ਸ. ਐਮ. ਸੀ. ਚੇਅਰਮੈਨ ਜਸਪਾਲ ਸਿੰਘ ਅਤੇ ਪ੍ਰੋ. ਸੁਖਦੇਵ ਸਿੰਘ ਮਰੋਕ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸੰਗੋਵਾਲ ਨੂੰ ਸ਼ੋਰ ਮੁਕਤ ਜਰਨੇਟਰ ਭੇਟ ਕੀਤਾ। ਮਰੋਕ ਪਰਵਾਰ ਨੇ ਸਿੱਖਿਆ ਦੇ ਮਿਆਰੀ ਰੂਪ ਵਿੱਚ ਸੁਧਾਰ ਕਰਨ ਲਈ ਸਕੂਲ ਨੂੰ ਜਰਨੇਟਰ ਭੇਟ ਕੀਤਾ । ਬਿਜਲੀ ਸਕੂਲ ਦੀ ਮੁੱਢਲੀ ਲੋੜ ਹੈ ਤੇ ਇਸ ਲੋੜ ਨੂੰ ਮੁੱਖ ਰੱਖਦੇ ਹੋਏ ਬੱਚਿਆਂ ਦੀ ਸਿੱਖਿਆ ਸਹੂਲਤ ਨੂੰ ਤਰਜੀਹ ਦਿੱਤੀ ਗਈ । ਮਰੋਕ ਪਰਵਾਰ ਦੇ ਇਸ ਉਤਮ ਉਪਰਾਲੇ ਲਈ ਸਮੂਹ ਸਕੂਲ ਸਟਾਫ ਸੰਗੋਵਾਲ, ਸਕੂਲ ਪ੍ਰਬੰਧਕ ਕਮੇਟੀ ਨੇ ਉਹਨਾਂ ਦਾ ਬਹੁਤ ਧੰਨਵਾਦ ਕੀਤਾ । ਪ੍ਰਿੰਸੀਪਲ ਮਨਪ੍ਰੀਤ ਰਾਮ, ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਨੇ ਮਰੋਕ ਪਰਵਾਰ ਦਾ ਧੰਨਵਾਦ ਕੀਤਾ ਅਤੇ ਪਰਵਾਰ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ । ਇਸ ਮੌਕੇ ਲੈਕਚਰਾਰ ਮੁਕੇਸ਼ ਚੋਪੜਾ, ਗੁਰਮੁੱਖ ਸਿੰਘ, ਮੈਡਮ ਸਤਿੰਦਰ ਕੌਰ, ਮੈਡਮ ਕੁਸਮ ਲਤਾ, ਮਨਪ੍ਰੀਤ ਕੈਂਥ, ਪਰਮਿੰਦਰ ਸਿੰਘ ਅਤੇ ਪਿੰਡ ਵਾਸੀ ਮੌਜੂਦ ਸਨ ।

# ਧਾਲੀਵਾਲ ਵੱਲੋਂ ਪੈੜੇਵਾਲ, ਦਰਿਆ ਮੂਸਾ ਤੇ ਨੰਗਲ ਸੋਹਲ ਦੇ ਸਕੂਲਾਂ 'ਚ ਵਿਕਾਸ ਕੰਮਾਂ ਦਾ ਉਦਘਾਟਨ



ਚੇਤਨਪੁਰਾ (ਸੁਖਵੰਤ ਚੇਤਨਪੁਰੀ)- ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਸਰਹੱਦੀ ਪੱਟੀ ਦੇ ਪਿੰਡਾਂ ਪੈੜੇਵਾਲ, ਦਰਿਆ ਮੂਸਾ ਅਤੇ ਨੰਗਲ ਸੋਹਲ ਵਿੱਚ ਸਰਕਾਰੀ ਸਕੂਲਾਂ ਵਿੱਚ ਵਿਕਾਸ ਕੰਮਾਂ ਦੇ ਉਦਘਾਟਨ ਕਰਦਿਆਂ ਕਿਹਾ ਕਿ ਸਾਡੇ ਇਸ ਸਰਹੱਦੀ ਖੇਤਰ ਵਿੱਚ ਲੋਕਾਂ ਨੇ ਸਰਕਾਰੀ ਸਕੂਲਾਂ ਨੂੰ ਗਰਾਂਟਾਂ ਦੇ ਬੋਰੇ ਮਿਲਦੇ ਪਹਿਲੀ ਵਾਰ ਵੇਖੇ ਹਨ।ਉਨ੍ਹਾਂ ਕਿਹਾ ਕਿ ਮੈਂ ਵਿਸ਼ੇਸ਼ ਤੌਰ ਤੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦਾ ਧੰਨਵਾਦੀ ਹਾਂ, ਜਿਨ੍ਹਾਂ ਨੇ ਸਾਡੇ ਪਛੜੇ ਹੋਏ ਇਲਾਕੇ ਵਿੱਚ ਸਰਕਾਰੀ ਸਕੂਲਾਂ ਨੂੰ ਅਤਿ ਆਧੁਨਿਕ ਸਹੂਲਤਾਂ ਦੇ ਕੇ ਨਿਵਾਜਿਆ ਹੈ।ਉਨ੍ਹਾਂ ਕਿਹਾ ਕਿ ਪੜ੍ਹਾਈ ਤੋਂ ਬਿਨਾਂ ਕੋਈ ਵੀ ਦੇਸ਼ ਤਰੱਕੀ ਨਹੀਂ ਕਰ ਸਕਦਾ, ਸੋ ਅਸੀਂ ਪਹਿਲ ਦੇ ਆਧਾਰ ਉਤੇ ਆਪਣੇ ਬੱਚਿਆਂ ਨੂੰ ਸਿੱਖਿਅਤ ਅਤੇ ਸਿਹਤਮੰਦ ਕਰਨ ਦਾ ਬੀੜਾ ਚੁੱਕਿਆ ਹੈ, ਜਿਸ ਵਿੱਚ ਅਸੀਂ ਸਫਲਤਾ ਵੀ ਪ੍ਰਾਪਤ ਕੀਤੀ ਹੈ।ਸਾਡੇ ਹਸਪਤਾਲ, ਆਮ ਆਦਮੀ ਕਲੀਨਿਕ ਲੋਕਾਂ ਨੂੰ ਮੁਫ਼ਤ ਵਿੱਚ ਸਿਹਤ ਸਹੂਲਤਾਂ ਦੇ ਰਹੇ ਹਨ।ਉਨ੍ਹਾਂ ਕਿਹਾ ਕਿ ਉਹ ਸਕੂਲ ਜਿਨ੍ਹਾਂ ਦੇ ਅਹਾਤੇ ਵਿੱਚ ਬੱਚੇ ਸਵੇਰੇ ਆ ਕੇ ਪਹਿਲਾਂ ਪਸ਼ੂਆਂ ਨੂੰ ਹਿੱਕ ਕੇ ਬਾਹਰ ਕੱਢਦੇ ਸਨ, ਹੁਣ ਸੋਹਣੇ ਫਰਨੀਚਰ ਅਤੇ ਡਿਜੀਟਲ ਕਲਾਸਾਂ ਨਾਲ ਲੈਸ ਹਨ ।ਸਰਹੱਦੀ ਖੇਤਰ ਦੇ ਸਕੂਲਾਂ ਵਿੱਚ ਪੜ੍ਹਾਉਣ ਲਈ ਬੱਚਿਆਂ ਨੂੰ ਅਧਿਆਪਕ ਮੌਜੂਦ ਹਨ। ਇਸ ਮੌਕੇ ਖੁਸ਼ਪਾਲ ਸਿੰਘ ਧਾਲੀਵਾਲ, ਓਐੱਸਡੀ ਗੁਰਜੰਟ ਸਿੰਘ ਸੋਹੀ, ਨਾਇਬ ਤਹਿਸੀਲਦਾਰ ਇੰਦਰਜੀਤ ਕੌਰ, ਕੰਵਲਜੀਤ ਸਿੰਘ ਗਿੱਲ ਡਾਇਰੈਕਟਰ ਸੀਡ ਨਿਰਮਾਣ ਪੰਜਾਬ, ਕਾਬਲ ਸਿੰਘ, ਸਰਪੰਚ ਰਾਜਵਿੰਦਰ ਸਿੰਘ, ਕੁਲਜੀਤ ਸਿੰਘ ਪੈੜੇਵਾਲ, ਸਰਪੰਚ ਗੁਰਦਿਆਲ ਸਿੰਘ ਪੈੜੇਵਾਲ, ਸੁਖਜਿੰਦਰ ਸਿੰਘ ਦੂਜੋਵਾਲ, ਸਕੂਲ ਇੰਚਾਰਜ ਪਵਨ ਕੁਮਾਰ ਨੰਗਲ ਸੋਹਲ, ਜਸਪਾਲ ਸਿੰਘ ਧੰਗਈ, ਬਲਜਿੰਦਰ ਸਿੰਘ, ਲਵਪ੍ਰੀਤ ਸਿੰਘ ਨੰਗਲ ਸੋਹਲ ਆਦਿ ਹਾਜ਼ਰ ਸਨ।

# ਮੰਦਰ ਮਾਤਾ ਰਾਣੀ ਧਰਮਸ਼ਾਲਾ ਸੰਮਤੀ ਨੇ 31ਵਾਂ ਸਾਲਾਨਾ ਵਿਸ਼ਾਲ ਜਗਰਾਤਾ ਕਰਵਾਇਆ





ਫ਼ਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)- ਮੰਦਰ ਮਾਤਾ ਰਾਣੀ ਧਰਮਸ਼ਾਲਾ ਸੰਮਤੀ (ਰਜਿ.) ਵੱਲੋਂ ਵਾਰਡ ਨੰਬਰ 6 ਸਾਨਨ ਮੁਹੱਲਾ 'ਚ ਸਥਿਤ ਦਰਬਾਰ ਮਾਤਾ ਚਿੰਤਪੂਰਨੀ (ਛੱਪੜ ਕੰਢੇ ਬਾਹਰਵਾਰ) ਵਿਖੇ ਹਰ ਸਾਲ ਦੀ ਤਰ੍ਹਾਂ 31ਵਾਂ ਸਾਲਾਨਾ ਵਿਸ਼ਾਲ ਜਗਰਾਤਾ ਧੂਮ-ਧਾਮ ਨਾਲ ਕਰਵਾਇਆ ਗਿਆ, ਜਿਸ ਵਿੱਚ ਇਲਾਕੇ ਦੀਆਂ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਲਗਵਾਈ।ਇਸ ਮੌਕੇ ਪ੍ਰਸਿੱਧ ਗਾਇਕ ਸੰਜਨਾ ਭੋਲਾ ਅਤੇ ਲਵਿਸ਼ ਲਵ ਨੇ ਆਪਣੀਆਂ ਸੁੰਦਰ-ਸੁੰਦਰ ਭੇਟਾਂ ਰਾਹੀਂ ਸੰਗਤਾਂ ਨੂੰ ਨੱਚਣ ਲਈ ਮਜਬੂਰ ਕਰ ਦਿੱਤਾ, ਜਦਕਿ ਇਸ ਤੋਂ ਪਹਿਲਾਂ ਭਾਰੀ ਹਨ੍ਹੇਰੀ/ਮੀਂਹ ਆਉਣ ਦੇ ਬਾਵਜੂਦ ਵੀ ਸੰਗਤਾਂ ਜਗਰਾਤੇ ਵਿੱਚ ਸ਼ਰਧਾ ਨਾਲ ਹਾਜ਼ਰੀ ਭਰਦੀਆਂ ਵਿਖਾਈ ਦਿੱਤੀਆਂ।ਇਸ ਮੌਕੇ ਸੰਮਤੀ ਵੱਲੋਂ ਵੱਖ-ਵੱਖ ਧਾਰਮਿਕ, ਸਮਾਜਿਕ ਤੇ ਰਾਜਨੀਤਿਕ ਸ਼ਖ਼ਸੀਅਤਾਂ ਨੂੰ ਸਨਮਾਨਿਤ ਕੀਤਾ ਗਿਆ। ਪੁਲਸ, ਫਾਇਰ ਬ੍ਰਿਗੇਡ ਅਤੇ 108 ਐਂਬੂਲੈਂਸ ਟੀਮਾਂ ਆਪਣੀ ਡਿਊਟੀ 'ਤੇ ਤਾਇਨਾਤ ਰਹੀਆਂ। ਜਗਰਾਤੇ ਦੌਰਾਨ ਮੰਦਰ ਨੂੰ ਬੜੇ ਵਧੀਆ ਢੰਗ ਨਾਲ ਸਜਾਇਆ ਗਿਆ ਸੀ, ਜੋ ਸੰਗਤਾਂ ਦੀ ਖਿੱਚ ਦਾ ਕੇਂਦਰ ਰਿਹਾ।ਤਾਰਾ ਰਾਣੀ ਦੀ ਅਮਰ ਕਥਾ ਦਾ ਗੁਣਗਾਨ ਮਹੰਤ ਗੰਗੂ ਅਨਜਾਨ ਵੱਲੋਂ ਕੀਤਾ ਗਿਆ।ਜਗਰਾਤੇ 'ਚ ਸੁਨੀਲ ਦੁੱਗਲ ਐੱਨਆਰਆਈ, ਰਵੀਪਾਲ ਸਿੰਘ ਕਾਲੂ ਐੱਨਆਰਆਈ, ਅਰਸ਼ਦੀਪ ਸਿੰਘ ਦੀਪੂ ਐੱਨਆਰਆਈ, ਨੀਰਜ ਕੁਮਾਰ ਐੱਨਆਰਆਈ, ਵਿਨੇ ਸਹਿਦੇਵ ਦੁਬਈ, ਨਵੀਸ਼ ਨੰਦਾ ਛੱਬੀ, ਸੁਰਿੰਦਰ ਸ਼ਿੰਦੀ, ਚੇਅਰਮੈਨ ਰਾਜੀਵ ਸ਼ਰਮਾ, ਖੁਸ਼ਜੀਵਨ ਸਿੰਘ ਘਨ੍ਹੱਈਆ, ਅਮਨ ਰੱਤੜਾ, ਹਨੀ ਸਾਨਨ, ਵਿਨੋਦ ਭਾਟੀਆ ਆਦਿ ਦਾ ਵਿਸ਼ੇਸ਼ ਸਹਿਯੋਗ ਰਿਹਾ।ਸਟੇਜ ਸਕੱਤਰ ਦੀ ਭੂਮਿਕਾ ਹਰਵੰਤ ਸਹੋਤਾ ਨੇ ਬਾਖ਼ੂਬੀ ਨਿਭਾਈ।ਇਸ ਮੌਕੇ ਸੰਦੀਪ ਕੁਮਾਰ ਸੋਨੂੰ, ਵਿਸ਼ੂ ਸ਼ਰਮਾ, ਹਨੀ ਭਗਤ, ਅਸ਼ੋਕ ਕੁਮਾਰ, ਨਵਨੀਤ ਡੋਗਰਾ, ਪੰਮਾ, ਮਨੀ ਭਗਤ, ਹਰਬੰਸ ਲਾਲ, ਤਰੁਨ ਗੋਰਾ, ਕਿਟਮਨ, ਲੱਭਾ, ਲਵ, ਰਾਘਵ ਕਾਕਾ, ਗਗਨ ਸ਼ਰਮਾ, ਅਕਸ਼ਿਤ, ਰਿਤਿਕ, ਅਮਨ ਡੋਗਰਾ, ਸੰਨੀ, ਵਿਸ਼ਾਲ ਸਹਿਦੇਵ, ਸੰਨੀ ਭਗਤ, ਮੋਨੂੰ, ਪ੍ਰਥਮ, ਬਿੱਲੂ, ਦਾਨਿਸ਼, ਮਾਈਕਲ ਆਦਿ ਹਾਜ਼ਿਰ ਸਨ।

# ਡਾ. ਤੇਜਪਾਲ ਸਿੰਘ ਗਿੱਲ ਨੇ ਪਨਗ੍ਰੇਨ ਦੇ ਚੇਅਰਮੈਨ ਵਜੋਂ ਅਹੁਦਾ ਸੰਭਾਲਿਆ



ਚੰਡੀਗੜ੍ਹ (ਗੁਰਜੀਤ ਬਿੱਲਾ)- ਡਾ. ਤੇਜਪਾਲ ਸਿੰਘ ਗਿੱਲ ਨੇ ਸੰਸਦ ਮੈਂਬਰ ਮੀਤ ਹੇਅਰ ਅਤੇ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਦੀ ਮੌਜੂਦਗੀ ਵਿੱਚ ਅਨਾਜ ਭਵਨ, ਸੈਕਟਰ 39 ਸੀ, ਚੰਡੀਗੜ੍ਹ ਵਿਖੇ ਪੰਜਾਬ ਰਾਜ ਅਨਾਜ ਖਰੀਦ ਨਿਗਮ ਲਿਮਟਿਡ (ਪਨਗ੍ਰੇਨ) ਦੇ ਚੇਅਰਮੈਨ ਵਜੋਂ ਅਹੁਦਾ ਸੰਭਾਲਿਆ।ਇਸ ਮੌਕੇ ਡਾ. ਤੇਜਪਾਲ ਸਿੰਘ ਗਿੱਲ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਉਨ੍ਹਾਂ 'ਤੇ ਭਰੋਸਾ ਕਰਨ ਲਈ ਧੰਨਵਾਦ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਵਿਧਾਇਕ ਲਾਭ ਸਿੰਘ ਉਗੋਕੇ, ਵਿਧਾਇਕ ਜੀਵਨ ਸਿੰਘ ਸੰਗੋਵਾਲ, ਵਿਧਾਇਕ ਹਾਕਮ ਸਿੰਘ ਠੇਕੇਦਾਰ, ਮੰਡੀ ਬੋਰਡ ਦੇ ਚੇਅਰਮੈਨ ਹਰਚਰਨ ਸਿੰਘ ਬਰਸਟ, ਮਾਰਕਫੈੱਡ ਦੇ ਚੇਅਰਮੈਨ ਅਮਨ ਮੋਹੀ, ਯੋਜਨਾਬੰਦੀ ਬੋਰਡ ਦੇ ਚੇਅਰਮੈਨ ਸ਼ਰਨਪਾਲ ਸਿੰਘ ਮੱਕੜ, ਡਾਇਰੈਕਟਰ ਖੁਰਾਕ ਤੇ ਸਪਲਾਈਜ਼ ਵਰਿੰਦਰ ਕੁਮਾਰ ਸ਼ਰਮਾ, ਚੇਅਰਮੈਨ ਅਨਿਲ ਠਾਕੁਰ, ਚੇਅਰਮੈਨ ਇੰਦਰਜੀਤ ਸਿੰਘ ਮਾਨ, ਐਡਵੋਕੇਟ ਜਨਰਲ ਕੁਲਵਿੰਦਰ ਢੀਂਡਸਾ, ਡਿਪਟੀ ਐਡਵੋਕੇਟ ਜਨਰਲ ਧਰਮਿੰਦਰ ਸਿੰਘ ਲਾਂਬਾ, ਵਾਈਸ ਚੇਅਰਮੈਨ ਇੰਦਰਜੀਤ ਸਿੰਘ, ਜ਼ਿਲ੍ਹਾ ਪ੍ਰਧਾਨ ਮੋਹਾਲੀ ਪ੍ਰਭਜੋਤ ਕੌਰ, ਵਾਈਸ ਚੇਅਰਮੈਨ ਹਰਜੀਤ ਸਿੰਘ ਮਾਂਗਟ, ਜ਼ਿਲ੍ਹਾ ਪ੍ਰਧਾਨ ਦਿਹਾਤੀ ਹਰਬਿੰਦਰ ਸਿੰਘ ਧਰੌਰ, ਮੀਤ ਪ੍ਰਧਾਨ ਬਿਨਿਤ ਵਰਮਾ, ਸਪੋਕਸਪਰਸਨ ਐਡਵੋਕੇਟ ਜਸਮਨ ਸਿੰਘ ਗਿੱਲ ਅਤੇ ਹੋਰ ਪਾਰਟੀ ਵਰਕਰ ਸ਼ਾਮਲ ਸਨ।

ਨਵਾਂ ਜ਼ਮਾਨਾ
ਬੁੱਧਵਾਰ, 28 ਮਈ 2025

# ਪ੍ਰਧਾਨ ਮੰਤਰੀ ਦੇ ਰੋਡ ਸ਼ੋਅ

ਆਪਣੀ ਆਦਤ ਮੁਤਾਬਕ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 'ਅਪ੍ਰੇਸ਼ਨ ਸਿੰਧੂਰ' ਦਾ ਸਿਆਸੀ ਲਾਹਾ ਲੈਣ ਦੀ ਮੁਹਿੰਮ ਤੇਜ਼ ਕਰ ਦਿੱਤੀ ਹੈ। ਉਨ੍ਹਾ ਗੁਜਰਾਤ ਦੇ ਦੋ ਦਿਨਾ ਦੌਰੇ ਦੇ ਪਹਿਲੇ ਦਿਨ ਸੋਮਵਾਰ ਫੌਜਾਂ ਦਾ ਸ਼ੁਕਰੀਆ ਕਰਨ ਲਈ ਵਡੋਦਰਾ, ਦਾਹੋਦ, ਭੁੱਜ ਤੇ ਅਹਿਮਦਾਬਾਦ ਵਿੱਚ ਰੈਲੀਆਂ ਤੇ ਰੋਡ ਸ਼ੋਅ ਕੀਤੇ। ਮੰਗਲਵਾਰ ਗਾਂਧੀਨਗਰ ਵਿੱਚ ਵੀ ਵੱਡਾ ਰੋਡ ਸ਼ੋਅ ਕੀਤਾ। ਇਸ ਦੌਰਾਨ ਕੀਤੀਆਂ ਗਈਆਂ ਤਕਰੀਰਾਂ ਤੋਂ ਸਾਫ ਨਜ਼ਰ ਆਇਆ ਕਿ ਫੌਜਾਂ ਦੀ ਬਹਾਦਰੀ ਦੀ ਗੱਲ ਕਰਦਿਆਂ ਉਹ ਅਸਲ ਵਿੱਚ ਆਪਣੀ 'ਬਹਾਦਰੀ' ਦਾ ਪ੍ਰਚਾਰ ਕਰ ਰਹੇ ਹਨ। ਦਾਹੋਦ ਵਿੱਚ ਕੀਤੀ ਪਹਿਲੀ ਰੈਲੀ 'ਚ ਉਨ੍ਹਾ ਕਿਹਾ—ਆਤੰਕ ਫੈਲਾਨੇ ਵਾਲੋਂ ਨੇ ਸਪਨੇ ਮੇਂ ਭੀ ਨਹੀਂ ਸੋਚਾ ਹੋਗਾ ਮੋਦੀ ਸੇ ਮੁਕਾਬਲਾ ਕਰਨਾ ਕਿਤਨਾ ਮੁਸ਼ਕਿਲ ਹੋਤਾ ਹੈ। ਭੁੱਜ ਵਿੱਚ ਤਾਂ ਉਨ੍ਹਾ ਫਿਲਮੀ ਡਾਇਲਾਗ ਵਾਂਗ ਪਾਕਿਸਤਾਨ ਨੂੰ ਚਿਤਾਵਨੀ ਦਿੱਤੀ—ਸੁਖ ਚੈਨ ਕੀ ਜ਼ਿੰਦਗੀ ਜੀਓ, ਰੋਟੀ ਖਾਓ...ਵਰਨਾ ਮੇਰੀ ਗੋਲੀ ਤੋ ਹੈ ਹੀ। ਦੱਸਿਆ ਜਾ ਰਿਹਾ ਹੈ ਕਿ ਉਹ ਦੇਸ਼ ਭਰ ਵਿੱਚ ਇਸ ਤਰ੍ਹਾਂ ਦੇ ਸ਼ੋਅ ਕਰਨਗੇ। ਇਸੇ ਹਫਤੇ ਉਹ ਯੂ ਪੀ ਤੇ ਬਿਹਾਰ (ਜਿੱਥੇ ਸਾਲ ਦੇ ਅਖੀਰ ਵਿੱਚ ਅਸੈਂਬਲੀ ਚੋਣਾਂ ਹਨ) ਦੇ ਦੌਰੇ 'ਤੇ ਜਾ ਰਹੇ ਹਨ। ਉਨ੍ਹਾ ਦੇ ਕਾਨਪੁਰ ਤੇ ਪਟਨਾ ਵਿੱਚ ਵੀ ਰੋਡ ਸ਼ੋਅ ਕਰਨ ਦੀ ਸੰਭਾਵਨਾ ਹੈ।

ਦਾਹੋਦ ਵਿੱਚ ਮੋਦੀ ਨੇ ਇਹ ਵੀ ਕਿਹਾ ਕਿ ਮਹਿਲਾਵਾਂ ਨੇ ਉਨ੍ਹਾ ਨੂੰ ਫੌਜਾਂ ਨੂੰ ਵਧਾਈ ਦੇਣ ਲਈ 'ਸੰਦੇਸ਼ਵਾਹਕ' ਵਜੋਂ ਚੁਣਿਆ ਹੈ। ਜੇ ਕਿਸੇ ਨੇ ਸਾਡੀਆਂ ਭੈਣਾਂ ਦਾ ਸਿੰਧੂਰ ਉਜਾੜਿਆ ਤਾਂ ਉਸ ਨੂੰ ਖਤਮ ਕਰ ਦਿੱਤਾ ਜਾਵੇਗਾ। ਦਹਿਸ਼ਤਗਰਦਾਂ ਨੇ 140 ਕਰੋੜ ਭਾਰਤੀਆਂ ਨੂੰ ਵੰਗਾਰਿਆ ਤੇ ਉਨ੍ਹਾਂ ਦਾ ਪ੍ਰਧਾਨ ਮੰਤਰੀ ਹੋਣ ਦੇ ਨਾਤੇ ਉਹ ਚੁੱਪ ਨਹੀਂ ਰਹਿ ਸਕਦੇ ਸਨ। ਇਸੇ ਤਰ੍ਹਾਂ ਹੀ ਲੰਘੇ ਵੀਰਵਾਰ ਰਾਜਸਥਾਨ ਦੇ ਬੀਕਾਨੇਰ ਵਿੱਚ ਰੈਲੀ ਦੌਰਾਨ ਉਨ੍ਹਾ ਕਿਹਾ ਸੀ ਕਿ ਉਨ੍ਹਾ ਦੀਆਂ ਰਗਾਂ ਵਿੱਚ ਲਹੂ ਨਹੀਂ ਗਰਮ ਸਿੰਧੂਰ ਵਹਿ ਰਿਹਾ ਹੈ। ਲਹੂ ਵਿੱਚ ਸਿੰਧੂਰ ਤੇ ਉਹ ਵੀ ਗਰਮਾ-ਗਰਮ ਸਿੰਧੂਰ ਦਾ ਹੋਣਾ ਇੱਕਦਮ ਨਵੀਂ ਗੱਲ ਹੈ। ਸਿੰਧੂਰ ਲੈੱਡ ਆਕਸਾਈਡ, ਸਿੰਥੈਟਿਕ ਡਾਈ, ਸਲਫਿਊਰਿਕ ਐਸਿਡ ਤੋਂ ਬਣਿਆ ਮਰਕਰੀ ਸਲਫੇਟ ਹੁੰਦਾ ਹੈ, ਜਿਸ ਵਿੱਚ ਲਾਲ ਕੱਚਾ ਸ਼ੀਸ਼ਾ ਘੁਲਿਆ-ਮਿਲਿਆ ਹੁੰਦਾ ਹੈ। ਵਿਗਿਆਨ ਦੇ ਹਿਸਾਬ ਨਾਲ ਮਨੁੱਖ ਦੇ ਸਰੀਰ ਵਿੱਚ ਇਸ ਦੀ ਜ਼ਰਾ ਜਿੰਨੀ ਮਾਤਰਾ ਵੀ ਪੁੱਜ ਜਾਵੇ ਤਾਂ ਮਾਨਸਿਕ ਸੰਤੁਲਨ ਹਮੇਸ਼ਾ ਲਈ ਵਿਗਾੜ ਸਕਦੀ ਹੈ, ਪਰ ਵਿਗਿਆਨ ਦੇ ਨਿਯਮ ਹੱਡ-ਮਾਸ ਦੇ ਪ੍ਰਾਣੀਆਂ ਲਈ ਹੁੰਦੇ ਹਨ, ਨਾਨ-ਬਾਇਲੋਜੀਕਲ ਲੋਕਾਂ ਲਈ ਨਹੀਂ, ਮੋਦੀ ਜੀ ਲਈ ਤਾਂ ਕਤਈ ਨਹੀਂ। ਉਹ ਦੇਸ਼ ਦੇ ਹੁਣ ਤੱਕ ਦੇ ਇੱਕੋ-ਇੱਕ ਤੇ ਦੁਨੀਆ ਦੇ ਉਨ੍ਹਾਂ ਗਿਣੇ-ਚੁਣੇ ਆਗੂਆਂ ਵਿੱਚੋਂ ਇੱਕ ਹਨ, ਜਿਨ੍ਹਾਂ ਲਈ ਆਪਦਾ ਵਿੱਚ ਅਵਸਰ ਹੁੰਦਾ ਹੈ, ਹਰ ਆਪਦਾ ਇੱਕ ਅਵਸਰ ਹੁੰਦੀ ਹੈ। ਜ਼ਿਆਦਾ ਸਹੀ ਇਹ ਹੋਵੇਗਾ ਕਿ ਉਨ੍ਹਾ ਲਈ ਆਪਦਾਵਾਂ ਹੀ ਅਵਸਰ ਹਨ। ਉਨ੍ਹਾ ਦੀ ਇੱਕ ਹੋਰ ਖਾਸੀਅਤ ਹਰ ਵੇਲੇ ਚੋਣਾਂ ਵਾਲੇ ਰੌਅ ਵਿੱਚ ਰਹਿਣ ਦੀ ਹੈ। ਇਸ ਹਿਸਾਬ ਨਾਲ ਆਪਦਾ ਦੇਸ਼ ਤੇ ਲੋਕਾਂ ਲਈ ਜਿੰਨੀ ਵੱਡੀ ਹੁੰਦੀ ਹੈ, ਮੋਦੀ ਤੇ ਉਨ੍ਹਾ ਦੇ ਕੁਨਬੇ ਲਈ ਚੋਣ ਜਿੱਤਣ ਦੀ ਸੰਭਾਵਨਾ ਵਧਾਉਣ ਦਾ ਓਨਾ ਹੀ ਵੱਡਾ ਅਵਸਰ ਹੁੰਦੀ ਹੈ। 14 ਫਰਵਰੀ 2019 ਨੂੰ ਕਸ਼ਮੀਰ ਦੇ ਪੁਲਵਾਮਾ ਵਿੱਚ ਸੀ ਆਰ ਪੀ ਐੱਫ ਦੇ 40 ਜਵਾਨਾਂ ਦੇ ਮਾਰੇ ਜਾਣ ਦੇ ਛੇ ਦਿਨ ਵੀ ਨਹੀਂ ਲੰਘੇ ਸਨ ਕਿ ਮੋਦੀ ਲੋਕ ਸਭਾ ਚੋਣਾਂ ਵਿੱਚ ਉਨ੍ਹਾਂ ਦੀਆਂ ਸ਼ਹਾਦਤਾਂ ਦਾ ਫਾਇਦਾ ਉਠਾਉਣ ਨਿਕਲ ਪਏ ਸਨ। ਉਨ੍ਹਾ ਪਹਿਲੀ ਵਾਰ ਵੋਟ ਪਾਉਣ ਵਾਲੇ ਨੌਜਵਾਨਾਂ ਨੂੰ ਪੁਲਵਾਮਾ ਦੇ ਸ਼ਹੀਦਾਂ ਦੇ ਨਾਂਅ ਭਾਜਪਾ ਦੇ ਹੱਕ ਵਿੱਚ ਭੁਗਤਣ ਦਾ ਖੁੱਲ੍ਹਾ ਸੱਦਾ ਦਿੱਤਾ ਸੀ। ਹੁਣ ਪਹਿਲਗਾਮ ਦੀ ਤ੍ਰਾਸਦੀ ਦੇ ਕੁਝ ਦਿਨ ਬਾਅਦ ਉਹ ਫਿਰ ਉਸੇ ਰਾਹ 'ਤੇ ਨਿਕਲ ਪਏ ਹਨ, ਪਰ ਇਸ ਵਾਰ ਉਹ ਗਲਤੀ ਕਰ ਰਹੇ ਹਨ, ਕਿਉਂਕਿ ਭਾਰਤ ਦੇ ਲੋਕ ਪੁਲਵਾਮਾ ਨੂੰ ਭੁੱਲੇ ਨਹੀਂ ਹਨ, ਸਗੋਂ ਪਹਿਲਗਾਮ ਦੇ ਬਾਅਦ ਉਸ ਨੂੰ ਹੋਰ ਸ਼ਿੱਦਤ ਨਾਲ ਯਾਦ ਕਰ ਰਹੇ ਹਨ। ਉਹ ਹੁਣ ਫੌਜ ਦੇ ਨਾਂਅ 'ਤੇ ਵੋਟਾਂ ਨਹੀਂ ਪਾਉਣਗੇ।

## ਪੁਆੜੇ ਭਰਦਾਨਗੀ ਦੇ !

ਚਾਹਤ ਚਿੰਬੜੀ ਐਸੀ ਭਰਦਾਨਗੀ ਦੀ,
ਹਾਸੋ-ਹੀਣਾ ਹੀ ਹਾਲ ਬਣਾਇ ਦਿੱਤਾ।
ਬੌਣੀ ਸੋਚ 'ਥੋਪੀ' ਵੱਡੇ ਅਹੁਦਿਆਂ 'ਤੇ,
ਕਠਪੁਤਲੀਆਂ ਵਾਂਗ 'ਨਚਾਇ' ਦਿੱਤਾ।
'ਕੁਰਸੀ ਭੁੱਖ' ਨੇ ਮਾਰਤੀ ਮੱਤ ਐਸੀ,
ਪਾਟੋ-ਧਾੜ ਵੱਲ ਪੰਥ ਵਧਾਇ ਦਿੱਤਾ।
ਨਹੀਂ ਕਦੇ ਇਤਹਾਸ ਵਿੱਚ ਦੇਖਿਆ ਜੋ,
ਐਸਾ 'ਚੰਦਰਾ ਸਮਾਂ' ਦਿਖਾਇ ਦਿੱਤਾ।
ਕੌਮ ਸੀਸ ਝੁਕਾਉਂਦੀ ਹੈ ਜਿਨ੍ਹਾਂ ਮੋਹਰੇ,
ਸ਼ਰਧਾ ਅਤੇ ਸਤਿਕਾਰ ਘਟਾਇ ਦਿੱਤਾ।
ਤਖਤ ਸਾਹਿਬ ਤੇ ਪੰਜਾਂ ਪਿਆਰਿਆਂ ਨੂੰ,
ਇੱਕ-ਦੂਜੇ ਦੇ ਨਾਲ 'ਟਕਰਾਇ' ਦਿੱਤਾ।

-ਤਰਲੋਚਨ ਸਿੰਘ ਦੁਪਾਲਪੁਰ, 78146-82724

# ਪਾਣੀਆਂ ਲਈ ਜੰਗ


ਗੁਰਮੀਤ ਸਿੰਘ ਪਲਾਹੀ

ਭਾਰਤ-ਪਾਕਿਸਤਾਨ ਆਪਸੀ ਵਿਗੜੇ ਰਿਸ਼ਤਿਆਂ ਦੇ ਫਲਸਰੂਪ ਭਾਰਤ ਨੇ ਸਿੰਧੂ ਸਮਝੌਤਾ ਰੱਦ ਕਰ ਦਿੱਤਾ। ਸਿੰਧੂ ਨਦੀ ਦਾ ਪਾਕਿਸਤਾਨ ਵੱਲ ਜਾਂਦਾ ਪਾਣੀ ਰੋਕ ਦਿੱਤਾ ਹੈ?

ਪਾਣੀਆਂ ਦੇ ਪੰਜਾਬ, ਹਰਿਆਣਾ ਦਰਮਿਆਨ ਹੋਏ ਸਮਝੌਤਿਆਂ ਦੀ ਉਲੰਘਣਾ ਦੇ ਚਲਦਿਆਂ ਪੰਜਾਬ ਨੇ ਹਰਿਆਣਾ ਨੂੰ ਭਾਖੜਾ- ਨੰਗਲ ਡੈਮ ਤੋਂ ਹਰਿਆਣਾ ਲਈ ਮਨਜ਼ੂਰ ਕੀਤੇ ਕੋਟੇ ਤੋਂ ਵੱਧ ਪਾਣੀ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਭਾਖੜਾ-ਨੰਗਲ ਡੈਮ ਪ੍ਰਬੰਧਨ ਦੇ ਮਾਮਲੇ 'ਚ ਪੰਜਾਬ ਤੇ ਕੇਂਦਰ ਹੁਣ ਇੱਟ-ਖੜੱਕੇ 'ਚ ਹਨ। ਪੰਜਾਬ 'ਚ ਸਰਕਾਰ ਆਮ ਆਦਮੀ ਪਾਰਟੀ ਦੀ ਹੈ, ਜਦਕਿ ਹਰਿਆਣਾ ਤੇ ਕੇਂਦਰ 'ਚ ਭਾਜਪਾ ਦੀ। ਪੰਜਾਬ ਨਾਲ ਹੋਏ ਪਾਣੀਆਂ ਦੇ ਮਾਮਲੇ 'ਚ ਹੋ ਰਹੇ ਵਿਤਕਰਿਆਂ ਸੰਬੰਧੀ ਸਿਆਸੀ ਲੜਾਈ ਤੇਜ਼ ਹੋ ਚੁੱਕੀ ਹੈ। ਰਾਸ਼ਟਰੀ, ਅੰਤਰਰਾਸ਼ਟਰੀ ਪੱਧਰ 'ਤੇ ਪਾਣੀ ਵਿਵਾਦ ਮੁੱਦੇ, ਪਾਣੀ ਦੀ ਉਪਲੱਬਧਤਾ ਅਤੇ ਵੰਡ ਬਾਰੇ ਵੱਡੇ ਪ੍ਰਸ਼ਨ ਖੜੇ ਕਰ ਰਹੇ ਹਨ। ਆਓ, ਵੇਖੀਏ ਵਿਸ਼ਵ ਪੱਧਰ 'ਤੇ ਪਾਣੀਆਂ ਦੇ ਹਾਲਾਤ ਕਿਹੋ ਜਿਹੇ ਬਣਦੇ ਜਾ ਰਹੇ ਹਨ :

ਸਿੰਧੂ, ਗੰਗਾ, ਬ੍ਰਹਮਪੁੱਤਰ ਤੋਂ ਬਿਨਾਂ ਦਸ ਪ੍ਰਮੁੱਖ ਏਸ਼ੀਆਈ ਨਦੀ ਪ੍ਰਣਾਲੀਆਂ ਹਿੰਦੂਕੁਸ਼ ਹਿਮਾਲਾ ਤੋਂ ਹੀ ਨਿਕਲਦੀਆਂ ਹਨ। ਇਹਨਾ ਦਾ ਫੈਲਾਅ ਅੱਠ ਦੇਸ਼ਾਂ ਤੱਕ ਹੈ, ਜਿਹਨਾ ਵਿੱਚ ਭਾਰਤ, ਪਾਕਿਸਤਾਨ, ਅਫਗਾਨਿਸਤਾਨ, ਭੂਟਾਨ, ਬੰਗਲਾਦੇਸ਼, ਚੀਨ, ਨੇਪਾਲ ਅਤੇ ਮਿਆਂਮਾਰ ਸ਼ਾਮਲ ਹਨ। ਇਹਨਾ ਖੇਤਰਾਂ ਲਈ ਅਸਲ ਵਿੱਚ ਇਹ ਜੀਵਨ ਰੇਖਾ ਹੈ।

ਹੁਣੇ ਜਿਹੇ ਇੱਕ ਰਿਪੋਰਟ ਛਪੀ ਹੈ ਕਿ ਹਿੰਦੂਕੁਸ਼ ਹਿਮਾਲਾ ਦੀ ਬਰਫ਼ ਦੀਆਂ ਪਰਤਾਂ ਵਿੱਚ ਜ਼ਬਰਦਸਤ ਘਾਟ ਦੇਖਣ ਨੂੰ ਮਿਲੀ ਹੈ। ਕਿਧਰੇ-ਕਿਧਰੇ ਤਾਂ ਇਹ ਲਗਭਗ 50 ਫ਼ੀਸਦੀ ਤੋਂ ਵੀ ਜ਼ਿਆਦਾ ਹੈ। ਅਸਲੀਅਤ ਵਿੱਚ ਇਹ ਗੰਭੀਰ ਅਤੇ ਚਿੰਤਾਜਨਕ ਹਾਲਾਤ ਹਨ।

ਲਗਾਤਾਰ ਤਿੰਨ ਵਰ੍ਹਿਆਂ ਤੋਂ ਜਾਰੀ ਇਹ ਸਥਿਤੀ ਕੁਦਰਤ ਪੱਖੀ ਨਹੀਂ ਕਹੀ ਜਾ ਸਕਦੀ। ਕੁਦਰਤੀ ਰੂਪ 'ਚ ਬਰਫ਼ ਪਿਘਲਣ ਨਾਲ ਗਰਮ ਮਹੀਨਿਆਂ ਦੌਰਾਨ ਨਦੀਆਂ ਦਾ ਨਿਰੰਤਰ ਪਾਣੀ ਦਾ ਪ੍ਰਵਾਹ ਬਣਿਆ ਰਹਿੰਦਾ ਹੈ। ਹਾਲਾਂਕਿ ਬਰਫ਼ ਦਾ ਬਣਨਾ ਅਤਿਅੰਤ ਜ਼ਰੂਰੀ ਹੈ। ਬਰਫ਼ਬਾਰੀ ਪਿਛਲੇ 25 ਵਰ੍ਹਿਆਂ ਤੋਂ ਘੱਟ ਹੋ ਰਹੀ ਹੈ, ਜੋ ਦੁਨੀਆ ਦੇ ਖੇਤਰਫਲ ਅਤੇ ਜਨਸੰਖਿਆ 'ਚ ਸਭ ਤੋਂ ਵੱਡੇ ਏਸ਼ੀਆਈ ਮਹਾਂਦੀਪ, ਜਿਸ ਦੀ ਕੁੱਲ ਜਨਸੰਖਿਆ 470 ਕਰੋੜ ਹੈ, ਲਈ ਇੱਕ ਗੰਭੀਰ ਚੇਤਾਵਨੀ ਦੇ ਰੂਪ ਵਿੱਚ ਸਾਹਮਣੇ ਆ ਰਹੀ ਹੈ। ਇਹ ਏਸ਼ੀਆ ਦੇ 49 ਦੇਸ਼ਾਂ, ਜਿਹਨਾਂ ਦੇ ਕੋਲ ਦੁਨੀਆਂ ਦੀ ਆਬਾਦੀ ਦਾ 60 ਫ਼ੀਸਦੀ ਹੈ, ਲਈ ਭਵਿੱਖ 'ਚ ਵੱਡੀ ਚਿੰਤਾ ਅਤੇ ਚੁਣੌਤੀ ਬਣੇਗੀ।

ਖੇਤਰਫਲ ਅਤੇ ਜਨਸੰਖਿਆ ਦੀ ਦ੍ਰਿਸ਼ਟੀ ਤੋਂ ਹਿੰਦੂਕੁਸ਼ ਹਿਮਾਲਾ ਪਰਬਤ ਸਮੂਹ ਖੇਤਰ ਅੱਠ ਦੇਸ਼ਾਂ ਵਿੱਚ ਲਗਭਗ 40 ਲੱਖ 30 ਹਜ਼ਾਰ ਵਰਗ ਕਿਲੋਮੀਟਰ ਤੱਕ ਫੈਲਿਆ ਹੋਇਆ ਹੈ। ਇਹਨਾਂ ਦੋ ਅਰਬ ਲੋਕਾਂ ਦੇ ਭੋਜਨ, ਪਾਣੀ ਅਤੇ ਬਿਜਲੀ ਦੀ ਸੁਰੱਖਿਆ ਦੇ ਨਾਲ-ਨਾਲ ਹਜ਼ਾਰਾਂ, ਲੱਖਾਂ ਜੀਵ-ਜੰਤੂਆਂ ਦਾ ਰਹਿਣ ਬਸੇਰਾ ਵੀ ਹੈ। ਚਿੰਤਾ ਦੀ ਗੱਲ ਹੈ ਕਿ ਪੌਣ-ਪਾਣੀ ਤਬਦੀਲੀ ਦਾ ਭੈੜਾ ਅਸਰ ਪਹਾੜਾਂ ਤੱਕ ਪੁੱਜ ਗਿਆ ਹੈ। ਇਸ ਦੇ ਕਾਰਨ ਹੀ ਤੇਜੀ ਨਾਲ ਬਰਫ਼ ਪਿਘਲਦੀ ਹੈ। ਪਹਿਲਾਂ ਜਿੱਥੇ ਬਰਫ਼ ਦੀਆਂ ਮੋਟੀਆਂ ਤੈਹਾਂ ਦਿਖਾਈ ਦਿੰਦੀਆਂ ਸਨ, ਹੁਣ ਪਤਲੀਆਂ ਕੱਚ ਵਰਗੀਆਂ ਦਿਖਣ ਲੱਗੀਆਂ ਹਨ। ਇਹ ਤੇਜ਼ੀ ਨਾਲ ਪਿਘਲ ਰਹੀਆਂ ਹਨ।

ਨਿਸਚਿਤ ਰੂਪ ਚ ਇਹ ਸਥਿਤੀ ਸੁਖਾਵੀਂ ਸਥਿਤੀ ਨਹੀਂ। ਇਸ ਦੇ ਸਿੱਟੇ ਦੁਨੀਆ ਦੀ ਆਬਾਦੀ ਦੇ ਸਭ ਤੋਂ ਵੱਡੇ ਹਿੱਸੇ ਭਾਰਤ ਵਿੱਚ ਵੇਖਣ ਨੂੰ ਮਿਲ ਰਹੇ ਹਨ। ਹੜ੍ਹ ਅਤੇ ਤੂਫ਼ਾਨ, ਪੌਣ-ਪਾਣੀ ਬਦਲੀ, ਜੰਗਲਾਂ ਦੀ ਕਟਾਈ ਅਤੇ ਧਰਤੀ ਖੋਰੇ ਦੇ ਕਾਰਨ ਲੱਖਾਂ ਲੋਕਾਂ ਦੇ ਉਜਾੜੇ ਦਾ ਕਾਰਨ ਬਣੇ ਹਨ।

ਬਰਫ਼ ਦਾ ਪਿਘਲਣਾ ਮਨੁੱਖਾਂ ਹੱਥੋਂ ਕੀਤਾ ਗ਼ੈਰ-ਕੁਦਰਤੀ ਕਾਰਾ ਹੈ, ਜੋ ਮਨੁੱਖ ਨੂੰ ਆਪੇ ਭੁਗਤਣਾ ਪੈ ਰਿਹਾ ਹੈ। ਇਹ ਇਕ ਗੰਭੀਰ ਸਥਿਤੀ ਵੀ ਹੈ, ਕਿਉਂਕਿ ਪਿਘਲਦੀਆਂ ਹਿਮ ਨਦੀਆਂ ਤੋਂ ਨਿਕਲਦੇ ਪਾਣੀ ਉੱਤੇ ਜਨਸੰਖਿਆ, ਬਨਸਪਤੀ, ਪਸ਼ੂ-ਪੰਛੀ ਅਤੇ ਦੂਜੇ ਜੀਵ-ਜੰਤੂ ਨਿਰਭਰ ਹਨ ਅਤੇ ਇਹ ਉਹਨਾਂ ਦੇ ਜੀਵਨ ਲਈ ਖ਼ਤਰੇ ਦੀ ਘੰਟੀ ਹੈ।

ਗੰਗਾ, ਬ੍ਰਹਮਪੁੱਤਰ ਅਤੇ ਸਿੰਧੂ ਬੇਸਿਨ ਕਈ ਨਦੀਆਂ ਦਾ ਸਰੋਤ ਹੈ, ਇਸ ਨਾਲ ਭਾਰਤ ਦੇ ਕਰੋੜਾਂ ਲੋਕਾਂ ਦੀ ਨਿਰਭਰਤਾ ਹੈ। ਭਾਰਤ ਨੂੰ ਪਾਣੀ ਇਹਨਾਂ ਬੇਸਿਨਾਂ ਤੋਂ ਮਿਲਦਾ ਹੈ, ਪਰ ਇਹਨਾਂ ਨਦੀਆਂ ਦੇ ਜਲਦੀ ਸੁੱਕਣ ਨਾਲ ਜੋ ਸੰਕੇਤ ਮਿਲ ਰਹੇ ਹਨ, ਉਹ ਬੇਹੱਦ ਚਿੰਤਾਜਨਕ ਹਨ। ਜੇਕਰ ਨਦੀਆਂ ਸੁੱਕ ਗਈਆਂ ਤਾਂ, ਮਨੁੱਖੀ ਜੀਵਨ ਤਬਾਹੀ ਕੰਢੇ ਹੋਏਗਾ।

ਉਂਝ ਵੀ ਪਾਣੀ ਕਾਰਨ ਦੇਸ਼ਾਂ, ਪ੍ਰਦੇਸਾਂ ਵਿੱਚ ਲੜਾਈ ਦਾ ਮੈਦਾਨ ਭਖਿਆ ਪਿਆ ਹੈ। ਸਿੰਧੂ ਨਦੀ ਦਾ ਪਾਣੀ ਭਾਰਤ ਨੇ ਬੰਦ ਕਰਨ ਦਾ ਉਦੋਂ ਐਲਾਨ ਕਰ ਦਿੱਤਾ, ਜਦੋਂ ਦੋਹਾਂ ਦੇਸ਼ਾਂ 'ਚ ਆਪਸੀ ਤਕਰਾਰ ਵਧਿਆ ਅਤੇ ਜੰਗ ਛਿੜ ਪਈ। ਕਿਹਾ ਜਾ ਰਿਹਾ ਹੈ ਕਿ ਦੁਨੀਆ ਵਿੱਚ ਅਗਲੇ ਵਿਸ਼ਵ ਯੁੱਧ ਦਾ ਕਾਰਨ ਪਾਣੀ ਹੋਏਗਾ।

ਭਾਰਤ ਦੀਆਂ ਪ੍ਰਮੁੱਖ ਨਦੀਆਂ ਦੋ ਜਾਂ ਤਿੰਨ ਤੋਂ ਜ਼ਿਆਦਾ ਸੂਬਿਆਂ ਦੇ ਪਾਣੀ ਦਾ ਸਰੋਤ ਹਨ, ਕਿਉਂਕਿ ਧਰਤੀ ਹੇਠਲਾ ਪਾਣੀ ਲਗਭਗ ਦੇਸ਼ਾਂ ਦੇ ਬਹੁਤਿਆਂ ਹਿੱਸਿਆਂ 'ਚੋਂ ਧਰਤੀ 'ਚ ਬਹੁਤ ਨੀਵਾਂ ਜਾ ਚੁੱਕਾ ਹੈ, ਕਿਉਂਕਿ ਇਸ ਦੀ ਦੁਰਵਰਤੋਂ ਲਗਾਤਾਰ ਕੀਤੀ ਜਾ ਰਹੀ ਹੈ। ਆਬਾਦੀ ਵਧਣ ਨਾਲ ਪਾਣੀ ਦੀ ਮੰਗ ਵੀ ਵਧ ਰਹੀ ਹੈ ਅਤੇ ਇਸੇ ਮੰਗ ਦੇ ਵਧਣ ਕਾਰਨ ਸੂਬਿਆਂ 'ਚ ਪਾਣੀ ਲਈ ਆਪਸੀ ਤਕਰਾਰ ਡੂੰਘਾ ਅਤੇ ਗੰਭੀਰ ਬਣਦਾ ਜਾ ਰਿਹਾ ਹੈ। ਪੰਜਾਬ ਤੇ ਹਰਿਆਣਾ ਵਿਚਕਾਰ ਪਾਣੀ ਕਾਰਨ ਵੱਡਾ ਕਲੇਸ਼ ਵਧਿਆ ਹੈ। ਸੂਬੇ ਕਾਨੂੰਨੀ ਅਤੇ ਸਿਆਸੀ ਸ਼ਕਤੀ ਦਾ ਦਾਅਵਾ ਕਰਦੇ ਹਨ।

ਇਹੋ ਹਾਲ ਅੰਤਰਰਾਸ਼ਟਰੀ ਜਲ ਵਿਵਾਦਾਂ ਦਾ ਹੈ। ਇਹ ਪਾਣੀ ਝਗੜੇ ਲੰਬੇ ਸਮੇਂ ਤੋਂ ਅਣਸੁਲਝੇ ਹਨ। ਅੰਤਰਰਾਜੀ ਜਲ ਵਿਵਾਦਾਂ ਨਾਲ ਨਿਪਟਣ ਲਈ ਘਰੇਲੂ ਕਾਨੂੰਨੀ ਢਾਂਚਾ ਅਤੇ ਪ੍ਰਕਿਰਿਆਵਾਂ ਹੁਣ ਵੀ ਬਹੁਤ ਪੁਰਾਣੀਆਂ ਅਤੇ ਅਵਿਕਸਤ ਹਨ। ਇਹ ਸੂਬਿਆਂ ਦੇ ਆਪਸੀ ਪਾਣੀ ਮਸਲਿਆਂ ਨੂੰ ਹੱਲ ਕਰਨ ਦੇ ਕਾਬਲ ਵੀ ਨਹੀਂ ਹਨ। ਭਾਰਤ ਦੇ ਸੰਘੀ ਸੰਵਿਧਾਨਿਕ ਢਾਂਚੇ ਤਹਿਤ ਪਾਣੀ ਮੋਟੇ ਤੌਰ 'ਤੇ ਰਾਜ ਦਾ ਮਾਮਲਾ ਹੈ, ਜਿਸ ਵਿੱਚ ਕੇਂਦਰ ਸਰਕਾਰ ਦਾ ਦਖ਼ਲ ਸੀਮਤ ਹੈ ਅਤੇ ਉਸ ਦੀ ਭੂਮਿਕਾ ਸੰਵਿਧਾਨਿਕ ਤੌਰ 'ਤੇ ਪ੍ਰਭਾਸ਼ਿਤ ਹੈ।

ਅਸਲੀਅਤ ਇਹ ਹੈ ਕਿ ਭਾਰਤ ਦੀ ਆਬਾਦੀ ਵੱਡੀ ਹੈ, ਪਰ ਪਾਣੀ ਬਹੁਤ ਜ਼ਿਆਦਾ ਨਹੀਂ। ਦੁਨੀਆ ਦੇ ਨਵੀਨੀਕਰਨ ਜਲ ਸੰਸਾਧਨਾਂ ਦਾ ਸਿਰਫ਼ ਚਾਰ ਫ਼ੀਸਦੀ ਅਤੇ ਵਿਸ਼ਵ ਆਬਾਦੀ ਦਾ 18 ਫ਼ੀਸਦੀ ਹੈ। ਕਈ ਵੇਰ ਇਸ ਨੂੰ ਲੈ ਕੇ ਤਣਾਅ ਵਧਦਾ ਹੈ। ਕਦੇ-ਕਦੇ ਗੰਭੀਰ ਟਕਰਾਅ ਵਿੱਚ ਇਹ ਤਣਾਅ ਬਦਲਦਾ ਹੈ। ਸੂਬਿਆਂ ਦੇ ਆਪਸੀ ਰਿਸ਼ਤੇ ਤਣਾਅਪੂਰਨ ਹੁੰਦੇ ਹਨ। ਗੱਲ ਵਿਰੋਧ ਪ੍ਰਦਰਸ਼ਨਾਂ ਤੱਕ ਪੁੱਜਦੀ ਹੈ, ਜਿਵੇਂ ਕਿ ਇਹਨੀਂ ਦਿਨੀ ਹਰਿਆਣਾ, ਪੰਜਾਬ ਦਾ ਭਾਖੜਾ ਡੈਮ ਤੋਂ ਛੱਡੇ ਜਾਣ ਵਾਲੇ ਪਾਣੀ ਕਾਰਨ ਟਕਰਾਅ ਹੋ ਰਿਹਾ ਹੈ।

ਆਜ਼ਾਦੀ ਤੋਂ ਬਾਅਦ ਭਾਰਤ ਵਿੱਚ ਸਿੰਚਾਈ ਅਤੇ ਬਿਜਲੀ ਪੈਦਾ ਕਰਨ ਲਈ ਨਦੀਆਂ ਦੇ ਪਾਣੀਆਂ ਦੀ ਵਰਤੋਂ ਦੀਆਂ ਯੋਜਨਾਵਾਂ ਲਾਗੂ ਹੋਈਆਂ। ਭਾਖੜਾ-ਨੰਗਲ, ਹੀਰਾਕੁੰਡ, ਚੰਬਲ, ਤੁੰਗਭੱਦਰਾ, ਨਾਗਾਰਜੁਨ ਸਾਗਰ ਅਤੇ ਦਮੋਦਰ ਘਾਟੀ ਯੋਜਨਾਵਾਂ ਬਣੀਆਂ। ਇਹਨਾਂ ਯੋਜਨਾਵਾਂ ਨਾਲ ਇਹਨਾਂ ਖੇਤਰਾਂ ਦੇ ਵਿਕਾਸ 'ਚ ਮਦਦ ਮਿਲੀ। ਇਹ ਸਿੰਚਾਈ, ਬਿਜਲੀ ਅਤੇ ਹੜ੍ਹ ਰੋਕਣ ਲਈ ਮਦਦਗਾਰ ਸਾਬਿਤ ਹੋਈਆਂ। ਹਾਲਾਂਕਿ ਕੁਝ ਮਾਮਲਿਆਂ 'ਚ ਇਹਨਾਂ ਯੋਜਨਾਵਾਂ ਕਾਰਨ ਰਾਜਾਂ ਦੇ ਝਗੜੇ ਪਾਣੀ ਦੀ ਵੰਡ ਲਈ ਪੈਦਾ ਹੋਏ।

ਰਾਵੀ, ਬਿਆਸ, ਨਰਮਦਾ, ਕ੍ਰਿਸ਼ਨਾ, ਕਵੇਰੀ, ਗੋਦਾਵਰੀ, ਪਰਿਆਰ, ਮਹਾਂਦੇਈ, ਨਦੀਆਂ ਦੇ ਪਾਣੀ ਦੀ ਵੰਡ ਲਈ ਪੰਜਾਬ, ਹਰਿਆਣਾ, ਰਾਜਸਥਾਨ, ਮੱਧ ਪ੍ਰਦੇਸ਼, ਗੁਜਰਾਤ, ਆਂਧਰਾ ਪ੍ਰਦੇਸ਼ ਅਤੇ ਛੱਤੀਸਗੜ੍ਹ, ਤਾਮਿਲਨਾਡੂ, ਕੇਰਲਾ ਆਦਿ ਸੂਬਿਆਂ ਵਿਚਕਾਰ ਪਾਣੀ-ਵਿਵਾਦ ਹੁੰਦਾ ਰਿਹਾ ਹੈ ਜਾਂ ਹੈ।

ਅੰਤਰ-ਰਾਸ਼ਟਰੀ ਪੱਧਰ 'ਤੇ ਭਾਰਤ-ਪਾਕਿਸਤਾਨ, ਚੀਨ, ਇਜ਼ਰਾਇਲ-ਫਲਸਤੀਨ, ਸੀਰੀਆ, ਤੁਰਕੀ, ਜਾਰਡਨ, ਇਥੋਪੀਆ ਆਦਿ ਦੇਸ਼ਾਂ 'ਚ ਪਾਣੀ ਕਾਰਨ ਵਿਵਾਦ ਹੈ ਅਤੇ ਇਹ ਵਿਵਾਦ ਜੰਗ ਦਾ ਰੂਪ ਧਾਰਨ ਕਰ ਚੁੱਕਾ ਹੈ।

ਭਾਰਤ ਵਿੱਚ ਹੀ ਨਹੀਂ ਸਮੁੱਚੀ ਦੁਨੀਆ ਵਿੱਚ ਵੱਡੀ ਗਿਣਤੀ ਸਰਕਾਰਾਂ ਕਾਰਪੋਰੇਟਾਂ ਸੈਕਟਰ ਨਾਲ ਮਿਲ ਕੇ ਧਰਤੀ ਦੇ ਪੰਜ ਤੱਤਾਂ ਦੇ ਨਾਲ ਖਿਲਵਾੜ ਕਰ ਰਹੀਆਂ ਹਨ। ਪਾਣੀ ਦੀ ਕਮੀ ਪੱਛਮੀ ਏਸ਼ੀਆ ਤੇ ਅਫ਼ਰੀਕਾ ਦੇ ਲੋਕਾਂ ਨੂੰ ਆਪਣੇ ਘਰ-ਬਾਰ ਛੱਡਣ 'ਤੇ ਮਜ਼ਬੂਰ ਕਰ ਰਹੀ ਹੈ। ਪਾਣੀ ਦੀ ਘਾਟ ਕਾਰਨ ਸਥਿਤੀਆਂ ਇਹੋ ਜਿਹੀਆਂ ਬਣ ਰਹੀਆਂ ਹਨ, ਜਿਸ ਬਾਰੇ ਮੈਗਾਸਾਸੇ ਪੁਰਸਕਾਰ ਵਿਜੇਤਾ ਜਲਪੁਰਸ਼ ਰਜਿੰਦਰ ਸਿੰਘ ਨੇ ਕਿਹਾ ਹੈ ਕਿ 'ਜਲ ਸਮੱਸਿਆ' ਤੀਜੇ ਵਿਸ਼ਵ ਯੁੱਧ ਦਾ ਕਾਰਨ ਬਣ ਸਕਦੀ ਹੈ।

ਪਾਣੀ ਦੀ ਘਾਟ ਖੇਤਰੀ ਅਸਥਿਰਤਾ ਅਤੇ ਸਮਾਜਿਕ ਅਸ਼ਾਂਤੀ ਦਾ ਕਾਰਨ ਬਣ ਰਹੀ ਹੈ। ਸੰਯੁਕਤ ਰਾਸ਼ਟਰ ਅਤੇ ਵਿਸ਼ਵ ਬੈਂਕ ਦੀ ਰਿਪੋਰਟ ਅਨੁਸਾਰ ਦੁਨੀਆ ਦੀ 40 ਫ਼ੀਸਦੀ ਆਬਾਦੀ ਪ੍ਰਭਾਵਤ ਹੋ ਚੁੱਕੀ ਹੈ ਅਤੇ 2030 ਤੱਕ 700 ਮਿਲੀਅਨ ਲੋਕਾਂ ਨੂੰ ਪਾਣੀ ਕਾਰਨ ਆਪਣੇ ਘਰਾਂ ਤੋਂ ਬੇਘਰ ਹੋਣ ਦਾ ਖ਼ਤਰਾ ਪੈਦਾ ਹੋ ਗਿਆ ਹੈ। ਪਾਣੀ ਮਾਹਰਾਂ ਦਾ ਕਹਿਣਾ ਹੈ ਕਿ ਪਾਣੀ ਦੀ ਵਧਦੀ ਕਮੀ ਹਿੰਸਕ ਸੰਘਰਸ਼ਾਂ 'ਚ ਵਾਧਾ ਕਰੇਗੀ, ਕਿਉਂਕਿ ਬੇਈਮਾਨ, ਨੇਤਾ, ਸ਼ਕਤੀਸ਼ਾਲੀ ਨਿਗਮ ਅਤੇ ਸ਼ਕਤੀਹੀਣ ਲੋਕ ਘਟਦੀ ਜਲ ਪੂਰਤੀ ਲਈ ਲੜ ਸਕਦੇ ਹਨ।

ਪਾਣੀਆਂ ਲਈ ਜੰਗ ਦੁਨੀਆ ਲਈ ਨਵੀਂ ਨਹੀਂ। 2500 ਈਸਾ ਪੂਰਬ ਵਿੱਚ ਮੇਸੋਪੋਟਾਮਿਆ, 720 ਈਸਾ ਪੂਰਬ ਵਿੱਚ ਅਸੀਰੀਆ, 101 ਈਸਾ ਪੂਰਬ ਵਿੱਚ ਚੀਨ ਅਤੇ 48 ਈਸਾ ਪੂਰਬ ਵਿੱਚ ਮਿਸਰ ਵਿੱਚ ਇਸਦੇ ਪ੍ਰਕੋਪ ਦੀ ਸ਼ੁਰੂਆਤ ਹੋਈ ਸੀ, ਅੱਜ ਵੀ ਦੁਨੀਆ ਦੇ ਕਈ ਹਿੱਸਿਆਂ 'ਚ ਪਾਣੀ ਲਈ ਸੰਘਰਸ਼ ਜਾਰੀ ਹੈ। ਕਿਧਰੇ ਕਿਸੇ ਦੇਸ਼ ਦੇ ਸੂਬਿਆਂ 'ਚ ਆਪਸ ਵਿੱਚ ਅਤੇ ਕਿਧਰੇ ਕਿਸੇ ਇੱਕ ਦੇਸ਼ ਦਾ ਦੂਜੇ ਦੇਸ਼ ਨਾਲ।

# ਸੰਪਰਕ : 98158-02070

# ਸੱਤਾਧਾਰੀ ਅਤੇ ਸੱਤਾ ਵਿਰੋਧੀ ਮੀਡੀਆ


ਸੰਦੀਪ ਕੁਮਾਰ

ਮੀਡੀਆ ਨੂੰ ਅਕਸਰ ਲੋਕਤੰਤਰ ਦਾ ਚੌਥਾ ਥੰਮ੍ਹ ਕਿਹਾ ਜਾਂਦਾ ਹੈ । ਇਸ ਦੀ ਭੂਮਿਕਾ ਲੋਕਾਂ ਨੂੰ ਸਚਾਈ ਨਾਲ ਵਾਕਿਫ ਕਰਵਾਉਣ ਦੀ ਰਹੀ ਹੈ, ਪਰ ਅਫ਼ਸੋਸ ਦੀ ਗੱਲ ਇਹ ਹੈ ਕਿ ਅੱਜ ਦੇ ਸਮੇਂ ਵਿਚ ਮੀਡੀਆ ਆਪਣੀ ਇਸ ਭੂਮਿਕਾ ਤੋਂ ਭਟਕ ਗਿਆ ਹੈ। ਜਿਹੜਾ ਮੀਡੀਆ ਇੱਕ ਸਮੇਂ ਲੋਕਾਂ ਦੀ ਅਵਾਜ਼ ਬਣਦਾ ਸੀ, ਉਹ ਅੱਜ ਖੁਦ ਦੋ ਵੱਡੇ ਗੁੱਟਾਂ ਵਿੱਚ ਵੰਡ ਗਿਆ ਹੈ—ਇੱਕ ਹਿੱਸਾ ਸੱਤਾਧਾਰੀ ਧਿਰ ਨਾਲ ਜੁੜ ਗਿਆ ਹੈ ਅਤੇ ਦੂਜਾ ਹਿੱਸਾ ਸੱਤਾ ਵਿਰੋਧੀ ਧਿਰ ਨਾਲ ਜੁੜ ਗਿਆ ਹੈ। ਮੀਡੀਆ ਦੀ ਇਸ ਵੰਡ ਦਾ ਨਤੀਜਾ ਇਹ ਹੋਇਆ ਹੈ ਕਿ ਸੱਤਾਧਾਰੀ ਧਿਰ ਨਾਲ ਜੁੜਿਆ ਮੀਡੀਆ ਹਮੇਸ਼ਾ ਸਰਕਾਰ ਦੇ ਕੰਮਾਂ ਦੀ ਬਿਨਾਂ ਕਿਸੇ ਗੰਭੀਰ ਸਮੀਖਿਆ ਦੇ ਪ੍ਰਸ਼ੰਸਾ ਕਰਦਾ ਹੈ। ਉਹ ਹਰ ਫੈਸਲੇ ਨੂੰ ਸਹੀ ਠਹਿਰਾਉਂਦਾ ਹੈ, ਲੋਕਾਂ ਦੇ ਹੱਕਾਂ ਅਤੇ ਚਿੰਤਾਵਾਂ ਦੀ ਪੇਸ਼ਕਸ਼ ਕਰਨ ਦੀ ਬਜਾਏ ਉਹ ਸਰਕਾਰ ਦੀ ਮਾਨਸਿਕਤਾ ਨੂੰ ਹੀ ਲੋਕਾਂ ਦੀ ਸੋਚ 'ਚ ਘੋਲਣ ਦੀ ਕੋਸ਼ਿਸ਼ ਕਰਦਾ ਹੈ।

ਦੂਜੇ ਪਾਸੇ, ਸੱਤਾ ਵਿਰੋਧੀ ਧਿਰ ਨਾਲ ਜੁੜਿਆ ਮੀਡੀਆ ਵੀ ਆਪਣੀ ਧਾਰਾ ਵਿੱਚ ਇਕ ਪੱਖੀ ਬਣ ਚੁੱਕਾ ਹੈ। ਉਹ ਹਮੇਸ਼ਾ ਸਰਕਾਰ ਦੀ ਨਿੰਦਾ ਕਰਦਾ ਹੈ, ਬਿਨਾਂ ਇਸ ਗੱਲ ਦਾ ਵਿਚਾਰ ਕੀਤੇ ਕਿ ਕੀ ਸਰਕਾਰ ਵੱਲੋਂ ਕੋਈ ਚੰਗਾ ਕੰਮ ਵੀ ਹੋ ਰਿਹਾ ਹੈ ਜਾਂ ਨਹੀਂ। ਹਰ ਫੈਸਲੇ ਦੀ ਆਲੋਚਨਾ ਕਰਨੀ, ਹਰ ਨੀਤੀ ਨੂੰ ਗਲਤ ਸਾਬਤ ਕਰਨਾ ਅਤੇ ਸਰਕਾਰ ਨੂੰ ਲੋਕ ਵਿਰੋਧੀ ਮਾਹੌਲ ਵਿੱਚ ਪੇਸ਼ ਕਰਨਾ, ਉਸ ਦੇ ਕੰਮ ਦਾ ਕੇਂਦਰ ਬਣ ਗਿਆ ਹੈ । ਇੱਥੋਂ ਤੱਕ ਕਿ ਜਦੋਂ ਸਰਕਾਰ ਵੱਲੋਂ ਕੋਈ ਅਹੰਕਾਰ ਰਹਿਤ ਅਤੇ ਲੋਕ-ਹਿੱਤ ਵਾਲਾ ਫੈਸਲਾ ਲਿਆ ਜਾਂਦਾ ਹੈ, ਤਾਂ ਵੀ ਉਹ ਮੀਡੀਆ ਹਿੱਸਾ ਉਸ ਨੂੰ ਸ਼ੱਕ ਦੀ ਨਿਗਾਹ ਨਾਲ ਹੀ ਵੇਖਦਾ ਹੈ। ਇਸ ਤਰ੍ਹਾਂ ਦੀ ਮੀਡੀਆ ਦੀ ਭੂਮਿਕਾ ਨੇ ਲੋਕਾਂ ਦੀ ਸੋਚ ਨੂੰ ਵੀ ਦੋ ਧਿਰਾਂ ਵਿੱਚ ਵੰਡ ਦਿੱਤਾ ਹੈ। ਸਮਾਜ ਵਿੱਚ ਲੋਕ ਹੁਣ ਖ਼ਬਰਾਂ ਨੂੰ ਸਮਝਣ ਦੀ ਬਜਾਏ, ਖ਼ਬਰਾਂ ਦੇ ਪਿੱਛੇ ਲੁਕੇ ਇਰਾਦਿਆਂ ਨੂੰ ਵੇਖਣ ਲੱਗ ਪਏ ਹਨ। ਕੋਈ ਵੀ ਖ਼ਬਰ ਵੇਖਣ ਤੋਂ ਪਹਿਲਾਂ ਲੋਕ ਇਹ ਦੇਖਦੇ ਹਨ ਕਿ ਇਹ ਖ਼ਬਰ ਕਿਸ ਚੈਨਲ ਜਾਂ ਅਖ਼ਬਾਰ ਵੱਲੋਂ ਆ ਰਹੀ ਹੈ। ਅਸੀਂ ਕਈ ਵਾਰ ਵੇਖਦੇ ਹਾਂ ਕਿ ਇੱਕੋ ਘਟਨਾ ਨੂੰ ਦੋ ਵੱਖਰੇ ਤਰੀਕਿਆਂ ਨਾਲ ਪੇਸ਼ ਕੀਤਾ ਜਾਂਦਾ ਹੈ—ਇੱਕ ਵੱਲੋਂ ਇਹ ਘਟਨਾ ਸਰਕਾਰ ਦੀ ਜਿੱਤ ਬਣ ਜਾਂਦੀ ਹੈ ਤੇ ਦੂਜੇ ਵੱਲੋਂ ਇਹੀ ਘਟਨਾ ਸਰਕਾਰ ਦੀ ਨਾਕਾਮੀ ਬਣ ਜਾਂਦੀ ਹੈ।

ਇਹ ਸਭ ਕੁਝ ਮੀਡੀਆ ਦੀ ਨੈਤਿਕਤਾ 'ਤੇ ਇੱਕ ਵੱਡਾ ਸਵਾਲ ਖੜ੍ਹਾ ਕਰਦਾ ਹੈ। ਜਦ ਮੀਡੀਆ ਆਪਣੇ ਫਰਜ਼ ਨੂੰ ਭੁੱਲ ਕੇ ਕਿਸੇ ਧਿਰ ਦੀ ਚਮਚਾਗਿਰੀ ਕਰਨ ਲੱਗ ਪੈਂਦਾ ਹੈ, ਤਾਂ ਉਹ ਮੀਡੀਆ ਨਹੀਂ ਰਹਿੰਦਾ, ਸਿਰਫ਼ ਇੱਕ ਪ੍ਰਚਾਰ ਮਸ਼ੀਨ ਬਣ ਜਾਂਦਾ ਹੈ। ਮੀਡੀਆ ਦਾ ਕੰਮ ਕਿਸੇ ਧਿਰ ਦੀ ਸੇਵਾ ਕਰਨਾ ਨਹੀਂ, ਬਲਕਿ ਲੋਕਾਂ ਤੱਕ ਨਿਰਪੱਖ, ਤੱਥਾਂ ਅਧਾਰਤ 'ਤੇ ਸੰਤੁਲਿਤ ਜਾਣਕਾਰੀ ਪਹੁੰਚਾਉਣਾ ਹੈ, ਪਰ ਮੀਡੀਆ ਅੱਜ ਇਹ ਸੰਤੁਲਨ ਗੁਆ ਚੁੱਕਾ ਹੈ। ਸੱਤਾਧਾਰੀ ਧਿਰ ਨਾਲ ਜੁੜਿਆ ਮੀਡੀਆ ਜਿੱਥੇ ਸਰਕਾਰ ਦੀ ਹਰ ਗਲਤ ਨੀਤੀ ਨੂੰ ਵੀ ਸਹੀ ਸਾਬਤ ਕਰਨ ਦੀ ਕੋਸ਼ਿਸ਼ ਕਰਦਾ ਹੈ, ਉੱਥੇ ਹੀ ਉਹ ਕਦੇ ਵੀ ਸਰਕਾਰ ਤੋਂ ਕੋਈ ਗੰਭੀਰ ਸਵਾਲ ਨਹੀਂ ਪੁੱਛਦਾ। ਜਿੰਨਾ ਜ਼ਿਆਦਾ ਉਹ ਸਰਕਾਰ ਦੀ ਚਮਚਾਗਿਰੀ ਕਰਦਾ ਹੈ, ਓਨੀ ਹੀ ਜ਼ਿਆਦਾ ਇਨਾਮ ਜਾਂ ਸਹਿਯੋਗ ਲੈਂਦਾ ਹੈ । ਇੱਥੋਂ ਤੱਕ ਕਿ ਕਈ ਵਾਰ ਤਾਂ ਉਹ ਪ੍ਰਸਾਰਨ ਸਥਾਨਕ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਨੀਤੀਆਂ ਦੇ ਵਿਗਿਆਪਨ ਦੇ ਰੂਪ ਵਿੱਚ ਹੀ ਕਰਦਾ ਹੈ ।

ਦੂਜੇ ਪਾਸੇ ਸੱਤਾ ਵਿਰੋਧੀ ਧਿਰ ਨਾਲ ਜੁੜਿਆ ਮੀਡੀਆ ਹਰ ਖ਼ਬਰ ਨੂੰ ਸੰਵੇਦਨਸ਼ੀਲ ਬਣਾਉਣ ਦੀ ਕੋਸ਼ਿਸ਼ ਕਰਦਾ ਹੈ, ਵਧੇਰੇ ਟੀ.ਆਰ.ਪੀ. 'ਤੇ ਧਿਆਨ ਕੇਂਦਰਤ ਕਰਦਾ ਹੈ। ਉਹ ਖ਼ਬਰ ਦੀ ਸੱਚਾਈ ਦੀ ਜਾਂਚ ਤੋਂ ਵੱਧ, ਸਿਰਫ਼ ਉਸ ਦੇ ਭਾਵਨਾਤਮਕ ਪ੍ਰਭਾਵ ਅਤੇ ਲੋਕਾਂ ਨੂੰ ਭੜਕਾਉਣ ਵਾਲੀ ਭੂਮਿਕਾ ਨੂੰ ਤਰਜੀਹ ਦਿੰਦਾ ਹੈ। ਇਹ ਵੀ ਮੀਡੀਆ ਦੀ ਬੇਈਮਾਨੀ ਦਾ ਇੱਕ ਰੂਪ ਹੈ। ਇਸ ਸਭ ਦਾ ਨਤੀਜਾ ਇਹ ਨਿਕਲਦਾ ਹੈ ਕਿ ਲੋਕ ਆਮ ਜਨਤਕ ਮਸਲਿਆਂ 'ਤੇ ਇੱਕਜੁੱਟ ਹੋਣ ਦੀ ਬਜਾਏ ਆਪਸ 'ਚ ਵੰਡੇ ਜਾਂਦੇ ਹਨ । ਕਿਸੇ ਵੀ ਸੱਚ ਨੂੰ ਮੰਨਣ ਤੋਂ ਪਹਿਲਾਂ ਉਹ ਇਹ ਸੋਚਦੇ ਹਨ ਕਿ ਇਹ ਸੱਚ ਕਿਹੜੀ ਧਿਰ ਵੱਲੋਂ ਆ ਰਿਹਾ ਹੈ ।ਇੱਥੋਂ ਤੱਕ ਕਿ ਸੱਚਾਈ ਦੀ ਪਰਿਭਾਸ਼ਾ ਵੀ ਧਿਰਾਂ ਅਨੁਸਾਰ ਵੱਖ-ਵੱਖ ਹੋ ਗਈ ਹੈ। ਇਹ ਮੀਡੀਆ ਦੀ ਨਿਰਪੱਖਤਾ ਲਈ ਸਭ ਤੋਂ ਵੱਡਾ ਖ਼ਤਰਾ ਹੈ। ਜਦ ਮੀਡੀਆ ਕਿਸੇ ਧਿਰ ਦਾ ਹਥਿਆਰ ਬਣ ਜਾਂਦਾ ਹੈ ਤਾਂ ਉਹ ਸਿਰਫ਼ ਲੋਕਾਂ ਨੂੰ ਭਟਕਾਉਂਦਾ ਨਹੀਂ, ਬਲਕਿ ਸਮਾਜਿਕ ਏਕਤਾ ਅਤੇ ਲੋਕਤੰਤਰ ਨੂੰ ਵੀ ਕਮਜ਼ੋਰ ਕਰਦਾ ਹੈ।

ਇਸ ਪ੍ਰਸਥਿਤੀ ਵਿੱਚ ਮੀਡੀਆ ਨੂੰ ਆਪਣਾ ਵਿਹਾਰ ਬਦਲਣ ਦੀ ਲੋੜ ਹੈ। ਮੀਡੀਆ ਨੂੰ ਆਪਣੇ ਅਸਲ ਫਰਜ਼ ਵੱਲ ਮੁੜਨਾ ਹੋਵੇਗਾ—ਸੱਚਾਈ ਦੀ ਪੇਸ਼ਕਸ਼, ਨਿਰਪੱਖ ਸਮੀਖਿਆ ਅਤੇ ਜਨਤਕ ਹਿੱਤ ਨੂੰ ਪਹਿਲ ਦੇਣੀ ਹੋਵੇਗੀ। ਜਦ ਤੱਕ ਮੀਡੀਆ ਇਹ ਨਹੀਂ ਕਰਦਾ, ਤਦ ਤੱਕ ਨਾ ਤਾਂ ਸਮਾਜ ਨਿਰਪੱਖ ਰਹਿ ਸਕਦਾ ਹੈ, ਨਾ ਹੀ ਲੋਕਤੰਤਰ ਮਜ਼ਬੂਤ ਹੋ ਸਕਦਾ ਹੈ। ਅੱਜ ਦੀ ਲੋੜ ਇਹ ਹੈ ਕਿ ਮੀਡੀਆ ਦੁਆਰਾ ਸਰਕਾਰ ਦੇ ਚੰਗੇ ਕੰਮਾਂ ਦੀ ਖੁੱਲ੍ਹ ਕੇ ਸ਼ਲਾਘਾ ਕੀਤੀ ਜਾਣੀ ਚਾਹੀਦੀ ਹੈ, ਤਾਂ ਜੋ ਉਨ੍ਹਾਂ ਤੋਂ ਹੋਰ ਸਰਕਾਰਾਂ ਵੀ ਸਿੱਖ ਸਕਣ। ਇਸ ਦੇ ਨਾਲ ਹੀ ਗਲਤੀਆਂ ਦੀ ਨਿਖੇਧੀ ਕਰਨੀ ਚਾਹੀਦੀ ਹੈ, ਤਾਂ ਜੋ ਭਵਿੱਖ ਵਿੱਚ ਉਹ ਦੁਹਰਾਈਆਂ ਨਾ ਜਾਣ। ਇਹੀ ਸੱਚੀ ਨਿਰਪੱਖਤਾ ਹੋਵੇਗੀ, ਜਿਸ ਨਾਲ ਮੀਡੀਆ ਕਿਸੇ ਧਿਰ ਦੀ ਝੰਡਾਬਰਦਾਰ ਨਾ ਹੋ ਕੇ, ਲੋਕਤੰਤਰ ਦਾ ਚੌਥਾ ਥੰਮ੍ਹ ਬਣ ਕੇ ਰਹਿ ਸਕੇਗਾ।

ਇਹ ਕਹਿਣਾ ਉਚਿੱਤ ਹੋਵੇਗਾ ਕਿ ਮੀਡੀਆ ਦੀ ਦੋ ਗੁੱਟਾਂ ਵਿੱਚ ਵੰਡ ਸਮਾਜ ਦੇ ਲਈ ਇਕ ਵੱਡਾ ਸੰਕਟ ਬਣ ਰਹੀ ਹੈ। ਇਹ ਵੰਡ ਨਾ ਸਿਰਫ਼ ਰਾਜਨੀਤਕ ਰੂਪ ਵਿੱਚ, ਬਲਕਿ ਆਮ ਲੋਕਾਂ ਦੇ ਵਿਚਾਰਾਂ ਵਿੱਚ ਵੀ ਪੈਦਾ ਹੋ ਰਹੀ ਹੈ। ਜੇਕਰ ਦੇਸ਼ ਅਤੇ ਲੋਕਤੰਤਰ ਨੂੰ ਬਚਾਉਣਾ ਹੈ ਤਾਂ ਮੀਡੀਆ ਨੂੰ ਆਪਣੀ ਪੱਖਪਾਤੀ ਭੂਮਿਕਾ ਤੋਂ ਉੱਪਰ ਉਠਣਾ ਹੋਵੇਗਾ ਅਤੇ ਨਿਰਪੱਖਤਾ ਨੂੰ ਅਪਣਾਉਣਾ ਪਵੇਗਾ । ਸਿਰਫ਼ ਏਨੇ ਨਾਲ ਹੀ ਸਹੀ ਜਾਣਕਾਰੀ, ਸਹੀ ਸਮਾਜ ਅਤੇ ਮਜ਼ਬੂਤ ਲੋਕਤੰਤਰ ਦੀ ਸਥਾਪਨਾ ਹੋ ਸਕਦੀ ਹੈ।

# ਸੰਪਰਕ : 70098-07121

ਬਰਸੀ 'ਤੇ ਵਿਸ਼ੇਸ਼

# ਸੰਗੀਤ ਤੇ ਕਲਾ ਦਾ ਸੁਮੇਲ : ਅਮਰੀਕ ਸਿੰਘ ਛੀਨਾ

ਉਜਾਗਰ ਸਿੰਘ



ਸੰਗੀਤ, ਸਾਹਿਤ, ਲੋਕ ਨਾਚ, ਕਲਾ, ਪੁਰਾਤੱਤਵ ਤੇ ਵਿਰਾਸਤ ਦੀ ਜਿਉਂਦੀ ਜਾਗਦੀ ਪ੍ਰਤਿਭਾਵਾਨ ਸ਼ਖਸੀਅਤ ਦਾ ਨਾਂਅ ਸੀ ਅਮਰੀਕ ਸਿੰਘ ਛੀਨਾ, ਜਿਨ੍ਹਾਂ ਨੇ ਆਪਣੀ ਸਾਰੀ ਉਮਰ ਇਨ੍ਹਾਂ ਵਿਰਾਸਤੀ ਕਲਾਵਾਂ 'ਤੇ ਪਹਿਰਾ ਦੇਣ ਨੂੰ ਅਰਪਣ ਕਰ ਦਿੱਤੀ। ਸਾਹਿਤ, ਸੰਗੀਤ ਅਤੇ ਕਲਾ ਦੇ ਉਹ ਸ਼ੈਦਾਈ ਸਨ, ਹਰ ਵਕਤ ਗੁਣਗੁਣਾਉਂਦੇ ਅਤੇ ਪੈਰਾਂ ਦਾ ਥਿਰਕਦੇ ਰਹਿਣਾ ਉਸ ਦਾ ਕਲਾ ਪ੍ਰੇਮੀ ਹੋਣ ਦਾ ਪ੍ਰਤੱਖ ਪ੍ਰਮਾਣ ਸੀ। ਉਸ ਦੀ ਲਾਇਬਰੇਰੀ ਵਿੱਚ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਭਾਸ਼ਾ ਦੀਆਂ ਪੁਸਤਕਾਂ ਅਤੇ ਪੁਰਾਤਨ ਪੰਜਾਬੀ ਸਭਿਅਚਾਰ ਦੀਆਂ ਪ੍ਰਤੀਕ ਵਸਤਾਂ ਜਿਨ੍ਹਾਂ ਵਿੱਚ ਗੀਤ, ਸੰਗੀਤ, ਨ੍ਰਿਤ ਅਤੇ ਹੋਰ ਕਲਾਵਾਂ ਦੀਆਂ ਕੈਸਟਾਂ ਉਪਲੱਬਧ ਹੁੰਦੀਆਂ ਸਨ। ਉਸ ਨੂੰ ਇਹ ਗੱਲ ਬਹੁਤ ਤਕਲੀਫ ਦਿੰਦੀ ਸੀ ਕਿ ਪੰਜਾਬੀ, ਆਪਣੀ ਅਮੀਰ ਸਿੱਖ ਵਿਰਾਸਤ 'ਤੇ ਪਹਿਰਾ ਦੇਣ ਵਿਚ ਸੰਜੀਦਾ ਕਿਉਂ ਨਹੀਂ ਹਨ? ਜਦੋਂ ਕਿ ਪੰਜਾਬ ਅਤੇ ਖਾਸ ਤੌਰ 'ਤੇ ਪੈਪਸੂ ਦੀ ਵਿਰਾਸਤ ਬੜੀ ਅਮੀਰ ਹੈ। ਪੈਪਸੂ ਦੀ ਰਾਜਧਾਨੀ ਪੰਜਾਬੀ ਵਿਰਾਸਤ ਦਾ ਮੁੱਖ ਕੇਂਦਰ ਪਟਿਆਲਾ ਹੈ। ਪਟਿਆਲਵੀਆਂ ਨੇ ਪੰਜਾਬੀ ਅਤੇ ਪੈਪਸੂ ਦੀਆਂ ਪਰੰਪਰਾਵਾਂ, ਪਹਿਰਾਵਾ, ਸੰਗੀਤ, ਨ੍ਰਿਤ, ਰਹਿਤਲ, ਸੱਭਿਆਚਾਰ, ਸੱਭਿਅਤਾ, ਇਮਾਰਤਸਾਜ਼ੀ ਅਤੇ ਸਮਾਜ ਸੇਵਾ ਦੀ ਵਿਰਾਸਤ ਉਪਰ ਪਹਿਰਾ ਹੀ ਨਹੀਂ ਦਿੱਤਾ, ਸਗੋਂ ਇਸ ਨੂੰ ਜੀਵਿਆ ਤੇ ਮਾਣਿਆ ਹੈ । 1984 ਵਿੱਚ ਜਦੋਂ ਇਨਟੈਕ (ਦਾ ਇੰਡੀਅਨ ਨੈਸ਼ਨਲ ਟਰੱਸਟ ਫਾਰ ਆਰਟ ਐਂਡ ਕਲਚਰਲ ਹੈਰੀਟੇਜ) ਦਾ ਪੰਜਾਬ ਚੈਪਟਰ ਬਣਾਇਆ ਗਿਆ ਤਾਂ ਇੰਡੀਆ ਚੈਪਟਰ ਦੀ ਮੁਖੀ ਪੁਪਲ ਜੈਕਰ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਇਨਟੈਕ ਦੇ ਪੰਜਾਬ ਚੈਪਟਰ ਦੇ ਕਨਵੀਨਰ ਬਣਾਇਆ ਅਤੇ ਅਮਰੀਕ ਸਿੰਘ ਛੀਨਾ ਨੂੰ ਕੋ-ਕਨਵੀਨਰ ਬਣਾਇਆ ਗਿਆ। ਇਸ ਦੇ ਨਾਲ ਹੀ ਅਮਰੀਕ ਸਿੰਘ ਛੀਨਾ ਨੂੰ ਇਨਟੈਕ ਦੇ ਪਟਿਆਲਾ ਚੈਪਟਰ ਦਾ ਕਨਵੀਨਰ ਬਣਾ ਦਿੱਤਾ। ਇਸ ਤੋਂ ਇਲਾਵਾ ਉਹ ਲੰਮਾ ਸਮਾਂ ਇਨਟੈਕ ਦੀ ਗਵਰਨਿੰਗ ਕੌਂਸਲ ਦੇ ਮੈਂਬਰ ਵੀ ਰਹੇ। ਪਟਿਆਲਾ ਚੈਪਟਰ ਦਾ ਕਨਵੀਨਰ ਹੋਣ ਦੇ ਨਾਤੇ ਉਨ੍ਹਾਂ ਦੀ ਜ਼ਿੰਮੇਵਾਰੀ ਸੀ ਕਿ ਉਹ ਪਟਿਆਲਾ ਸਥਿਤ ਪੁਰਾਤਨ ਇਮਾਰਤਾਂ, ਜਿਨ੍ਹਾਂ ਵਿਚ ਕਿਲ੍ਹਾ ਮੁਬਾਰਕ, ਸ਼ੀਸ਼ ਮਹਿਲ, ਐੱਨ ਆਈ ਐੱਸ, ਮਾਈ ਕੀ ਸਰਾਂ, ਬੱਘੀ ਖਾਨਾ, ਬਹਾਦਰਗੜ੍ਹ ਦਾ ਕਿਲ੍ਹਾ, ਬਾਰਾਂਦਰੀ ਬਾਗ, ਪੋਲੋ ਗਰਾਊਂਡ, ਪਟਿਆਲਾ ਅੰਦਰੂਨ ਦੇ ਆਲੇ-ਦੁਆਲੇ ਦਰਵਾਜ਼ੇ, ਕਾਲੀ ਦੇਵੀ ਦਾ ਮੰਦਰ, ਸਰਕਟ ਹਾਊਸ, ਰਾਜਿੰਦਰਾ ਕੋਠੀ, ਫਰਨ ਹਾਊਸ, ਜਿੰਮ ਖਾਨਾ ਕਲੱਬ ਅਤੇ ਹੋਰ ਇਮਾਰਤਾਂ ਦੀ ਸਾਂਭ-ਸੰਭਾਲ ਕਰਨ ਦਾ ਕੰਮ ਕਰਨ। ਉਨ੍ਹਾਂ ਦਿਨਾਂ ਵਿੱਚ ਪੰਜਾਬ ਸਰਕਾਰ ਦੇ ਲੋਕ ਨਿਰਮਾਣ ਵਿਭਾਗ ਨੇ ਕਿਲ੍ਹੇ ਦੀ ਇਮਾਰਤ ਨੂੰ ਸ਼ਹਿਰੀਆਂ ਲਈ ਖ਼ਤਰਨਾਕ ਐਲਾਨ ਕਰਕੇ ਢਾਹੁਣ ਦਾ ਹੁਕਮ ਕਰ ਦਿੱਤਾ ਤਾਂ ਅਮਰੀਕ ਸਿੰਘ ਛੀਨਾ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਇਨਟੈਕ ਵੱਲੋਂ ਰਿੱਟ ਆਪਣੇ ਖ਼ਰਚੇ 'ਤੇ ਦਾਖਲ ਕਰਕੇ ਕਿਲ੍ਹੇ ਨੂੰ ਢਾਹੁਣ ਤੋਂ ਰੁਕਵਾਇਆ। ਇਸ ਸੰਬੰਧੀ ਉਹ ਤੱਤਕਾਲੀ ਪੰਜਾਬ ਦੇ ਲੋਕ ਨਿਰਮਾਣ ਮੰਤਰੀ ਸ੍ਰ. ਬੇਅੰਤ ਸਿੰਘ ਨੂੰ ਵੀ ਕਿਲ੍ਹਾ ਮੁਬਾਰਕ ਪਟਿਆਲਾ ਵਿਖਾਉਣ ਲਈ ਲੈ ਕੇ ਆਇਆ ਸੀ ਅਤੇ ਕਿਲ੍ਹੇ ਦੀਆਂ ਇਮਾਰਤਾਂ ਨੂੰ ਢਾਹੁਣ ਦਾ ਕੰਮ ਰੁਕਵਾਇਆ ਸੀ। ਇਨ੍ਹਾਂ ਦੁਕਾਨਾਂ ਦੇ ਢਹਿਣ ਨਾਲ ਹਜ਼ਾਰਾਂ ਪਰਵਾਰਾਂ ਦੀ ਰੋਜ਼ੀ-ਰੋਟੀ ਵੀ ਖੁਸ ਜਾਣੀ ਸੀ ਤੇ ਅਦਾਲਤ ਬਾਜ਼ਾਰ ਦੀ ਸ਼ਾਨ ਵੀ ਖ਼ਤਮ ਹੋ ਜਾਣੀ ਸੀ। ਅਦਾਲਤ ਬਾਜ਼ਾਰ ਪੰਜਾਬ ਦੀਆਂ ਵਿਰਾਸਤੀ ਕਲਾਵਾਂ ਤੇ ਸੱਭਿਆਚਾਰ ਦਾ ਕੇਂਦਰ ਬਿੰਦੂ ਹੈ। ਅੱਜ ਵੀ ਅਦਾਲਤ ਬਾਜ਼ਾਰ ਦੇ ਦੁਕਾਨਦਾਰ ਅਮਰੀਕ ਸਿੰਘ ਛੀਨਾ ਦੇ ਯੋਗਦਾਨ ਦੇ ਗੁਣ ਗਾਉਂਦੇ ਹਨ। ਪੋਲੋ ਗਰਾਊਂਡ ਵਿਚ ਇਮਾਰਤਾਂ ਬਣਾਉਣ ਤੋਂ ਰੋਕਣ ਲਈ ਵੀ ਉਨ੍ਹਾਂ ਨੇ ਹਾਈ ਕੋਰਟ ਦਾ ਸਹਾਰਾ ਲਿਆ। ਇੱਥੋਂ ਤੱਕ ਕਿ ਜਦੋਂ ਕਾਰ ਸੇਵਾ ਦੇ ਨਾਂਅ 'ਤੇ ਪਟਿਆਲਾ ਸ਼ਹਿਰ ਦੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਚਰਨ ਛੋਹ ਪ੍ਰਾਪਤ ਇਤਿਹਾਸਕ ਗੁਰਦੁਆਰਾ ਬੀੜ ਮੋਤੀ ਬਾਗ ਸਾਹਿਬ ਨੂੰ ਢਾਹ ਕੇ ਨਵੀਂ ਇਮਾਰਤ ਬਣਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕਾਰ ਸੇਵਾ ਕਰਵਾਉਣੀ ਚਾਹੀ ਤਾਂ ਵੀ ਉਸ ਨੇ ਇਸਦਾ ਡੱਟ ਕੇ ਵਿਰੋਧ ਕੀਤਾ। ਫਿਰ 1988 ਵਿਚ ਅੰਦਰੂਨ ਸ਼ਹਿਰ ਦੇ ਆਲੇ-ਦੁਆਲੇ ਵਾਲੇ ਦਰਵਾਜ਼ਿਆਂ ਨੂੰ ਢਾਹੁਣ ਤੋਂ ਰੁਕਵਾਇਆ ਤਾਂ ਜੋ ਸ਼ਹਿਰ ਦੀ ਪੁਰਾਤਨ ਦਿੱਖ ਬਰਕਰਾਰ ਰਹਿ ਸਕੇ। 1988 ਵਿਚ ਹੀ ਉਨ੍ਹਾਂ ਨੇ ਸ਼ੀਸ਼ ਮਹਿਲ ਮੋਤੀ ਬਾਗ ਵਿਚਲੀ ਨੈਸ਼ਨਲ ਹਿਸਟਰੀ ਗੈਲਰੀ ਉਥੋਂ ਹਟਾਉਣ ਤੋਂ ਰੋਕਣ ਲਈ ਰਿੱਟ ਕਰਕੇ ਸਟੇਅ ਆਰਡਰ ਲਿਆ। ਵਿਦੇਸ਼ਾਂ ਵਿੱਚੋਂ ਗੋਰਿਆਂ ਦੇ ਡੈਲੀਗੇਸ਼ਨ ਜਿਹੜੇ ਕੈਪਟਨ ਅਮਰਿੰਦਰ ਸਿੰਘ ਮਹਾਰਾਜਾ ਪਟਿਆਲਾ ਕੋਲ ਆਉਂਦੇ ਰਹਿੰਦੇ ਸਨ, ਉਨ੍ਹਾਂ ਨੂੰ ਆਪਣੇ ਫਾਰਮ ਹਾਊਸ ਸੰਤ ਹਜ਼ਾਰਾ ਸਿੰਘ ਨਗਰ, ਸਨੌਰ ਵਿਖੇ "ਸੰਤ ਹਜ਼ਾਰਾ ਸਿੰਘ ਫਾਰਮ" ਵਿਚ ਲਿਆ ਕੇ ਮਹਿਮਾਨ-ਨਿਵਾਜ਼ੀ ਕਰਦੇ ਸਨ। ਪੰਜਾਬੀ ਸੱਭਿਆਚਾਰ ਨਾਲ ਵੀ ਉਹ ਪ੍ਰਣਾਇਆ ਹੋਇਆ ਸੀ। ਹਰ ਡੈਲੀਗੇਸ਼ਨ ਦੀ ਆਮਦ ਮੌਕੇ ਆਪਣੇ ਘਰ ਸਭਿਆਚਾਰਕ ਪ੍ਰੋਗਰਾਮ ਕਰਦੇ ਰਹਿੰਦੇ ਸਨ। ਪਟਿਆਲਾ ਸ਼ਹਿਰ ਵਿਰਾਸਤੀ ਹੋਣ ਕਰਕੇ ਇੱਥੋਂ ਦੇ ਬਸ਼ਿੰਦੇ ਪਟਿਆਲਵੀ ਹਮੇਸ਼ਾ ਸਭਿਆਚਾਰਕ ਸਰਗਰਮੀਆਂ ਅਤੇ ਪੁਰਾਤੱਤਵ ਰੱਖ-ਰਖਾਵ ਵਿੱਚ ਦਿਲਚਸਪੀ ਲੈਂਦੇ ਰਹਿੰਦੇ ਹਨ। ਅਮਰੀਕ ਸਿੰਘ ਛੀਨਾ ਪਟਿਆਲਵੀਆਂ ਦੇ ਦੂਤ ਦੇ ਤੌਰ 'ਤੇ ਵਿਚਰਦੇ ਸਨ। ਅਮਰੀਕ ਸਿੰਘ ਛੀਨਾ ਵਿਰਾਸਤੀ ਕਦਰਾਂ-ਕੀਮਤਾਂ ਦੇ ਪਹਿਰੇਦਾਰ ਸਨ। ਉਨ੍ਹਾਂ ਦੇ ਇਸ ਸੰਸਾਰ ਤੋਂ ਅਲਵਿਦਾ ਕਹਿਣ ਤੋਂ ਬਾਅਦ ਪਟਿਆਲਾ ਦਾ ਸੱਭਿਆਚਾਰਕ ਘੇਰਾ ਸੁੰਗੜ ਕੇ ਰਹਿ ਗਿਆ।

ਅਮਰੀਕ ਸਿੰਘ ਛੀਨਾ ਦਾ ਜਨਮ 9 ਦਸੰਬਰ 1949 ਨੂੰ ਸੰਤ ਹਜ਼ਾਰਾ ਸਿੰਘ ਅਤੇ ਮਾਤਾ ਇੰਦਰਜੀਤ ਕੌਰ ਦੇ ਘਰ ਲੁਧਿਆਣਾ ਜ਼ਿਲ੍ਹੇ ਦੇ ਦੋਰਾਹਾ ਕਸਬੇ ਵਿਖੇ ਹੋਇਆ। ਉਨ੍ਹਾਂ ਮੁੱਢਲੀ ਦਸਵੀਂ ਤੱਕ ਵਿੱਦਿਆ ਦੋਰਾਹਾ ਸਰਕਾਰੀ ਹਾਈ ਸਕੂਲ ਤੋਂ ਪ੍ਰਾਪਤ ਕੀਤੀ ਅਤੇ ਬੀ.ਏ. ਤੱਕ ਦੀ ਪੜ੍ਹਾਈ ਮਹਿੰਦਰਾ ਕਾਲਜ ਪਟਿਆਲਾ, ਜਰਨਿਲਜ਼ਮ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਲਾਅ ਦੀ ਡਿਗਰੀ ਦੇਹਰਾਦੂਨ ਤੋਂ ਪਾਸ ਕੀਤੀ। ਅਮਰੀਕ ਸਿੰਘ ਛੀਨਾ ਦੀ 28 ਮਈ 1995 ਨੂੰ ਸੰਗਰੂਰ ਜ਼ਿਲ੍ਹੇ ਦੇ ਧਨੌਲਾ ਕਸਬੇ ਦੇ ਨੇੜੇ ਇਕ ਸੜਕ ਹਾਦਸੇ ਤੋਂ ਬਾਅਦ ਮੌਤ ਹੋ ਗਈ ਸੀ। ਉਨ੍ਹਾਂ ਦੀ ਪਤਨੀ ਸ੍ਰੀਮਤੀ ਸੁਖਵੰਤ ਕੌਰ ਛੀਨਾ, ਸਪੁੱਤਰ ਕਰਨਬੀਰ ਸਿੰਘ ਛੀਨਾ, ਨੂੰਹ ਖ਼ੁਸ਼ਵਿੰਦਰ ਕੌਰ ਛੀਨਾ ਅਤੇ ਸਪੁੱਤਰੀ ਅਨੰਤਬੀਰ ਕੌਰ ਚੀਮਾ ਸੰਤ ਹਜ਼ਾਰਾ ਸਿੰਘ ਅਤੇ ਅਮਰੀਕ ਸਿੰਘ ਛੀਨਾ ਦੇ ਪਦ ਚਿੰਨ੍ਹਾਂ 'ਤੇ ਚੱਲਦਿਆਂ ਸਮਾਜ ਸੇਵਾ ਦਾ ਕੰਮ ਕਰ ਰਹੇ ਹਨ। ਅੱਜ ਛੀਨਾ ਪਰਵਾਰ, ਉਨ੍ਹਾਂ ਦੇ ਦੋਸਤਾਂ-ਮਿੱਤਰਾਂ ਅਤੇ ਸਨੇਹੀਆਂ ਵੱਲੋਂ ਉਨ੍ਹਾਂ ਦੀ ਬਰਸੀ 'ਤੇ ਅਕੀਦਤ ਦੇ ਫੁੱਲ ਭੇਟ ਕੀਤੇ ਜਾ ਰਹੇ ਹਨ।

# ਸੰਪਰਕ : 94178-13072

# ਜ਼ਮੀਨਾਂ ਐਕੁਆਇਰ ਕਰਨ ਵਿਰੁੱਧ ਤਿੱਖੇ ਰੋਸ ਵਿਖਾਵੇ ਸ਼ੁਰੂ

**■ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ 'ਚ ਕਿਸਾਨਾਂ ਵੱਲੋਂ ਚੇਤਾਵਨੀ ਰੈਲੀ ■ ਗਲਾਡਾ ਦਫਤਰ ਸਾਹਮਣੇ ਵਿਸ਼ਾਲ ਇਕੱਠ ਉਪਰੰਤ ਸਰਕਾਰ ਨੂੰ ਭੇਜਿਆ ਮੰਗ ਪੱਤਰ**



**ਲੁਧਿਆਣਾ (ਰੈਕਟਰ ਕਥੂਰੀਆ)**

ਲੁਧਿਆਣਾ ਜ਼ਿਲ੍ਹੇ ਦੇ ਦਰਜਨਾਂ ਪਿੰਡਾਂ ਦੀ ਹਜ਼ਾਰਾਂ ਏਕੜ ਉਪਜਾਊ ਜ਼ਮੀਨ ਐਕੁਆਇਰ ਕਰਕੇ ਅਰਬਨ ਸਟੇਟ ਬਣਾਉਣ ਦੀ ਯੋਜਨਾ ਦਾ ਵਿਰੋਧ ਕਰਦਿਆਂ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ 'ਚ ਪੀੜਤ ਕਿਸਾਨਾਂ ਤੇ ਇਲਾਕਾ ਨਿਵਾਸੀਆਂ ਵੱਲੋਂ ਵਿਸ਼ਾਲ ਚੇਤਾਵਨੀ ਰੈਲੀ ਗਲਾਡਾ ਦਫਤਰ ਲੁਧਿਆਣਾ ਸਾਹਮਣੇ ਕੀਤੀ ਗਈ।ਰੈਲੀ 'ਚ ਸ਼ਾਮਲ ਹੋਏ ਪੀੜਤ ਕਿਸਾਨਾਂ ਤੇ ਇਲਾਕੇ ਦੇ ਪਿੰਡਾਂ ਵੱਲੋਂ ਮਤੇ ਪਾਸ ਕਰਕੇ ਆਖਿਆ ਗਿਆ ਕਿ ਪਿੰਡਾਂ ਦੀ ਉਪਜਾਊ ਜ਼ਮੀਨ ਕਿਸੇ ਵੀ ਕੀਮਤ 'ਤੇ ਸਰਕਾਰ ਨੂੰ ਨਹੀਂ ਦਿੱਤੀ ਜਾਵੇਗੀ।ਇਸ ਮੌਕੇ ਸੰਬੋਧਨ ਕਰਦਿਆਂ ਸੰਯੁਕਤ ਕਿਸਾਨ ਮੋਰਚੇ ਵਿੱਚ ਸ਼ਾਮਲ ਜਥੇਬੰਦੀਆਂ ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਦੇ ਚਰਨ ਸਿੰਘ ਨੂਰਪੁਰਾ, ਭਾਰਤੀ ਕਿਸਾਨ ਯੂਨੀਅਨ ਡਕੌਂਦਾ (ਧਨੇਰ) ਦੇ ਜਗਰੂਪ ਸਿੰਘ ਹਸਨਪੁਰ, ਜਮਹੂਰੀ ਕਿਸਾਨ ਸਭਾ ਪੰਜਾਬ ਦੇ ਰਘਵੀਰ ਸਿੰਘ ਬੈਨੀਪਾਲ, ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਦੇ ਮਨਪ੍ਰੀਤ ਸਿੰਘ, ਆਲ ਇੰਡੀਆ ਕਿਸਾਨ ਸਭਾ (ਹੰਨਨ ਮੁੱਲਾ) ਦੇ ਬਲਦੇਵ ਸਿੰਘ ਲਤਾਲਾ, ਆਲ ਇੰਡੀਆ ਕਿਸਾਨ ਸਭਾ (1936) ਦੇ ਜਸਵੀਰ ਸਿੰਘ ਝੱਜ, ਕਿਰਤੀ ਕਿਸਾਨ ਯੂਨੀਅਨ ਦੇ ਸਾਧੂ ਸਿੰਘ ਅੱਚਰਵਾਲ, ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਮਹਿੰਦਰ ਸਿੰਘ ਕਮਾਲਪੁਰਾ, ਭਾਰਤੀ ਕਿਸਾਨ ਯੂਨੀਅਨ (ਕਾਦੀਆਂ) ਗੁਰਜੀਤ ਸਿੰਘ ਗਿੱਲ, ਆਲ ਇੰਡੀਆ ਕਿਸਾਨ ਫੈਡਰੇਸ਼ਨ ਦੇ ਕੁਲਦੀਪ ਸਿੰਘ ਗਰੇਵਾਲ, ਭਾਈ ਲਾਲੋ ਲੋਕ ਮੰਚ ਦੇ ਸਾਬਕਾ ਵਿਧਾਇਕ ਤਰਸੇਮ ਜੋਧਾਂ ਨੇ ਆਖਿਆ ਕਿ ਸੂਬਾ ਸਰਕਾਰ ਪਹਿਲਾਂ ਹੀ ਘਾਟੇ ਵਿੱਚ ਚੱਲ ਰਹੇ ਖੇਤੀ ਦੇ ਧੰਦੇ ਨੂੰ ਬਚਾਉਣ ਦੀ ਥਾਂ ਕਿਸਾਨਾਂ ਨੂੰ ਖੇਤੀ ਵਿੱਚੋਂ ਬਾਹਰ ਕਰਨ ਦੇ ਰਾਹ ਪਈ ਹੋਈ ਹੈ।ਕਾਰਪੋਰੇਟ ਵੱਡੀਆਂ ਕੰਪਨੀਆਂ ਦੇ ਦਬਾਅ ਅਧੀਨ ਇਲਾਕੇ ਦੀ ਹਜ਼ਾਰਾਂ ਏਕੜ ਉਪਜਾਊ ਜ਼ਮੀਨ ਐਕੁਆਇਰ ਕਰਕੇ ਜੋ ਅਰਬਨ ਸਟੇਟ ਬਣਾਉਣ ਦੀ ਯੋਜਨਾ ਸਰਕਾਰ ਨੇ ਬਣਾਈ ਹੈ, ਉਹ ਕਿਸੇ ਵੀ ਤਰ੍ਹਾਂ ਕਿਸਾਨਾਂ, ਇਲਾਕੇ ਦੇ ਲੋਕਾਂ ਤੇ ਖੇਤੀ ਦੇ ਧੰਦੇ ਵਾਸਤੇ ਲਾਹੇਵੰਦ ਨਹੀਂ ਹੈ।ਉਨ੍ਹਾਂ ਆਖਿਆ ਕਿ ਉਹ ਕਿਸੇ ਵੀ ਕੀਮਤ 'ਤੇ ਆਪਣੀ ਜ਼ਮੀਨ ਨਹੀਂ ਛੱਡਣਗੇ।ਉਨ੍ਹਾਂ ਸਰਕਾਰ ਨੂੰ ਚੇਤਾਵਨੀ ਭਰੇ ਲਹਿਜੇ ਵਿੱਚ ਆਖਿਆ ਕਿ ਉਹ ਆਪਣੀ ਇਸ ਯੋਜਨਾ ਨੂੰ ਰੱਦ ਕਰੇ ਤੇ ਲੋਕਾਂ ਤੋਂ ਮੁਆਫ਼ੀ ਮੰਗੇ।ਉਨ੍ਹਾਂ ਕਿਹਾ ਕਿ ਉਹ ਪਹਿਲਾਂ ਹੀ ਤਿੰਨ ਕਾਲੇ ਕਾਨੂੰਨ ਜਿਹੜੇ ਕਿ ਰੱਦ ਕਰਵਾ ਚੁੱਕੇ ਹਨ, ਉਨ੍ਹਾਂ ਵਰਗਾ ਹੀ ਇਹ ਅਗਲਾ ਕਦਮ ਹੈ।ਇਸ ਲਈ ਉਹ ਕਿਸੇ ਵੀ ਕੀਮਤ 'ਤੇ ਆਪਣੀ ਜ਼ਮੀਨ ਨਹੀਂ ਛੱਡਣਗੇ। ਸਟੇਜ ਦੀ ਕਾਰਵਾਈ ਹਰਨੇਕ ਸਿੰਘ ਗੁੱਜਰਵਾਲ ਨੇ ਚਲਾਈ ਤੇ ਧੰਨਵਾਦ ਚਮਕੌਰ ਸਿੰਘ ਬਰਮੀ ਨੇ ਕੀਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਅਮਨਦੀਪ ਸਿੰਘ ਲਲਤੋਂ, ਦਸਮੇਸ਼ ਕਿਸਾਨ ਮਜ਼ਦੂਰ ਯੂਨੀਅਨ ਦੇ ਜਸਦੇਵ ਸਿੰਘ ਲਲਤੋਂ, ਗੁਰਦੀਪ ਸਿੰਘ ਅਲੀਗੜ੍ਹ, ਸਟੀਲ ਐਂਡ ਮੋਲਡ ਯੂਨੀਅਨ ਦੇ ਹਰਜਿੰਦਰ ਸਿੰਘ, ਡਾ. ਸੁਖਪਾਲ ਸਿੰਘ ਸੇਖੋਂ, ਡਾ. ਰਜਿੰਦਰਪਾਲ ਸਿੰਘ ਔਲਖ, ਡਾ. ਗੁਰਪ੍ਰੀਤ ਸਿੰਘ ਰਤਨ, ਕਸਤੂਰੀ ਲਾਲ, ਦਲਵੀਰ ਸਿੰਘ ਜੋਧਾਂ, ਜਥੇਦਾਰ ਅਜਮੇਰ ਸਿੰਘ ਰਤਨ, ਰਾਜਵੀਰ ਸਿੰਘ ਘੁਡਾਣੀ ਨੇ ਵੀ ਸੰਬੋਧਨ ਕੀਤਾ।ਰੈਲੀ ਤੋਂ ਉਪਰੰਤ ਗਲਾਡਾ ਦੇ ਅਧਿਕਾਰੀਆਂ ਰਾਹੀਂ ਮੁੱਖ ਮੰਤਰੀ ਪੰਜਾਬ ਨੂੰ ਮੰਗ ਪੱਤਰ ਵੀ ਭੇਜਿਆ।

## ਪੰਜਾਬੀ 'ਵਰਸਿਟੀ ਦੇ ਖੇਡ ਵਿੰਗਾਂ ਲਈ ਟਰਾਇਲ ਅੱਜ ਤੇ ਕੱਲ੍ਹ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬੀ ਯੂਨੀਵਰਸਿਟੀ ਵੱਲੋਂ ਸੈਸ਼ਨ 2025-26 ਦੌਰਾਨ ਯੂਨੀਵਰਸਿਟੀ ਕੈਂਪਸ ਨੇਬਰਹੁੱਡ ਕੈਂਪਸ, ਕਾਂਸਟੀਚੁਐਂਟ ਕਾਲਜ ਤੇ ਪੰਜਾਬੀ ਯੂਨੀਵਰਸਿਟੀ ਅਧੀਨ ਆਉਂਦੇ ਕਾਲਜਾਂ ਵਿੱਚ ਕਿਸੇ ਵੀ ਕੋਰਸ ਜਾਂ ਕਲਾਸ ਵਿੱਚ ਦਾਖਲਾ ਲੈਣ ਦੇ ਚਾਹਵਾਨ ਖਿਡਾਰੀਆਂ ਲਈ ਸਪੋਰਟਸ ਵਿੰਗ ਦੇ ਟਰਾਇਲ 28 ਮਈ 2025 ਨੂੰ 7:00 ਵਜੇ ਸਵੇਰੇ ਸਪੋਰਟਸ ਕੰਪਲੈਕਸ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਕਰਵਾਏ ਜਾ ਰਹੇ ਹਨ। ਖੇਡ ਵਿਭਾਗ ਦੇ ਡਾਇਰੈਕਟਰ ਡਾ. ਗੁਰਦੀਪ ਕੌਰ ਰੰਧਾਵਾ ਨੇ ਦੱਸਿਆ ਕਿ ਇਸ ਤੋਂ ਇਲਾਵਾ ਕਿਸੇ ਵੀ ਕੋਰਸ/ਕਲਾਸ ਵਿੱਚ ਉੱਚ ਕੋਟੀ ਦੇ ਖਿਡਾਰੀਆਂ ਲਈ ਸਪੋਰਟਸ ਕੋਟੇ ਅਧੀਨ ਰਾਖਵੀਆਂ ਪੰਜ-ਪੰਜ ਸੀਟਾਂ ਤਹਿਤ ਦਾਖਲਾ ਲੈਣ ਦੇ ਚਾਹਵਾਨ ਖਿਡਾਰੀਆਂ ਲਈ ਟਰਾਇਲ 29 ਮਈ 2025 ਨੂੰ ਸਵੇਰੇ 9:00 ਵਜੇ ਕਰਵਾਏ ਜਾਣਗੇ। ਉਨ੍ਹਾਂ ਦੱਸਿਆ ਕਿ ਟਰਾਇਲ ਬਾਰੇ ਹੋਰ ਵਧੇਰੇ ਜਾਣਕਾਰੀ ਤੇ ਸਪੋਰਟਸ ਵਿੰਗ ਦਾਖਲਾ ਫਾਰਮ ਪੰਜਾਬੀ ਯੂਨੀਵਰਸਿਟੀ ਦੀ ਵੈੱਬਸਾਈਟ ਉੱਤੇ ਉਪਲਬਧ ਹੈ।

## ਜਗਤਜੀਤ ਐਗਰੀ ਪ੍ਰਾਈਵੇਟ ਲਿਮ: ਵੱਲੋਂ ਪਲੇਸਮੈਂਟ ਕੈਂਪ ਅੱਜ

**ਸੰਗਰੂਰ (ਪ੍ਰਵੀਨ ਸਿੰਘ)**-ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਸੰਗਰੂਰ ਵੱਲੋਂ ਜਗਤਜੀਤ ਐਗਰੀ ਇੰਡੀਆ ਪ੍ਰਾਈਵੇਟ ਲਿਮ: ਕੰਪਨੀ ਨਾਲ ਤਾਲਮੇਲ ਕਰਕੇ 28 ਮਈ ਨੂੰ ਨੌਕਰੀ ਦੇ ਚਾਹਵਾਨ ਪ੍ਰਾਰਥੀਆਂ ਲਈ ਰੋਜ਼ਗਾਰ ਦਫਤਰ ਸੰਗਰੂਰ ਵਿਖੇ ਇੱਕ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ। ਇਸ ਸਬੰਧੀ ਜ਼ਿਲ੍ਹਾ ਰੋਜ਼ਗਾਰ ਉਤਪਤੀ ਹੁਨਰ ਵਿਕਾਸ ਤੇ ਸਿਖਲਾਈ ਅਫਸਰ ਸ੍ਰੀਮਤੀ ਸਿੰਪੀ ਸਿੰਗਲਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਕੰਪਨੀ ਵੱਲੋਂ ਮਿਗ ਵੈਲਡਰ, ਫਿਟਰ, ਪੇਂਟਰ (ਕੇਵਲ ਲੜਕੇ) ਦੀ ਅਸਾਮੀ ਲਈ ਇੰਟਰਵਿਊ ਲਈ ਜਾਵੇਗੀ, ਜਿਸ ਲਈ ਪ੍ਰਾਰਥੀ ਦੀ ਵਿੱਦਿਅਕ ਯੋਗਤਾ ਆਈ.ਟੀ.ਆਈ. ਹੋਣੀ ਚਾਹੀਦੀ ਹੈ। ਇਸ ਤੋਂ ਇਲਾਵਾ ਉਮਰ 22 ਤੋਂ 35 ਸਾਲ ਹੋਣੀ ਚਾਹੀਦੀ ਹੈ। ਚਾਹਵਾਨ ਤੇ ਯੋਗ ਪ੍ਰਾਰਥੀ ਰਜ਼ਿਊਮ ਤੇ ਵਿੱਦਿਅਕ ਯੋਗਤਾ ਦੇ ਸਰਟੀਫਿਕੇਟ ਦੀਆਂ ਫੋਟੋ ਕਾਪੀਆਂ ਲੈ ਕੇ ਇਸ ਇੰਟਰਵਿਊ ਵਿੱਚ ਭਾਗ ਲੈ ਸਕਦੇ ਹਨ। ਇੰਟਰਵਿਊ ਵਿੱਚ ਭਾਗ ਲੈਣ ਲਈ ਕੋਈ ਵੀ ਟੀ ਏ ਤੇ ਡੀ ਏ ਦੇਣ ਯੋਗ ਨਹੀਂ ਹੋਵੇਗਾ। ਵਧੇਰੇ ਜਾਣਕਾਰੀ ਲਈ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਸੰਗਰੂਰ ਵਿਖੇ ਸੰਪਰਕ ਕਰ ਸਕਦੇ ਹਨ।

## 10 ਗ੍ਰਾਮ ਹੈਰੋਇਨ ਸਮੇਤ ਮੁਲਜ਼ਮ ਕਾਬੂ

**ਬੱਧਨੀ ਕਲਾਂ (ਲਵਲੀ ਮਾਛੀਕੇ)**-ਥਾਣਾ ਮੁੱਖ ਅਫ਼ਸਰ ਗੁਰਮੇਲ ਸਿੰਘ ਬੱਧਨੀ ਕਲਾਂ ਵੱਲੋਂ ਭੈੜੇ ਪੁਰਸ਼ਾਂ ਖਿਲਾਫ਼ ਚਲਾਈ ਗਈ ਮੁਹਿੰਮ ਤਹਿਤ 26 ਮਈ 25 ਨੂੰ ਏ ਐੱਸ ਆਈ ਗੁਰਮੀਤ ਸਿੰਘ ਮੋਗਾ ਨੇ ਸਮੇਤ ਪੁਲਸ ਪਾਰਟੀ ਗਸ਼ਤ ਦੌਰਾਨ ਦੋਸ਼ੀ ਸਤੀਸ਼ ਕੁਮਾਰ ਉਰਫ਼ ਮੀਤ ਪੁੱਤਰ ਗਿਆਨ ਚੰਦ ਵਾਸੀ ਬੱਧਨੀ ਕਲਾਂ ਨੂੰ ਪੁਲਸ ਪਾਰਟੀ ਦੀ ਮਦਦ ਨਾਲ ਗ੍ਰਿਫ਼ਤਾਰ ਕਰਕੇ ਉਸ ਪਾਸੋਂ ਕੁੱਲ 10 ਗ੍ਰਾਮ ਹੈਰੋਇਨ ਬਰਾਮਦ ਕਰਕੇ ਮੁਕੱਦਮਾ ਨੰਬਰ 80 ਮਿਤੀ 26.5.25 ਅਪਰਾਧਿਕ 21 ਐੱਨ ਡੀ ਪੀ ਐੱਸ ਐਕਟ ਤਹਿਤ ਥਾਣਾ ਬੱਧਨੀ ਕਲਾਂ ਵੱਲੋਂ ਦਰਜ ਰਜਿਸਟਰਡ ਕੀਤਾ ਗਿਆ। ਤਫਦੀਸ਼ ਦੌਰਾਨ ਮੁਲਜ਼ਮ ਸਤੀਸ਼ ਕੁਮਾਰ ਦੀ ਪੁੱਛਗਿੱਛ ਦੇ ਅਧਾਰ 'ਤੇ ਦਿਲਬਰ ਸਿੰਘ ਉਰਫ਼ ਹੰਮੂ ਪੁੱਤਰ ਸਵਰਨ ਸਿੰਘ ਵਾਸੀ ਰਾਊਕੇ ਕਲਾਂ ਨੂੰ ਅਪਰਾਧਿਕ 29 ਐੱਨ ਡੀ ਪੀ ਐੱਸ ਤਹਿਤ ਬਤੌਰ ਦੋਸ਼ੀ ਨਾਮਜ਼ਦ ਕੀਤਾ ਗਿਆ, ਜਿਸ ਦੀ ਗ੍ਰਿਫ਼ਤਾਰੀ ਬਾਕੀ ਹੈ।

# 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਲੋਕ ਲਹਿਰ ਵਾਲਾ ਅੰਦੋਲਨ ਬਣ ਚੁੱਕੀ ਐ : ਸੁਖਾਨੰਦ

**■ ਨਸ਼ਾ ਪੰਜਾਬ ਦਾ ਦੁਸ਼ਮਣ, ਹਰ ਪੰਜਾਬੀ ਬਣੇਗਾ ਮੁਹਿੰਮ 'ਚ ਯੋਧਾ**

**ਬਾਘਾ ਪੁਰਾਣਾ (ਮਨੀ ਸਿੰਗਲਾ)**-ਹਲਕਾ ਬਾਘਾ ਪੁਰਾਣਾ ਦੇ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਨੇ ਬਾਘਾ ਪੁਰਾਣਾ ਹਲਕੇ ਦੇ ਵੱਖ-ਵੱਖ ਪਿੰਡਾਂ ਵਿਚ ਆਮ ਪਬਲਿਕ ਨੂੰ ਨਸ਼ਿਆਂ ਖਿਲਾਫ ਜਾਗਰੂਕ ਕਰਨ ਲਈ ਚਲਾਈ ਜਾ ਰਹੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਸਰਕਾਰ ਵੱਲੋਂ ਚਲਾਏ ਜਾ ਰਹੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ 'ਚ ਆਪਣਾ ਪੂਰਾ ਸਹਿਯੋਗ ਕਰਨ ਤਾਂ ਜੋ ਅਸੀਂ ਆਪਣੇ ਸੂਬੇ 'ਚੋਂ ਨਸ਼ੇ ਨੂੰ ਜੜ੍ਹ ਤੋਂ ਖਤਮ ਕਰ ਸਕੀਏ।ਉਨ੍ਹਾਂ ਕਿਹਾ ਕਿ ਨਸ਼ਾ ਪੰਜਾਬ ਦਾ ਦੁਸ਼ਮਣ ਹੈ ਤੇ ਨਸ਼ਿਆਂ ਵਿਰੁੱਧ ਇਸ ਯੁੱਧ 'ਚ ਹਰ ਪੰਜਾਬੀ ਯੋਧੇ ਦੀ ਭੂਮਿਕਾ ਨਿਭਾਵੇਗਾ। ਵਿਧਾਇਕ ਨੇ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਨਸ਼ਾ ਮੁਕਤੀ ਯਾਤਰਾ ਦੀ ਅਗਵਾਈ ਕਰਦਿਆਂ ਜਨਤਕ ਸਭਾਵਾਂ ਨੂੰ ਸੰਬੋਧਨ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਆਮ ਆਦਮੀ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਿੱਚ ਚੱਲ ਰਹੀ ਇਹ ਇਤਿਹਾਸਕ ਮੁਹਿੰਮ ਨਸ਼ੇ ਦੇ ਖਾਤਮੇ ਦੀ ਦਿਸ਼ਾ ਵਿੱਚ ਇੱਕ ਨਿਰਣਾਇਕ ਕਦਮ ਹੈ।ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਨਸ਼ੇ ਦੇ ਗੰਭੀਰ ਮਸਲੇ ਨੂੰ ਰਾਜਨੀਤਕ ਲਾਭ ਲਈ ਨਜ਼ਰਅੰਦਾਜ਼ ਕੀਤਾ, ਜਿਸ ਵਿੱਚ ਪੰਜਾਬ ਦੀ ਨੌਜਵਾਨ ਪੀੜ੍ਹੀ ਦਾ ਭਵਿੱਖ ਹਨੇਰਾ ਹੋਇਆ ਸੀ।ਉਨ੍ਹਾਂ ਕਿਹਾ ਕਿ 'ਯੁੱਧ ਨਸ਼ਿਆਂ ਵਿਰੁੱਧ' ਹੁਣ ਇਕ ਸਰਕਾਰੀ ਪ੍ਰੋਗਰਾਮ ਨਹੀਂ ਬਲਕਿ ਲੋਕ ਲਹਿਰ ਵਾਲਾ ਅੰਦੋਲਨ ਬਣ ਚੁੱਕਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬੀਆਂ ਨੇ ਹਮੇਸ਼ਾ ਦੇਸ਼ ਤੇ ਸਮਾਜ ਲਈ ਯੁੱਧ ਲੜੇ ਹਨ, ਪ੍ਰੰਤੂ ਹੁਣ ਇਹ ਯੁੱਧ ਸਮਾਜ ਦੇ ਸਭ ਤੋਂ ਵੱਡੇ ਦੁਸ਼ਮਣ ਨਸ਼ੇ ਖਿਲਾਫ ਹੈ।ਉਨ੍ਹਾਂ ਦੱਸਿਆ ਕਿ ਨਸ਼ਾ ਵੇਚਣ ਵਾਲਿਆਂ 'ਤੇ ਸਖਤ ਕਾਰਵਾਈ ਕੀਤੀ ਜਾ ਰਹੀ ਹੈ ਤੇ ਕਿਸੇ ਨੂੰ ਵੀ ਬਖਸ਼ਿਆ ਨਹੀਂ ਜਾਵੇਗਾ।ਉਨ੍ਹਾਂ ਪਿੰਡ ਵਾਸੀਆਂ ਨੂੰ ਵੀ ਪੁਰਜ਼ੋਰ ਅਪੀਲ ਕੀਤੀ ਕਿ ਸਰਕਾਰ ਵੱਲੋਂ ਚਲਾਈ ਇਸ ਮੁਹਿੰਮ ਦਾ ਹਿੱਸਾ ਬਣਨਾ ਹਰ ਇਕ ਵਿਅਕਤੀ ਦੀ ਜ਼ਿੰਮੇਵਾਰੀ ਬਣਦੀ ਹੈ ਤਾਂ ਜੋ ਸਮਾਜ ਵਿੱਚ ਨਸ਼ਿਆਂ ਦੀ ਫੈਲੀ ਹੋਈ ਭੈੜੀ ਬਿਮਾਰੀ ਨੂੰ ਜੜ੍ਹੋਂ ਖਤਮ ਕੀਤਾ ਜਾ ਸਕੇ।ਉਨ੍ਹਾਂ ਕਿਹਾ ਕਿ ਪਹਿਲੀਆਂ ਰਵਾਇਤੀ ਪਾਰਟੀਆਂ ਨੇ ਸੱਤਾ 'ਤੇ ਕਾਬਜ਼ ਹੋ ਕੇ ਗੈਂਗਸਟਰਾਂ ਤੇ ਨਸ਼ੇ ਦੇ ਸੌਦਾਗਰਾਂ ਦੀ ਹੀ ਹਮਾਇਤ ਕੀਤੀ, ਜਿਸ ਨਾਲ ਨੌਜਵਾਨ ਪੀੜ੍ਹੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ।ਲੰਮਾ ਸਮਾਂ ਸੰਤਾਪ ਭੋਗਣ ਤੋਂ ਬਾਅਦ ਪੰਜਾਬ ਨੂੰ ਮੁੜ ਤੋਂ ਰੰਗਲਾ ਪੰਜਾਬ ਤੇ ਅਜੋਕੀ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੀ ਦਲਦਲ ਵਿੱਚੋਂ ਕੱਢਣ ਵਾਲਾ ਮੁੱਖ ਮੰਤਰੀ ਭਗਵੰਤ ਮਾਨ ਮਿਲਿਆ, ਜੋ ਹਮੇਸ਼ਾ ਪੰਜਾਬ ਦੇ ਭਲੇ ਦੀ ਗੱਲ ਕਰ ਰਿਹਾ ਹੈ।ਉਨ੍ਹਾਂ ਪਿੰਡਾਂ ਦੇ ਲੋਕਾਂ ਨੂੰ ਕਿਹਾ ਕਿ ਨਸ਼ੇ ਦੇ ਮੁਕੰਮਲ ਖਾਤਮੇ ਲਈ ਸਰਕਾਰ ਤੇ ਪੁਲਸ ਪ੍ਰਸ਼ਾਸਨ ਦਾ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਸਾਥ ਦਿੱਤਾ ਜਾਵੇ।

## ਰੇਲਵੇ ਲਾਈਨਾਂ ਨੇੜਿਓਂ ਮਿਲੀ ਅਣਪਛਾਤੇ ਵਿਅਕਤੀ ਦੀ ਲਾਸ਼



**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਜੀ ਆਰ ਪੀ ਨੂੰ ਸਰਹਿੰਦ ਵਿਖੇ ਰੇਲਵੇ ਲਾਈਨਾਂ ਨੇੜਿਓ ਇੱਕ ਅਣਪਛਾਤੇ ਵਿਅਕਤੀ ਦੀ ਲਾਸ਼ ਮਿਲਣ ਦਾ ਸਮਾਚਾਰ ਹੈ।ਮਾਮਲੇ ਦੀ ਜਾਂਚ ਕਰ ਰਹੇ ਜੀ.ਆਰ.ਪੀ. ਥਾਣਾ ਸਰਹਿੰਦ ਵਿਖੇ ਤਾਇਨਾਤ ਸਹਾਇਕ ਥਾਣੇਦਾਰ ਰਘਵਿੰਦਰ ਸਿੰਘ ਨੇ ਦੱਸਿਆ ਕਿ ਸਰਹਿੰਦ ਰੇਲਵੇ ਸਟੇਸ਼ਨ ਦੇ ਯਾਰਡ ਨਜ਼ਦੀਕ ਤੇ ਰੇਲਵੇ ਕਿਲੋਮੀਟਰ ਨੰਬਰ 315/22-24 ਨੇੜਲੀ ਰੇਲਵੇ ਲਾਈਨ ਕੋਲੋਂ ਇੱਕ ਅਣਪਛਾਤੇ ਵਿਅਕਤੀ ਦੀ ਲਾਸ਼ ਬਰਾਮਦ ਹੋਈ ਹੈ, ਜਿਸ ਦੀ ਮੌਤ ਕਿਸੇ ਚਲਦੀ ਰੇਲਗੱਡੀ 'ਚੋਂ ਡਿੱਗਣ ਕਾਰਨ ਹੋਈ ਜਾਪਦੀ ਹੈ।

ਉਨ੍ਹਾਂ ਦੱਸਿਆ ਕਿ ਮ੍ਰਿਤਕ ਦੀ ਉਮਰ ਕਰੀਬ 35/40 ਸਾਲ, ਕੱਦ ਕਰੀਬ 5 ਫੁੱਟ 6 ਇੰਚ, ਰੰਗ ਕਣਕਵੰਨਾ, ਜਿਸ ਦੇ ਪੈਂਟ ਰੰਗ ਗੁਲਾਬੀ, ਕਮੀਜ਼ ਲਾਈਨਦਾਰ ਗੁਲਾਬੀ ਤੇ ਚਿੱਟੀ ਤੇ ਗਰੇਅ ਰੰਗ ਦੀਆਂ ਚੱਪਲਾਂ ਪਹਿਨੀਆਂ ਹੋਈਆਂ ਹਨ, ਜਿਸ ਦੀ ਲਾਸ਼ ਨੂੰ 72 ਘੰਟਿਆਂ ਵਾਸਤੇ ਸ਼ਨਾਖਤ ਲਈ ਸਿਵਲ ਹਸਪਤਾਲ ਫ਼ਤਹਿਗੜ੍ਹ ਸਾਹਿਬ ਦੀ ਮੌਰਚਰੀ 'ਚ ਰਖਵਾਇਆ ਗਿਆ ਹੈ।ਉਨ੍ਹਾਂ ਅਪੀਲ ਕੀਤੀ ਕਿ ਮ੍ਰਿਤਕ ਸਬੰਧੀ ਜੇਕਰ ਕਿਸੇ ਕੋਲ ਵੀ ਜਾਣਕਾਰੀ ਹੋਵੇ ਤਾਂ ਤੁਰੰਤ ਜੀ.ਆਰ.ਪੀ. ਥਾਣਾ ਸਰਹਿੰਦ ਨਾਲ ਸੰਪਰਕ ਕੀਤਾ ਜਾਵੇ।

## ਕਾਤਰਾਂ

### ਸਾਬਕਾ ਮੰਤਰੀ ਲਾਲ ਸਿੰਘ ਵੱਲੋਂ ਕਰਨੈਲ ਬੈਣੀਵਾਲ ਦੇ ਦਿਹਾਂਤ 'ਤੇ ਦੁੱਖ ਦਾ ਪ੍ਰਗਟਾਵਾ

**ਪਟਿਆਲਾ, ਸਨੌਰ (ਰਾਜਿੰਦਰ ਥਿੰਦ)**-ਬੀਤੇ ਦਿਨੀਂ ਖੇਤੀਬਾੜੀ ਵਿਕਾਸ ਬੈਂਕ ਦੇਵੀਗੜ੍ਹ ਦੇ ਚੇਅਰਮੈਨ ਤੇ ਸਾਬਕਾ ਸਰਪੰਚ ਪਰਮਜੀਤ ਸਿੰਘ ਮਹਿਮੂਦਪੁਰ ਦੇ ਸਤਿਕਾਰਯੋਗ ਪਿਤਾ ਕਰਨੈਲ ਸਿੰਘ ਬੈਣੀਵਾਲ ਦਾ ਦਿਹਾਂਤ ਹੋ ਗਿਆ ਸੀ।ਬੈਣੀਵਾਲ ਪਰਵਾਰ ਨਾਲ ਦੁੱਖ ਸਾਂਝਾ ਕਰਨ ਲਈ ਸਾਬਕਾ ਮੰਤਰੀ ਲਾਲ ਸਿੰਘ ਉਨ੍ਹਾਂ ਦੇ ਗ੍ਰਹਿ ਪਿੰਡ ਮਹਿਮੂਦਪੁਰ ਵਿਖੇ ਪਹੁੰਚੇ, ਜਿਨ੍ਹਾਂ ਦੇ ਨਾਲ ਪੀ ਏ ਸੋਨੀ, ਸੁਖਵਿੰਦਰ ਸਿੰਘ ਲਾਲੀ, ਗੁਰਨਾਮ ਸਿੰਘ, ਹਰਚੰਦ ਸਿੰਘ, ਰਜਿੰਦਰ ਸਿੰਘ ਤੇ ਜਗਪਾਲ ਸਿੰਘ ਬੈਣੀਵਾਲ ਹਾਜ਼ਰ ਸਨ। ਲਾਲ ਸਿੰਘ ਨੇ ਬੈਣੀਵਾਲ ਨਾਲ ਬਿਤਾਏ ਜ਼ਿੰਦਗੀ ਦੇ ਸਫਰ ਨੂੰ ਸਾਂਝੇ ਕਰਦੇ ਹੋਏ ਕਿਹਾ ਕਿ ਉਹ ਇੱਕ ਉੱਚ ਕੋਟੀ ਦੇ ਕਿਸਾਨ ਤੇ ਅਗਾਂਹ ਵਧੂ ਰਾਜਸੀ ਨੇਤਾ ਸਨ, ਜਿਨ੍ਹਾਂ ਦੇ ਚਲੇ ਜਾਣ ਮਗਰੋਂ ਉਸ ਨੂੰ ਨਿੱਜੀ ਤੌਰ 'ਤੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

### ਸੂਬੇਦਾਰ ਮੇਜਰ ਨਾਂਦੀਵਾਲ ਨਮਿੱਤ ਅੰਤਿਮ ਅਰਦਾਸ ਭਲਕੇ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਪਿੰਡ ਮਹਿਲਾਂ ਚੌਕ (ਸੰਗਰੂਰ) ਨਿਵਾਸੀ ਰਾਜਿੰਦਰ ਸਿੰਘ ਖਾਲਸਾ ਤੇ ਹਰਦੀਪ ਸਿੰਘ 'ਸ਼ੰਟੀ' ਦੇ ਪੂਜਨੀਕ ਪਿਤਾ ਰਿਟਾ. ਸੂਬੇਦਾਰ ਮੇਜਰ ਸ੍ਰੀ ਬੰਤ ਸਿੰਘ ਨਾਂਦੀਵਾਲ ਬੀਤੀ 22 ਮਈ ਨੂੰ ਅਚਾਨਕ ਅਕਾਲ ਚਲਾਣਾ ਕਰ ਗਏ ਸਨ। ਉਹ 77 ਵਰ੍ਹਿਆਂ ਦੇ ਸਨ। ਉਨ੍ਹਾਂ ਦੇ ਦਿਹਾਂਤ 'ਤੇ ਵੱਖ ਵੱਖ ਰਾਜਸੀ, ਧਾਰਮਿਕ, ਸਮਾਜ ਸੇਵੀ ਆਗੂਆਂ ਤੇ ਸਾਕ ਸਬੰਧੀਆਂ ਨੇ ਗਹਿਰੇ ਸ਼ੋਕ ਦਾ ਪ੍ਰਗਟਾਵਾ ਕਰਦਿਆਂ ਦੁਖੀ ਤੇ ਗਮਗੀਨ ਪਰਵਾਰ ਨਾਲ ਡੂੰਘੀ ਹਮਦਰਦੀ ਦਾ ਇਜ਼ਹਾਰ ਕੀਤਾ ਹੈ। ਸਵ: ਸੂਬੇਦਾਰ ਮੇਜਰ ਸ੍ਰੀ ਬੰਤ ਸਿੰਘ ਨਮਿੱਤ ਸ੍ਰੀ ਸਹਿਜ ਪਾਠ ਦਾ ਭੋਗ ਤੇ ਅੰਤਿਮ ਅਰਦਾਸ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਨਾਗਰੀ ਰੋਡ ਪਿੰਡ ਮਹਿਲਾਂ ਚੌਕ (ਜ਼ਿਲ੍ਹਾ ਸੰਗਰੂਰ) ਵਿਖੇ 29 ਮਈ 2025 ਨੂੰ ਦੁਪਹਿਰ 12:00 ਤੋਂ ਦੁਪਹਿਰ 1:00 ਵਜੇ ਤੱਕ ਹੋਵੇਗੀ।

### ਅਫ਼ੀਮ ਤੇ ਨਸ਼ੇ ਦੀਆਂ ਗੋਲੀਆਂ ਸਮੇਤ ਦੋ ਗ੍ਰਿਫ਼ਤਾਰ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਦੋ ਵੱਖ-ਵੱਖ ਥਾਣਿਆਂ ਦੀ ਪੁਲਸ ਨੇ ਅਫ਼ੀਮ ਤੇ ਨਸ਼ੇ ਦੀਆਂ ਗੋਲੀਆਂ ਸਮੇਤ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਥਾਣਾ ਮੂਲੇਪੁਰ ਦੀ ਇੱਕ ਪੁਲਸ ਪਾਰਟੀ ਵੱਲੋਂ ਪਿੰਡ ਬਾਗੜੀਆਂ ਦੀ ਅਨਾਜ ਮੰਡੀ ਨੇੜਿਓਂ ਸ਼ੱਕ ਦੇ ਅਧਾਰ 'ਤੇ ਕਾਬੂ ਕੀਤੇ ਗਏ ਅਮਰੀਕ ਸਿੰਘ ਵਾਸੀ ਪਿੰਡ ਚੂਹੜਪੁਰ ਜੱਟਾਂ ਦੀ ਤਲਾਸ਼ੀ ਕੀਤੀ ਗਈ ਤਾਂ ਉਸ ਦੇ ਕਬਜ਼ੇ 'ਚੋਂ 250 ਗ੍ਰਾਮ ਅਫ਼ੀਮ ਬਰਾਮਦ ਹੋਈ।ਇਸ ਸਬੰਧੀ ਥਾਣਾ ਮੂਲੇਪੁਰ ਵਿਖੇ ਦਰਜ ਕਰਵਾਏ ਗਏ ਮੁਕੱਦਮੇ 'ਚ ਅਮਰੀਕ ਸਿੰਘ ਨੂੰ ਗ੍ਰਿਫਤਾਰ ਕਰਕੇ ਸਹਾਇਕ ਥਾਣੇਦਾਰ ਜਗਜੀਤ ਸਿੰਘ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।ਇੱਕ ਵੱਖਰੇ ਮਾਮਲੇ 'ਚ ਸੰਘੋਲ ਦੀ ਦਾਣਾ ਮੰਡੀ ਨਜ਼ਦੀਕ ਰਾਤ ਨੂੰ ਚੈਕਿੰਗ ਕਰ ਰਹੀ ਸੰਘੋਲ ਚੌਕੀ ਦੀ ਪੁਲਸ ਪਾਰਟੀ ਵੱਲੋਂ ਸ਼ੱਕ ਦੇ ਅਧਾਰ 'ਤੇ ਕਾਬੂ ਕੀਤੇ ਗਏ ਹਰਪ੍ਰੀਤ ਸਿੰਘ ਵਾਸੀ ਪਿੰਡ ਸਿੱਧੂਪੁਰ ਕਲਾਂ ਦੀ ਤਲਾਸ਼ੀ ਕੀਤੀ ਤਾਂ ਉਸ ਦੇ ਕਬਜ਼ੇ 'ਚੋਂ 30 ਗੋਲੀਆਂ ਐਲਪ੍ਰਾਜ਼ੋਲਮ ਬਰਾਮਦ ਹੋਈਆਂ।ਇਸ ਸਬੰਧੀ ਥਾਣਾ ਖਮਾਣੋਂ ਵਿਖੇ ਦਰਜ ਕਰਵਾਏ ਗਏ ਮੁਕੱਦਮੇ 'ਚ ਹਰਪ੍ਰੀਤ ਸਿੰਘ ਨੂੰ ਗ੍ਰਿਫਤਾਰ ਕਰਕੇ ਸੰਘੋਲ ਚੌਕੀ ਦੇ ਇੰਚਾਰਜ ਥਾਣੇਦਾਰ ਹਰਮਿੰਦਰ ਸਿੰਘ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

# ਯੂਨੀਵਰਸਿਟੀ ਕਾਲਜ ਬੇਨੜਾ ਦਾ ਚੇਅਰਮੈਨ ਢਿੱਲੋਂ ਵੱਲੋਂ ਪ੍ਰਾਸਪੈਕਟ ਜਾਰੀ

**ਧੂਰੀ (ਬਿੰਨੀ ਗਰਗ)**-ਮੁੱਖ ਮੰਤਰੀ ਕੈਂਪਸ ਦਫ਼ਤਰ ਧੂਰੀ ਦੇ ਇੰਚਾਰਜ ਤੇ ਪੰਜਾਬ ਲਘੂ ਉਦਯੋਗ ਨਿਗਮ ਦੇ ਚੇਅਰਮੈਨ ਦਲਵੀਰ ਸਿੰਘ ਢਿੱਲੋਂ ਨੇ ਯੂਨੀਵਰਸਿਟੀ ਕਾਲਜ ਬੇਨੜਾ (ਧੂਰੀ) ਦਾ ਨਵੇਂ ਸੈਸ਼ਨ ਵਿੱਚ ਦਾਖ਼ਲੇ ਲਈ ਪ੍ਰਾਸਪੈਕਟ ਕਾਲਜ ਕੈਂਪਸ ਵਿਖੇ ਪ੍ਰਿੰਸੀਪਲ ਤੇ ਸਮੂਹ ਸਟਾਫ਼ ਦੀ ਮੌਜੂਦਗੀ ਵਿੱਚ ਜਾਰੀ ਕੀਤਾ।ਚੇਅਰਮੈਨ ਢਿੱਲੋਂ ਨੇ ਇਲਾਕਾ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਬੀ.ਏ., ਬੀ.ਸੀ.ਏ., ਬੀ.ਕਾਮ, ਬੀ.ਐੱਸ-ਸੀ ਮੈਡੀਕਲ ਤੇ ਨਾਨ-ਮੈਡੀਕਲ ਦੇ ਗ੍ਰੈਜੂਏਸ਼ਨ ਤੇ ਐੱਮ ਏ ਪੰਜਾਬੀ, ਐੱਮ ਏ ਇਤਿਹਾਸ, ਐੱਮ ਕਾਮ, ਪੀ.ਜੀ.ਡੀ.ਸੀ.ਏ. ਦੇ ਪੋਸਟ ਗ੍ਰੈਜੂਏਸ਼ਨ ਪੱਧਰ ਦੇ ਕੋਰਸਾਂ ਵਿੱਚ ਦਾਖ਼ਲਾ ਦਿਵਾਉਣ ਤਾਂ ਕਿ ਉਨ੍ਹਾਂ ਦੇ ਬੱਚੇ ਇਸ ਕਾਲਜ ਤੋਂ ਸਸਤੀ ਤੇ ਮਿਆਰੀ ਸਿੱਖਿਆ ਹਾਸਲ ਕਰ ਸਕਣ।ਉਨ੍ਹਾਂ ਖ਼ਾਸ ਕਰਕੇ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਸਰਕਾਰ ਵੱਲੋਂ ਮਿਲਦੀ ਪੋਸਟ ਮੈਟ੍ਰਿਕ ਸਕਾਲਰਸ਼ਿਪ ਅਧੀਨ ਦਾਖ਼ਲਾ ਲੈ ਕੇ ਸਰਕਾਰੀ ਸਕੀਮਾਂ ਦਾ ਲਾਭ ਉਠਾਉਣ।

ਉਨ੍ਹਾਂ ਲੋੜੀਂਦੀ ਇਮਾਰਤ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਦੂਜੇ ਪੜਾਅ ਅਧੀਨ ਬਣਨ ਵਾਲੀ ਇਮਾਰਤ ਦਾ ਪ੍ਰਸਤਾਵ ਸਰਕਾਰ ਨੂੰ ਭੇਜਿਆ ਹੋਇਆ ਹੈ ਜਿਹੜਾ ਜਲਦੀ ਪੂਰਾ ਹੋ ਜਾਵੇਗਾ।

ਕਾਲਜ ਪ੍ਰਿੰਸੀਪਲ ਡਾ. ਹਰਵਿੰਦਰ ਸਿੰਘ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਤੋਂ ਕੰਪਿਊਟਰ ਤੇ ਪ੍ਰੋਜੈਕਟਰ ਖ਼ਰੀਦਣ ਲਈ ਕਾਲਜ ਨੂੰ ਪ੍ਰਾਪਤ ਹੋਈ ਵੀਹ ਲੱਖ ਰੁਪਏ ਦੀ ਗ੍ਰਾਂਟ ਲਈ ਉਨ੍ਹਾਂ ਦਾ ਰਸਮੀ ਧੰਨਵਾਦ ਕੀਤਾ।ਇਸ ਮੌਕੇ ਸਮੂਹ ਸਟਾਫ਼ ਹਾਜ਼ਰ ਸੀ।



# ਗਲਵੱਡੀ 'ਚੋਂ ਤਿੰਨ ਨਾਬਾਲਗ ਲੜਕੀਆਂ ਲਾਪਤਾ, ਪੁਲਸ ਵੱਲੋਂ ਭਾਲ ਜਾਰੀ



**ਖੰਨਾ (ਸੁਖਵਿੰਦਰ ਸਿੰਘ ਭਾਦਲਾ)**

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਨੇੜਲੇ ਪਿੰਡ ਮੁਬਾਰਕਪੁਰ ਵਿਖੇ ਬਾਬਾ ਦੀਪ ਸਿੰਘ ਸ਼ਹੀਦ ਜੀ ਕ੍ਰਿਕਟ ਕਲੱਬ ਵੱਲੋਂ ਐੱਨ.ਆਰ.ਆਈ. ਵੀਰਾਂ ਤੇ ਗ੍ਰਾਮ ਪੰਚਾਇਤ ਦੇ ਸਹਿਯੋਗ ਨਾਲ ਕ੍ਰਿਕਟ ਟੂਰਨਾਮੈਂਟ ਕਰਵਾਇਆ ਗਿਆ, ਜਿਸ ਵਿੱਚ ਇਲਾਕੇ ਦੀਆਂ 16 ਟੀਮਾਂ ਨੇ ਭਾਗ ਲਿਆ। ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਸਰਪੰਚ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਕ੍ਰਿਕਟ ਕੱਪ ਦਾ ਫਾਈਨਲ ਮੁਕਾਬਲਾ ਪਿੰਡ ਸਹਿਜੋ ਮਾਜਰਾ ਤੇ ਛੌੜੀਆਂ ਬੇਟ ਵਿਚਕਾਰ ਖੇਡਿਆ ਗਿਆ, ਜਿਸ ਵਿਚ ਸਹਿਜੋ ਮਾਜਰਾ ਦੀ ਟੀਮ ਨੇ ਜਿੱਤ ਪ੍ਰਾਪਤ ਕਰਕੇ 21 ਹਜ਼ਾਰ ਰੁਪਏ ਪਹਿਲਾ ਇਨਾਮ ਹਾਸਲ ਕੀਤਾ, ਜਦਕਿ ਛੌੜੀਆਂ ਬੇਟ ਨੇ ਦੂਜਾ ਇਨਾਮ 15 ਹਜ਼ਾਰ ਰੁਪਏ ਪ੍ਰਾਪਤ ਕੀਤੇ। ਇਸ ਤੋਂ ਇਲਾਵਾ ਕਾਲਸ ਕਲਾਂ ਦੀ ਟੀਮ ਤੀਜੇ ਤੇ ਟਾਂਡਾ ਕਾਲੀਆ ਦੀ ਟੀਮ ਚੌਥੇ ਨੰਬਰ 'ਤੇ ਰਹੀ। ਸਰਪੰਚ ਸੁਖਵਿੰਦਰ ਸਿੰਘ ਮੁਬਾਰਕਪੁਰ ਨੇ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਗਰਾਊਂਡ ਨਾਲ ਜੁੜਨਾ ਚਾਹੀਦਾ ਹੈ, ਜਿਸ ਨਾਲ ਜਿੱਥੇ ਸਰੀਰ ਤੰਦਰੁਸਤ ਰਹਿੰਦਾ ਹੈ, ਉੱਥੇ ਮਾਨਸਿਕ ਵਿਕਾਸ ਵੀ ਹੁੰਦਾ ਹੈ। ਆਈਆਂ ਸੰਗਤਾਂ ਲਈ ਅਤੁੱਟ ਲੰਗਰ ਵਰਤਾਇਆ ਗਿਆ। ਇਸ ਮੌਕੇ ਅਜਮੇਰ ਸਿੰਘ ਸਾਬਕਾ ਸਰਪੰਚ, ਸਤਨਾਮ ਸਿੰਘ ਸਾਬਕਾ ਸਰਪੰਚ, ਬੂਟਾ ਸਿੰਘ, ਅਜੈਬ ਸਿੰਘ, ਛਿੰਦਰਪਾਲ, ਸੁਖਵਿੰਦਰ ਸਿੰਘ ਬਿੰਨੀ, ਸਤਪਾਲ ਸਿੰਘ (ਸਾਰੇ ਪੰਚ), ਕੌਮੀ ਪ੍ਰਧਾਨ ਜੁਗਰਾਜ ਸਿੰਘ ਮੰਡ, ਅਜੀਤ ਸਿੰਘ, ਗੁਰਦੇਵ ਸਿੰਘ, ਮੱਖਣ ਸਿੰਘ, ਸੁਖਜੀਤ ਸਿੰਘ, ਗੁਰਦੀਪ ਸਿੰਘ, ਸੁਖਵਿੰਦਰ ਸਿੰਘ, ਸਰਵਣ ਸਿੰਘ, ਫਤਹਿ ਸਿੰਘ, ਸੋਹਣ ਸਿੰਘ, ਨਾਇਬ ਸਿੰਘ, ਮਹਿੰਦਰ ਸਿੰਘ, ਅਜੈਬ ਸਿੰਘ, ਰਾਜੂ ਆਸਟ੍ਰੇਲੀਆ, ਜੈਮਲ ਸਿੰਘ, ਮਹਿਕਪ੍ਰੀਤ ਸਿੰਘ, ਦੀਪ ਮੁਬਾਰਕਪੁਰ, ਮਨੀ ਕਾਹਲੋਂ ਮੌਜੂਦ ਸਨ।

# ਸਕੂਲ ਪੜ੍ਹਨ ਜਾਂਦੇ ਸਮੇਂ ਆਟੋ ਸਮੇਤ ਟੋਏ 'ਚ ਡਿੱਗੀਆਂ ਲੜਕੀਆਂ

**ਪਿਛਲੇ ਲੰਮੇ ਸਮੇਂ ਤੋਂ ਵਾਟਰ ਸਪਲਾਈ ਤੇ ਸੀਵਰੇਜ ਦੀ ਲੀਕੇਜ ਤੋਂ ਪ੍ਰੇਸ਼ਾਨ ਹਨ ਸ਼ਹੀਦ ਊਧਮ ਸਿੰਘ ਨਗਰੀ ਦੇ ਵਾਸੀ**



**ਸੁਨਾਮ/ਸੰਗਰੂਰ (ਅਸ਼ੋਕ ਬਾਂਸਲ, ਹਾਕਮ ਭੱਟੀ/ਪ੍ਰਵੀਨ ਸਿੰਘ)**-ਪਿੰਡ ਘਾਸੀ ਵਾਲ ਦੀਆਂ ਸ਼ਹੀਦ ਊਧਮ ਸਿੰਘ ਗਰਲਜ਼ ਸਕੂਲ ਵਿੱਚ ਪੜ੍ਹਨ ਵਾਲੀਆਂ ਨਿੱਕੀਆਂ ਬੱਚੀਆਂ ਦਾ ਆਟੋ ਵਾਟਰ ਸਪਲਾਈ ਦੀ ਲੀਕੇਜ ਨੂੰ ਠੀਕ ਕਰਨ ਲਈ ਪੁੱਟੇ ਡੂੰਘੇ ਟੋਏ ਵਿੱਚ ਜਾ ਡਿੱਗਾ।ਨਿੱਕੀਆਂ ਬੱਚੀਆਂ ਦੀਆਂ ਚੀਕਾਂ ਸੁਣ ਕੇ ਬਖਸ਼ੀਵਾਲਾ ਚੌਂਕ ਦੇ ਸਥਾਨਕ ਵਾਸੀਆਂ ਵੱਲੋਂ ਬੱਚਿਆਂ ਤੇ ਆਟੋ ਨੂੰ ਟੋਏ ਵਿੱਚੋਂ ਕੱਢਿਆ ਗਿਆ।ਇਸ ਦੌਰਾਨ ਬੱਚਿਆਂ ਦੇ ਗੁੰਮ ਸੱਟਾਂ ਲੱਗਣ ਦੇ ਨਾਲ ਨਾਲ ਉਨ੍ਹਾਂ ਦੀਆਂ ਸਕੂਲੀ ਵਰਦੀਆਂ ਰੇਤੇ ਨਾਲ ਲਿੱਬੜ ਗਈਆਂ ਤੇ ਬੂਟ ਗੁੰਮ ਹੋ ਗਏ।ਇਸ ਮੌਕੇ ਇੱਕਠੇ ਹੋਏ ਲੋਕਾਂ ਨੂੰ ਸੰਬੋਧਨ ਕਰਦਿਆਂ ਲੋਕ ਹਿੱਤ ਸੰਘਰਸ਼ ਕਮੇਟੀ ਦੇ ਕਨਵੀਨਰ ਕਾਮਰੇਡ ਵਰਿੰਦਰ ਕੌਸ਼ਿਕ ਨੇ ਕਿਹਾ ਕਿ ਨਗਰ ਕੌਂਸਲ ਸੁਨਾਮ ਵੱਲੋਂ ਪਾਈ ਹੋਈ ਵਾਟਰ ਸਪਲਾਈ ਦੀ ਲਾਈਨ ਬਹੁਤ ਪੁਰਾਣੀ ਹੈ, ਜਦੋਂ ਵੀ ਬਹੁਤ ਜ਼ਿਆਦਾ ਭਾਰੀ ਲੋਡ ਵਾਲੇ (12-18 ਟਾਇਰਾਂ) ਵਾਲੇ ਟਰਾਲੇ ਇੱਥੋਂ ਲੰਘਦੇ ਹਨ ਤਾਂ ਪੁਰਾਣੀ ਹੋ ਚੁੱਕੀ ਵਾਟਰ ਸਪਲਾਈ ਦੀ ਲਾਈਨ ਦੇ ਜੋੜ ਖੁੱਲ੍ਹ ਜਾਂਦੇ ਹਨ। ਕਾਮਰੇਡ ਵਰਿੰਦਰ ਕੌਸ਼ਿਕ ਨੇ ਕਿਹਾ ਕਿ ਨਗਰ ਕੌਂਸਲ ਸੁਨਾਮ ਵੱਲੋਂ ਸੁਨਾਮ ਦੇ ਵਿਕਾਸ ਦਾ ਰੌਲਾ ਪਾਇਆ ਜਾ ਰਿਹਾ, ਪ੍ਰੰਤੂ ਬਖਸ਼ੀਵਾਲਾ ਰੋਡ ਤੋਂ ਲੈ ਕੇ ਜਖੇਪਲ ਰੋਡ ਤੱਕ ਪਿਛਲੇ ਲੰਮੇ ਸਮੇਂ ਤੋਂ ਵਾਟਰ ਸਪਲਾਈ ਤੇ ਸੀਵਰੇਜ ਦੀ ਹੁੰਦੀ ਵਾਰ ਵਾਰ ਲੀਕੇਜ ਨਗਰ ਕੌਂਸਲ ਸੁਨਾਮ ਦੇ ਵਿਕਾਸ ਦੇ ਦਾਅਵੇ ਦੀ ਪੋਲ ਖੋਲ੍ਹ ਰਹੀ ਹੈ।

ਇਨ੍ਹਾਂ ਸੜਕਾਂ ਤੋਂ ਜਿੱਥੇ ਸਕੂਲ ਵਿੱਚ ਜਾਣ ਵਾਲੇ ਵਿਦਿਆਰਥੀ ਪ੍ਰੇਸ਼ਾਨ ਹੁੰਦੇ ਹਨ, ਉੱਥੇ ਪਿੰਡ ਤੋਂ ਆਉਣ ਵਾਲੇ ਤੇ ਸਮੁੱਚੇ ਸੁਨਾਮ ਨਿਵਾਸੀ ਵੀ ਪ੍ਰੇਸ਼ਾਨ ਹੁੰਦੇ ਹਨ, ਇਸ ਕਰਕੇ ਭੱਵਿਖ ਵਿੱਚ ਜਾਨੀ-ਮਾਲੀ ਨੁਕਸਾਨ ਹੋਣ ਦਾ ਖ਼ਦਸ਼ਾ ਬਣਿਆ ਰਹਿੰਦਾ ਹੈ।ਕਾਮਰੇਡ ਕੌਸ਼ਿਕ ਨੇ ਸੁਨਾਮ ਨਗਰ ਕੌਂਸਲ ਦੇ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਬਖਸ਼ੀਵਾਲਾ ਰੋਡ ਦੇ ਡੰਪ ਦੇ ਨੇੜੇ ਹੁਦੀ ਸੀਵਰੇਜ ਦੀ ਲੀਕੇਜ ਤੇ ਬਖਸ਼ੀਵਾਲਾ ਚੌਂਕ ਤੋਂ ਜਖੇਪਲ ਰੋਡ ਤੱਕ ਹੁੰਦੀ ਵਾਟਰ ਸਪਲਾਈ ਦੀ ਲੀਕੇਜ ਦਾ ਸਥਾਈ ਹੱਲ ਕੀਤਾ ਜਾਵੇ।ਇਸ ਮੌਕੇ ਦਰਸ਼ਨ ਸਿੰਘ, ਰਘਬੀਰ ਸਿੰਘ, ਗੋਪਾਲ ਸਿੰਘ ਆਦਿ ਹਾਜ਼ਰ ਸਨ।

# ਅਵਾਰਾ ਕੁੱਤਿਆਂ ਦੇ ਹੱਲ ਲਈ ਮੁੱਖ ਮੰਤਰੀ ਖੇਤਰੀ ਅਫ਼ਸਰ ਨੂੰ ਮੰਗ ਪੱਤਰ ਦਿੱਤਾ : ਢੋਸੀਵਾਲ



**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ, ਪੂਜਾ)**-ਸ਼ਹਿਰ ਵਾਸੀਆਂ ਨੂੰ ਅਵਾਰਾ ਕੁੱਤਿਆਂ ਦੇ ਖੌਫ਼ ਤੋਂ ਬਚਾਉਣ ਲਈ ਸਮਾਜ ਦੇ ਭਲੇ ਤੇ ਵਿਕਾਸ ਨੂੰ ਸਮਰਪਤ ਪ੍ਰਮੁੱਖ ਵਰਕਿੰਗ ਗੈਰ ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਦੇ ਵੱਡੇ ਵਫ਼ਦ ਵੱਲੋਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਮੁੱਖ ਮੰਤਰੀ ਖੇਤਰੀ ਅਫਸਰ ਮੈਡਮ ਰੂਪਾਲੀ ਟੰਡਨ ਪੀ.ਸੀ.ਐੱਸ.ਨੂੰ ਮੰਗ ਪੱਤਰ ਦਿੱਤਾ ਗਿਆ।ਮਿਸ਼ਨ ਮੁਖੀ ਪ੍ਰਸਿਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ ਦੀ ਅਗਵਾਈ ਹੇਠਲੇ ਇਸ ਵਫ਼ਦ ਵਿੱਚ ਮਿਸ਼ਨ ਗਾਈਡ ਇੰਜ ਅਸ਼ੋਕ ਕੁਮਾਰ ਭਾਰਤੀ ਤੇ ਚੇਅਰਮੈਨ ਨਿਰੰਜਨ ਸਿੰਘ ਰੱਖਰਾ ਤੋਂ ਇਲਾਵਾ ਬਲਜੀਤ ਸਿੰਘ ਕੋਆਪ੍ਰੇਟਿਵ, ਵਿਕਰਾਂਤ ਤੇਰੀਆ, ਨਰਿੰਦਰ ਕਾਕਾ, ਲਖਵੀਰ ਸਿੰਘ ਬੌਬੀ, ਜਸਵਿੰਦਰ ਸਿੰਘ ਲੱਧੜ ਆਦਿ ਸਮੇਤ ਵੱਡੀ ਗਿਣਤੀ ਵਿੱਚ ਹੋਰ ਮੈਂਬਰ ਮੌਜੂਦ ਸਨ।ਵਫ਼ਦ ਵੱਲੋਂ ਮੰਗ ਪੱਤਰ ਰਾਹੀਂ ਡਿਪਟੀ ਕਮਿਸ਼ਨਰ ਨੂੰ ਸੰਬੋਧਤ ਇਸ ਮੰਗ ਪੱਤਰ ਰਾਹੀਂ ਮੈਡਮ ਰੂਪਾਲੀ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਸ਼ਹਿਰ ਵਿੱਚ ਵੱਡੀ ਗਿਣਤੀ ਵਿੱਚ ਅਵਾਰਾ ਕੁੱਤਿਆਂ ਦੇ ਝੁੰਡ ਸ਼ਹਿਰ 'ਚ ਸ਼ਰੇਆਮ ਤੁਰੇ ਫਿਰਦੇ ਹਨ। ਇਹ ਅਵਾਰਾ ਕੁੱਤੇ ਕਈ ਵਾਰ ਬੱਚਿਆਂ ਤੇ ਬਜ਼ੁਰਗਾਂ 'ਤੇ ਹਮਲਾ ਵੀ ਕਰ ਦਿੰਦੇ ਹਨ ਤੇ ਉਨ੍ਹਾਂ ਗੰਭੀਰ ਰੂਪ ਵਿੱਚ ਜ਼ਖ਼ਮੀ ਕਰ ਦਿੰਦੇ ਹਨ।ਮੰਗ ਪੱਤਰ ਅਨੁਸਾਰ ਮੰਗ ਕੀਤੀ ਗਈ ਹੈ ਕਿ ਆਮ ਲੋਕਾਂ ਨੂੰ ਇਹਨਾਂ ਅਵਾਰਾ ਕੁੱਤਿਆਂ ਦੇ ਖੌਫ਼ ਤੋਂ ਬਚਾਉਣ ਲਈ ਕੁੱਤਿਆਂ ਵਾਸਤੇ ਪੱਕੇ ਸ਼ੈਲਟਰ ਹੋਮ ਬਣਾਏ ਜਾਣ।ਪੱਕੇ ਸ਼ੈਲਟਰ ਹੋਮ ਬਣਨ ਤੱਕ ਇਨ੍ਹਾਂ ਕੁੱਤਿਆਂ ਨੂੰ ਇੱਕ ਜਗ੍ਹਾ ਇਕੱਠਾ ਕਰਕੇ ਰੱਖਣ ਦਾ ਆਰਜ਼ੀ ਪ੍ਰਬੰਧ ਕੀਤਾ ਜਾਵੇ।ਇਨ੍ਹਾਂ ਅਵਾਰਾ ਕੁੱਤਿਆਂ ਦੀ ਨਸਬੰਦੀ ਕਰਨ ਲਈ ਠੋਸ ਕਦਮ ਉਠਾਏ ਜਾਣ।ਇਸੇ ਤਰ੍ਹਾਂ ਇਹ ਵੀ ਮੰਗ ਕੀਤੀ ਗਈ ਹੈ ਕਿ ਸ਼ਹਿਰ ਅੰਦਰ ਪਾਲਤੂ ਕੁੱਤੇ ਰੱਖਣ ਵਾਲੇ ਵਿਅਕਤੀਆਂ ਨੂੰ ਆਪਣੇ ਕੁੱਤਿਆਂ ਦੀ ਸਰਕਾਰੀ ਨਿਯਮਾਂ ਅਨੁਸਾਰ ਰਜਿਸਟ੍ਰੇਸ਼ਨ ਕਰਾਉਣ ਲਈ ਪਾਬੰਧ ਕੀਤਾ ਜਾਵੇ ਤੇ ਇਸਦੇ ਨਾਲ ਹੀ ਇਨ੍ਹਾਂ ਕੁੱਤਿਆਂ ਦੇ ਗਲਾਂ ਵਿੱਚ ਬੈਲਟ ਜਾਂ ਪਟਾ ਪਾਉਣਾ ਵੀ ਲਾਜ਼ਮੀ ਕੀਤਾ ਜਾਵੇ। ਮੈਡਮ ਨੇ ਵਫਦ ਦੀ ਗੱਲਬਾਤ ਨੂੰ ਬਹੁਤ ਹੀ ਗੰਭੀਰਤਾ ਪੂਰਵਕ ਤੇ ਧਿਆਨ ਨਾਲ ਸੁਣਿਆ ਤੇ ਇਸ ਸਬੰਧੀ ਠੋਸ ਕਾਰਵਾਈ ਕਰਨ ਦਾ ਵਿਸ਼ਵਾਸ ਦਿਵਾਇਆ। ਮੈਡਮ ਨੇ ਮੌਕੇ 'ਤੇ ਆਪਣੇ ਪੀ.ਏ. ਨੂੰ ਨਗਰ ਕੌਂਸਲ ਕਾਰਜ ਸਾਧਕ ਅਫਸਰ ਨੂੰ ਬੁਲਾ ਕੇ ਇਸ ਸਬੰਧੀ ਠੋਸ ਕਾਰਵਾਈ ਕਰਨ ਦੇ ਹੁਕਮ ਜਾਰੀ ਕਰ ਦਿੱਤੇ।ਪ੍ਰਧਾਨ ਢੋਸੀਵਾਲ ਨੇ ਦੱਸਿਆ ਹੈ ਕਿ ਜਿਲ੍ਹਾ ਪ੍ਰਸ਼ਾਸਨ ਵੱਲੋਂ ਉਕਤ ਮਾਮਲੇ ਸਬੰਧੀ ਕੀਤੀ ਗਈ ਕਾਰਵਾਈ ਦੀ ਜਾਣਕਾਰੀ ਲੈਣ ਲਈ 15 ਦਿਨ ਬਾਅਦ ਮੈਡਮ ਰੂਪਾਂਜਲੀ ਨਾਲ ਫਾਲੋ ਅੱਪ ਮੀਟਿੰਗ ਕੀਤੀ ਜਾਵੇਗੀ।

# ਸਰਕਾਰੀ ਬਹੁ-ਤਕਨੀਕੀ ਕਾਲਜ ਵਿਖੇ ਦਾਖਲਾ ਪ੍ਰਕਿਰਿਆ ਸ਼ੁਰੂ : ਪ੍ਰਿੰ. ਜਤਿੰਦਰਪਾਲ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸਥਾਨਕ ਬਹੁਤਕਨੀਕੀ ਕਾਲਜ ਵਿਖੇ ਵਿੱਦਿਅਕ ਸਾਲ 2025-26 ਲਈ ਡਿਪਲੋਮਾ ਕੋਰਸਾਂ ਵਿੱਚ ਦਾਖਲਿਆਂ ਲਈ ਆਨਲਾਈਨ ਰਜਿਸਟ੍ਰੇਸ਼ਨ ਸ਼ੁਰੂ ਹੋ ਚੁੱਕੀ ਹੈ ਤੇ ਤਕਨੀਕੀ ਕੋਰਸਾਂ ਵਿੱਚ ਦਾਖਲੇ ਲਈ ਇੱਛੁਕ ਵਿਦਿਆਰਥੀ ਕਾਲਜ ਸਟਾਫ ਮੈਂਬਰਾਂ ਦੇ ਸਹਿਯੋਗ ਨਾਲ ਆਪਣੀ ਆਨਲਾਈਨ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ। ਇਹ ਜਾਣਕਾਰੀ ਦੁਲਚੀ ਕੇ ਰੋਡ, ਫਿਰੋਜ਼ਪੁਰ ਸ਼ਹਿਰ ਵਿਖੇ ਸਥਿਤ ਸਰਕਾਰੀ ਬਹੁ-ਤਕਨੀਕੀ ਕਾਲਜ ਦੇ ਪ੍ਰਿੰਸੀਪਲ ਜਤਿੰਦਰਪਾਲ ਵੱਲੋਂ ਦਿੱਤੀ ਗਈ। ਸਰਕਾਰੀ ਬਹੁ-ਤਕਨੀਕੀ ਕਾਲਜ ਫਿਰੋਜ਼ਪੁਰ ਵਿਖੇ ਇਲੈਕਟ੍ਰੀਕਲ ਇੰਜੀਨੀਅਰਿੰਗ, ਕੰਪਿਊਟਰ ਸਾਇੰਸ ਐਂਡ ਇੰਜੀਨੀਅਰਿੰਗ, ਮਕੈਨੀਕਲ ਇੰਜੀਨੀਅਰਿੰਗ ਤੇ ਇਲੈਕਟ੍ਰੌਨਿਕਸ ਐਂਡ ਕਮਿਊਨੀਕੇਸ਼ਨ ਇੰਜੀਨੀਅਰਿੰਗ ਡਿਪਲੋਮਾ ਕੋਰਸ ਚੱਲ ਰਹੇ ਹਨ, ਜੋ ਕਿ ਤਿੰਨ ਸਾਲਾ ਡਿਪਲੋਮਾ ਕੋਰਸ ਹਨ ਤੇ ਇਨ੍ਹਾਂ ਵਿੱਚ ਦਾਖਲਾ ਲੈਣ ਲਈ ਲੋੜੀਂਦੀ ਯੋਗਤਾ ਦਸਵੀਂ ਪਾਸ ਹੈ। ਉਨ੍ਹਾਂ ਦੱਸਿਆ ਕਿ ਜਿਨ੍ਹਾਂ ਵਿਦਿਆਰਥੀਆਂ ਵੱਲੋਂ 12ਵੀਂ ਜਮਾਤ ਸਾਇੰਸ (ਨਾਨ-ਮੈਡੀਕਲ) ਜਾਂ ਵੋਕੇਸ਼ਨਲ ਨਾਲ ਪਾਸ ਕੀਤੀ ਹੋਵੇ ਜਾਂ ਜਿਨ੍ਹਾਂ ਵਿਦਿਆਰਥੀਆਂ ਵੱਲੋਂ 2 ਸਾਲਾ ਆਈਟੀਆਈ ਕੋਰਸ ਕੀਤਾ ਹੋਵੇ, ਉਨ੍ਹਾਂ ਵਿਦਿਆਰਥੀਆਂ ਦਾ ਦਾਖਲਾ ਲੇਟਰਲ ਐਂਟਰੀ ਰਾਹੀਂ ਸਿੱਧਾ ਦੂਜੇ ਸਾਲ ਵਿੱਚ ਹੋਵੇਗਾ। ਵਿਦਿਆਰਥੀਆਂ ਦੇ ਦਾਖਲੇ ਯੋਗਤਾ ਪ੍ਰੀਖਿਆਵਾਂ ਵਿੱਚ ਪ੍ਰਾਪਤ ਨੰਬਰਾਂ ਦੀ ਮੈਰਿਟ ਦੇ ਆਧਾਰ 'ਤੇ ਹੋਣਗੇ।ਉਨ੍ਹਾਂ ਦੱਸਿਆ ਕਿ ਕੇਂਦਰ ਤੇ ਸੂਬਾ ਸਰਕਾਰਾਂ ਵੱਲੋਂ ਚਲਾਈਆਂ ਜਾਣ ਵਾਲੀਆਂ ਵੱਖ ਵੱਖ ਸਕਾਲਰਸ਼ਿਪ ਸਕੀਮਾਂ ਅਧੀਨ ਕਵਰ ਹੋਣ ਵਾਲੇ ਯੋਗ ਵਿਦਿਆਰਥੀਆਂ ਨੂੰ ਫੀਸਾਂ ਵਿੱਚ ਵਿਸ਼ੇਸ਼ ਛੋਟ ਦਿੱਤੀ ਜਾਂਦੀ ਹੈ। ਸਰਕਾਰ ਦੀਆਂ ਹਦਾਇਤਾਂ ਅਨੁਸਾਰ ਅਨੁਸੂਚਿਤ ਜਾਤੀ (ਐੱਸ ਸੀ ਸ਼੍ਰੇਣੀ) ਦੇ ਵਿਦਿਆਰਥੀਆਂ, ਜਿਨ੍ਹਾਂ ਦੇ ਪਰਵਾਰ ਦੀ ਸਾਲਾਨਾ ਆਮਦਨ 2.50 ਲੱਖ ਤੋਂ ਘੱਟ ਹੈ (ਤਹਿਸੀਲਦਾਰ ਵੱਲੋਂ ਜਾਰੀ ਆਮਦਨ ਸਰਟੀਫਿਕੇਟ ਅਨੁਸਾਰ) ਨੂੰ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਤਹਿਤ ਵਿਸ਼ੇਸ਼ ਲਾਭ ਦਿੱਤਾ ਜਾ ਰਿਹਾ ਹੈ। ਇਸੇ ਤਰ੍ਹਾਂ ਮੁੱਖ ਮੰਤਰੀ ਸਕਾਲਰਸ਼ਿਪ ਸਕੀਮ ਤਹਿਤ ਜਨਰਲ ਤੇ ਹੋਰ ਵਰਗ ਦੇ ਵਿਦਿਆਰਥੀਆਂ ਲਈ ਯੋਗਤਾ ਪ੍ਰੀਖਿਆ ਵਿੱਚ ਪ੍ਰਾਪਤ ਕੀਤੇ ਗਏ ਨੰਬਰਾਂ ਦੇ ਆਧਾਰ 'ਤੇ ਵਿਦਿਆਰਥੀਆਂ ਨੂੰ ਟਿਊਸ਼ਨ ਫੀਸ ਵਿੱਚ ਛੋਟ ਦਿੱਤੀ ਜਾਂਦੀ ਹੈ।

# ਭਲਕ ਤੋਂ ਸ਼ੁਰੂ ਹੋਵੇਗਾ ਗਿਆਨੁ ਅੰਜਨੁ ਸਮਰ ਕੈਂਪ

**ਕੋਟਕਪੂਰਾ (ਰਛਪਾਲ ਭੁੱਲਰ)**-ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਖੇਤਰ ਕੋਟਕਪੂਰਾ ਵੱਲੋਂ 20 ਰੋਜ਼ਾ ਗਿਆਨੁ ਅੰਜਨੁ ਸਮਰ ਕੈਂਪ ਸਥਾਨਕ ਸਿੱਖਾਂਵਾਲਾ ਰੋਡ 'ਤੇ ਸਥਿਤ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦਫ਼ਤਰ ਵਿਖੇ 29 ਮਈ ਤੋਂ 17 ਜੂਨ ਤੱਕ ਲਾਇਆ ਜਾਵੇਗਾ, ਜਿਸ ਦਾ ਪੋਸਟਰ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਜ਼ੋਨਲ ਦਫ਼ਤਰ ਵਿਖੇ ਰਿਲੀਜ਼ ਕਰਦਿਆਂ ਆਖਿਆ ਕਿ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਬੱਚਿਆਂ ਤੇ ਨੌਜਵਾਨਾਂ ਨੂੰ ਮਾੜੀ ਸੁਸਾਇਟੀ ਸਮੇਤ ਨਸ਼ਿਆਂ ਤੇ ਹੋਰ ਸਮਾਜਿਕ ਕੁਰੀਤੀਆਂ ਤੋਂ ਬਚਾਅ ਕੇ ਚੰਗੇ ਇਨਸਾਨ ਬਣਾਉਣ ਲਈ ਨੈਤਿਕਤਾ ਦਾ ਪਾਠ ਪੜ੍ਹਾਉਣ ਤੇ ਉਨ੍ਹਾਂ ਦੀ ਸ਼ਖ਼ਸੀਅਤ ਉਸਾਰੀ ਦੇ ਉਪਰਾਲੇ ਕਰਨ ਵਾਲੇ ਸੇਵਾ ਕਾਰਜ ਪ੍ਰਸ਼ੰਸਾਯੋਗ ਹਨ।ਕੋਆਰਡੀਨੇਟਰ ਪ੍ਰਿੰਸੀਪਲ ਡਾ. ਤਰਰਨਜੀਤ ਸਿੰਘ ਮੁਤਾਬਿਕ 20 ਰੋਜ਼ਾ ਉਕਤ ਕੈਂਪ ਵਿੱਚ ਵਿਦਿਆਰਥੀਆਂ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਜਾਵੇਗਾ, ਜਿਵੇਂ ਕਿ ਨਰਸਰੀ ਤੋਂ ਪੰਜਵੀਂ ਜਮਾਤ, ਛੇਵੀਂ ਤੋਂ ਅੱਠਵੀਂ ਜਮਾਤ, ਮਿਡਲ ਡੀ.ਏ.ਵੀ. ਸਕੂਲ ਤੇ ਨੌਵੀਂ ਤੋਂ ਉਪਰਲੀਆਂ ਜਮਾਤਾਂ ਦੇ ਵਿਦਿਆਰਥੀ ਜ਼ੋਨਲ ਦਫ਼ਤਰ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਏ.ਸੀ. ਹਾਲ ਵਿਖੇ ਸ਼ਮੂਲੀਅਤ ਕਰਨਗੇ।

# ਮੁੱਖ ਮੰਤਰੀ ਦੂਧਨ ਸਾਧਾਂ 'ਚ ਸਬ-ਤਹਿਸੀਲ ਨੂੰ ਹਲਕੇ ਦੇ ਲੋਕਾਂ ਨੂੰ ਸਮਰਪਤ ਕਰਨਗੇ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਹਲਕਾ ਸਨੌਰ ਵਿੱਚ ਖੇਡ ਸਟੇਡੀਅਮ, ਪਾਰਕ, ਛੱਪੜ, ਯਾਦਗਾਰ ਗੇਟ ਤੇ ਹੋਰ ਵੱਡੇ ਪੱਧਰ 'ਤੇ ਵਿਕਾਸ ਕਾਰਜਾਂ ਨੂੰ ਲੈ ਕੇ ਹਲਕਾ ਸਨੌਰ ਦੇ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਵੱਲੋਂ ਬਲਾਕ ਭੁਨਰਹੇੜੀ ਤੇ ਸਨੌਰ ਦੇ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੇ ਅਧਿਕਾਰੀਆਂ ਸਮੇਤ ਦੋਵੇਂ ਬਲਾਕਾਂ ਦੇ ਪੰਚਾਂ-ਸਰਪੰਚਾਂ ਦੀ ਮੌਜੂਦਗੀ ਵਿੱਚ ਮੀਟਿੰਗ ਕਰਕੇ ਸਾਰੇ ਕੰਮਾਂ ਨੂੰ ਜੰਗੀ ਪੱਧਰ 'ਤੇ ਸ਼ੁਰੂ ਕਰਨ ਦੇ ਆਦੇਸ਼ ਜਾਰੀ ਕੀਤੇ ਗਏ।ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਆਪਣੇ ਕਰ ਕਮਲਾਂ ਨਾਲ ਅੱਠ ਕਰੋੜ ਰੁਪਏ ਦੇ ਲੱਗਭਗ ਦੀ ਲਾਗਤ ਨਾਲ ਦੂਧਨ ਸਾਧਾਂ ਵਿਖੇ ਨਵੀਂ ਬਣੀ ਤਹਿਸੀਲ ਦੀ ਇਮਾਰਤ ਦਾ ਉਦਘਾਟਨ ਇੱਕ ਜੂਨ ਨੂੰ ਕਰਨਗੇ। ਉਨ੍ਹਾਂ ਕਿਹਾ ਕਿ ਇਸ ਸਮਾਗਮ ਆਮ ਆਦਮੀ ਪਾਰਟੀ ਦਾ ਹਰ ਵਿੰਗ ਵਰਕਰ ਸ਼ਾਮਲ ਹੋਵੇਗਾ।ਇਸ ਮੌਕੇ ਸਿੰਘ ਬੀ ਡੀ ਪੀ ਓ ਭੁੱਨਰਹੇੜੀ, ਮਨਦੀਪ ਸਿੰਘ ਬੀ ਡੀ ਪੀ ਓ ਸਨੌਰ ਤੇ ਸਮੂਹ ਸਟਾਫ ਅਤੇ ਵੱਡੀ ਗਿਣਤੀ ਵਿੱਚ ਪੰਚ-ਸਰਪੰਚ ਮੌਜੂਦ ਸਨ।ਵਿਧਾਇਕ ਪਠਾਣਮਾਜਰਾ ਨੇ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਪਿੰਡ ਦੇ ਛੱਪੜ ਦਾ ਸਾਫ਼-ਸਫ਼ਾਈ ਅਤੇ ਖੇਡ ਮੈਦਾਨਾਂ ਵਿੱਚ ਪਹਿਲ ਦੇ ਅਧਾਰ 'ਤੇ ਨਿਰਮਾਣ ਕਰਾਇਆ ਜਾਵੇ।ਮਨਰੇਗਾ ਸਕੀਮ ਤਹਿਤ ਪਿੰਡਾਂ ਦੇ ਵਿਕਾਸ ਕਾਰਜ ਜੰਗੀ ਪੱਧਰ 'ਤੇ ਚਲਾਉਣ ਲਈ ਆਨਾਕਾਨੀ ਬਰਦਾਸ਼ਤ ਨਹੀਂ ਹੋਵੇਗੀ।ਉਨ੍ਹਾਂ ਕਿਹਾ ਕਿ ਹਲਕਾ ਸਨੌਰ ਦੇ ਲੋਕਾਂ ਦੀ ਸਮੱਸਿਆਵਾਂ ਨੂੰ ਹੱਲ ਕਰਨਾ ਮੇਰੀ ਵੱਡੀ ਜ਼ਿੰਮੇਵਾਰੀ ਹੈ।ਵਿਧਾਇਕ ਨੇ ਦੱਸਿਆ ਕਿ ਬਲਾਕ ਭੁੱਨਰਹੇੜੀ ਦੇ 55 ਪਿੰਡਾਂ ਅੰਦਰ ਨਵੇਂ ਖੇਡ ਮੈਦਾਨ ਤਿਆਰ ਕੀਤੇ ਜਾ ਰਹੇ ਹਨ।15 ਦੇ ਕਰੀਬ ਸਟੇਡੀਅਮਾਂ ਨੂੰ ਅਪਡੇਟ ਕਰਕੇ ਖਿਡਾਰੀਆਂ ਨੂੰ ਸਹੂਲਤਾਂ ਦਿੱਤੀਆਂ ਜਾਣਗੀਆਂ।ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਸਨੌਰ ਬਲਾਕ ਅੰਦਰ 46 ਨਵੇਂ ਖੇਡ ਮੈਦਾਨ ਤਿਆਰ ਕਰਨ ਦਾ ਕੰਮ ਚੱਲ ਰਿਹਾ ਹੈ। ਇਸਦੇ ਨਾਲ ਹੀ ਪਿੰਡ ਮਰਦਾਂ ਹੇੜੀ ਵਿਖੇ ਪੰਜ ਸਾਲ ਪਹਿਲਾਂ ਦੇਸ਼ ਦੀ ਸੇਵਾ ਕਰਦੇ ਸ਼ਹੀਦ ਹੋਏ ਨੌਜਵਾਨ ਦੀ ਯਾਦ ਵਿੱਚ ਯਾਦਗਾਰ ਗੇਟ ਬਣਾਇਆ ਜਾਵੇਗਾ।

ਪੁਰਾਣੇ ਸਟੇਡੀਅਮ ਨੂੰ ਵੀ ਅਪਡੇਟ ਕਰਾਉਣ ਲਈ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਹੈ।ਐਕਸੀਅਨ ਪੰਚਾਇਤੀ ਰਾਜ ਦੁਆਰਾ ਕਰਵਾਏ ਜਾ ਰਹੇ ਕਾਰਜਾਂ ਦੇ ਪਹਿਲੇ ਪੜਾਅ ਦੀ ਸ਼ੁਰੂਆਤ ਕਰ ਦਿੱਤੀ ਗਈ ਹੈ।

# ਸਰਕਾਰੀ ਸਕੂਲ ਭੀਮ ਨਗਰ ਦੀ ਮੰਨਤ ਆਈ ਮੈਰਿਟ 'ਚ



**ਮੋਗਾ (ਇਕਬਾਲ ਸਿੰਘ ਖਹਿਰਾ)**-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਬਾਰਵੀਂ ਜਮਾਤ ਦੇ ਨਤੀਜਿਆਂ ਵਿੱਚ ਪੀ ਐੱਮ ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭੀਮ ਨਗਰ ਮੋਗਾ ਦੀ ਵਿਦਿਆਰਥਣ ਮੰਨਤ ਦੀਪ ਮੋਹਨ ਨੇ ਸੁਪਰ ਮੈਡੀਕਲ ਸਟਰੀਮ ਨਾਲ 500 ਵਿੱਚੋਂ 487 ਅੰਕ ਪ੍ਰਾਪਤ ਕਰਕੇ ਪੰਜਾਬ ਭਰ ਵਿੱਚੋਂ 13ਵਾਂ ਰੈਂਕ ਤੇ ਜ਼ਿਲ੍ਹੇ ਵਿੱਚੋਂ ਦੂਸਰਾ ਸਥਾਨ ਹਾਸਲ ਕਰਕੇ ਬੋਰਡ ਦੀ ਮੈਰਿਟ ਸੂਚੀ ਵਿੱਚ ਆਪਣਾ ਨਾਮ ਦਰਜ ਕਰਵਾਇਆ। ਇਸ ਮੌਕੇ ਪ੍ਰਿੰਸੀਪਲ ਡਾਕਟਰ ਮਨਜੀਤ ਕੌਰ ਤੇ ਸਮੂਹ ਸਕੂਲ ਸਟਾਫ ਨੇ ਮੰਨਤ ਤੇ ਉਸ ਦੇ ਮਾਪਿਆਂ ਨੂੰ ਵਧਾਈ ਦਿੰਦੇ ਹੋਏ ਉਸ ਦੇ ਸੁਨਹਿਰੀ ਭਵਿੱਖ ਲਈ ਅਸ਼ੀਰਵਾਦ ਦਿੱਤਾ। ਮੰਨਤ ਦੇ ਪਿਤਾ ਲੈਕਚਰਾਰ ਕੰਵਲਦੀਪ ਕੁਮਾਰ ਤੇ ਮਾਤਾ ਲੈਕਚਰਾਰ ਗੀਤਾ ਰਾਣੀ ਨੇ ਸਕੂਲ ਸਟਾਫ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਹੋਰ ਮਾਪਿਆਂ ਨੂੰ ਵੀ ਆਪਣੇ ਬੱਚੇ ਸਰਕਾਰੀ ਸਕੂਲਾਂ ਵਿੱਚ ਭਰਤੀ ਕਰਵਾਉਣ ਦੀ ਅਪੀਲ ਕੀਤੀ। ਇਸ ਮੌਕੇ ਪ੍ਰਿੰਸੀਪਲ ਵੱਲੋਂ ਬਾਕੀ ਬੱਚਿਆਂ ਨੂੰ ਵੀ ਮੰਨਤ ਦੀ ਇਸ ਪ੍ਰਾਪਤੀ ਤੋਂ ਪ੍ਰੇਰਣਾ ਲੈ ਕੇ ਹੋਰ ਮਿਹਨਤ ਕਰਕੇ ਇਸੇ ਪ੍ਰਕਾਰ ਮੈਰਿਟ ਵਿੱਚ ਆਪਣਾ ਨਾਮ ਦਰਜ ਕਰਵਾਉਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਮੰਨਤ ਆਉਣ ਵਾਲੇ ਭਵਿੱਖ ਵਿੱਚ ਹੋਰ ਮੱਲਾਂ ਮਾਰ ਕੇ ਸਕੂਲ ਤੇ ਮਾਪਿਆਂ ਦਾ ਨਾਮ ਰੌਸ਼ਨ ਕਰੇਗੀ।

# ਪੁਲਸ ਦੇ 400 ਪੁਲਸ ਮੁਲਾਜ਼ਮਾਂ ਵੱਲੋਂ ਕੇਂਦਰੀ ਮਾਡਰਨ ਜੇਲ੍ਹ ਦੀ ਅਚਾਨਕ ਚੈਕਿੰਗ



**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)**-ਡਾ. ਪ੍ਰਗਿਆ ਜੈਨ ਐਸ.ਐਸ.ਪੀ ਦੀ ਅਗਵਾਈ ਹੇਠ ਪੁਲਸ ਦੇ ਲਗਭਗ 400 ਮੁਲਾਜ਼ਮਾਂ ਵੱਲੋਂ ਸੀਨੀਅਰ ਪੁਲਿਸ ਅਧਿਕਾਰੀਆਂ ਦੀ ਨਿਗਰਾਨੀ ਹੇਠ ਮੰਗਲਵਾਰ ਨੂੰ ਕੇਂਦਰੀ ਮਾਡਰਨ ਜੇਲ੍ਹ 'ਚ ਇਕ ਵਿਸਤ੍ਰਿਤ ਤੇ ਅਚਾਨਕ ਚੈੱਕਿੰਗ ਮੁਹਿੰਮ ਚਲਾਈ, ਜੋ ਲਗਭਗ 04 ਘੰਟੇ ਤੱਕ ਚੱਲੀ। ਇਹ ਕਾਰਵਾਈ ਸ੍ਰੀ ਸੰਦੀਪ ਕੁਮਾਰ ਐਸ.ਪੀ (ਇੰਨਵੈਸਟੀਗੇਸ਼ਨ) ਫ਼ਰੀਦਕੋਟ ਦੀ ਨਿਗਰਾਨੀ ਹੇਠ ਹੋਈ। ਇਸ ਮੌਕੇ ਉਨ੍ਹਾਂ ਨਾਲ ਸ੍ਰੀ ਸ਼ਮਸ਼ੇਰ ਸਿੰਘ ਡੀ.ਐਸ.ਪੀ (ਸਥਾਨਕ) ਵੀ ਮੌਜੂਦ ਸਨ। ਸ੍ਰੀ ਸੰਦੀਪ ਕੁਮਾਰ ਐਸ.ਪੀ (ਇਨਵੈਸਟੀਗੇਸ਼ਨ) ਨੇ ਦੱਸਿਆ ਕਿ ਇਹ ਚੈੱਕਿੰਗ ਕਿਸੇ ਵੀ ਗੈਰ ਕਾਨੂੰਨੀ ਚੀਜ ਜਾਂ ਨਸ਼ੀਲੇ ਪਦਾਰਥ ਦੀ ਚੈਕਿੰਗ ਤੇ ਜੇਲ੍ਹ ਦੇ ਅੰਦਰ ਸੁਰੱਖਿਆ ਪ੍ਰਬੰਧਾਂ ਦੀ ਚੈਕਿੰਗ ਲਈ ਕੀਤੀ ਗਈ। ਇਹ ਮੁਹਿੰਮ ਗੁਪਤ ਰੱਖੀ ਗਈ ਤਾਂ ਜੁ ਕੋਈ ਸ਼ਰਾਰਤੀ ਤੱਤ ਇਸ ਦੀ ਜਾਣਕਾਰੀ ਲੈ ਕੇ ਬਚ ਨਾ ਸਕਣ। ਇਸ ਦੇ ਨਾਲ ਹੀ ਉਨ੍ਹਾਂ ਦੱਸਿਆ ਕਿ ਔਰਤਾਂ ਦੀ ਗੋਪਨੀਯਤਾ ਤੇ ਪ੍ਰੋਟੋਕੋਲ ਨੂੰ ਧਿਆਨ ਵਿਚ ਰੱਖਦਿਆਂ, ਮਹਿਲਾ ਪੁਲਸ ਮੁਲਾਜਮਾਂ ਵੱਲੋਂ ਵੱਖਰੇ ਤੌਰ 'ਤੇ ਔਰਤਾਂ ਵਾਲੀਆਂ ਬੈਰਕਾਂ ਦੀ ਜਾਂਚ ਕੀਤੀ ਗਈ। ਉਨ੍ਹਾਂ ਦੱਸਿਆ ਕਿ ਅਜਿਹੀਆਂ ਅਚਾਨਕ ਜਾਂਚਾਂ ਜੇਲ ਵਿੱਚ ਬੁਰੇ ਰੁਝਾਨ ਵਾਲੇ ਕੈਦੀਆਂ ਵਿੱਚ ਡਰ ਪੈਦਾ ਕਰਦੀਆਂ ਹਨ, ਜਿਸ ਨਾਲ ਗੈਰਕਾਨੂੰਨੀ ਸਰਗਰਮੀਆਂ ਨੂੰ ਰੋਕਣ ਵਿੱਚ ਮੱਦਦ ਮਿਲਦੀ ਹੈ। ਉਨ੍ਹਾਂ ਦੱਸਿਆ ਕਿ ਅਜਿਹੀਆਂ ਜਾਂਚਾਂ ਨਿਯਮਤ ਤੌਰ 'ਤੇ ਜਾਰੀ ਰਹਿਣਗੀਆਂ। ਉਨ੍ਹਾਂ ਕੈਦੀਆਂ ਨੂੰ ਵੀ ਅਪੀਲ ਕੀਤੀ ਕਿ ਉਹ ਗ਼ੈਰ ਕਾਨੂੰਨੀ ਗਤੀਵਿਧੀਆਂ ਤੋਂ ਦੂਰ ਰਹਿਣ ਅਤੇ ਆਪਣੀ ਨਿੱਜੀ ਸੁਧਾਰ ਵੱਲ ਧਿਆਨ ਦੇਣ ਤਾਂ ਜੁ ਸਜ਼ਾ ਮੁਕੰਮਲ ਹੋਣ 'ਤੇ ਵਧੀਆ ਜੀਵਨ ਬਤੀਤ ਕਰ ਸਕਣ। ਪੁਲਿਸ ਟੀਮਾਂ ਨੇ ਜੇਲ ਦੀ ਬਾਹਰੀ ਚਾਰਦੀਵਾਰੀ, ਨਿਗਰਾਨੀ ਕੈਮਰੇ ਤੇ ਸੁਰੱਖਿਆ ਪ੍ਰਣਾਲੀਆਂ ਦੀ ਵੀ ਜਾਂਚ ਵੀ ਕੀਤੀ ਗਈ। ਐਸ.ਐਸ.ਪੀ ਫਰੀਦਕੋਟ ਡਾ. ਪ੍ਰਗਿਆ ਜੈਨ ਨੇ ਦੱਸਿਆ ਕਿ ਥਾਣਾ ਇੰਚਾਰਜ ਤੇ ਹੋਰ ਸਬੰਧਤ ਪੁਲਿਸ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਗਏ ਹਨ ਕਿ ਉਹ ਜੇਲ੍ਹ ਦੇ ਆਲੇ-ਦੁਆਲੇ ਰਹਿਣ ਵਾਲੇ ਨਿਵਾਸੀਆਂ ਦਾ ਰਿਕਾਰਡ ਰੱਖਣ ਤਾਂ ਜੁ ਉਹ ਕੈਦੀਆਂ ਜਾਂ ਉਨ੍ਹਾਂ ਦੇ ਸਾਥੀਆਂ ਨਾਲ ਮਿਲ ਕੇ ਜੇਲ ਵਿੱਚ ਨਸ਼ਾ ਜਾਂ ਹੋਰ ਗੈਰ ਕਾਨੂੰਨੀ ਚੀਜਾਂ ਅੰਦਰ ਸੁੱਟਣ ਵਿੱਚ ਸ਼ਾਮਲ ਨਾ ਹੋਣ।

## ਝੋਨੇ ਦੀ ਸਿੱਧੀ ਬਿਜਾਈ ਸਬੰਧੀ ਕਿਸਾਨਾਂ ਲਈ ਚਲਾਈ ਜਾਗਰੂਕਤਾ ਮੁਹਿੰਮ

**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)**-ਮੁੱਖ ਖੇਤਬਾੜੀ ਅਫ਼ਸਰ ਡਾ. ਰਾਜਿੰਦਰ ਕੰਬੋਜ ਦੇ ਦਿਸ਼ਾ-ਨਿਰਦੇਸ਼ਾਂ ਉੱਪਰ ਤੇ ਬਲਾਕ ਖੇਤੀਬਾੜੀ ਅਫਸਰ ਡਾ. ਬਲਦੇਵ ਸਿੰਘ ਦੇ ਸਹਿਯੋਗ ਨਾਲ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਜ਼ਿਲ੍ਹਾ ਫ਼ਾਜ਼ਿਲਕਾ ਵੱਲੋਂ ਝੋਨੇ ਦੀ ਸਿੱਧੀ ਬਿਜਾਈ ਦੀ ਤਕਨੀਕੀ ਜਾਣਕਾਰੀ ਦੇਣ ਲਈ ਪਿੰਡ ਪੱਧਰ ਉੱਪਰ ਕੈਂਪ ਲਾ ਕੇ ਕਿਸਾਨਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ।ਬੀਟੀਐਮ ਰਾਜਦਵਿੰਦਰ ਸਿੰਘ ਨੇ ਕਿਸਾਨਾਂ ਨੂੰ ਦੱਸਿਆ ਕਿ ਕੇਵਲ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਿਫ਼ਾਰਸ਼ ਕਿਸਮਾਂ ਦੀ ਹੀ ਬਿਜਾਈ ਕੀਤੀ ਜਾਵੇ। ਸਿੱਧੀ ਬਿਜਾਈ ਲਈ ਢੁਕਵਾਂ ਸਮਾਂ ਜੂਨ ਦਾ ਪਹਿਲਾ ਪੰਦਰਵਾੜਾ ਹੈ ਤੇ ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਲਈ ਢੁਕਵਾਂ ਸਮਾਂ ਜੂਨ ਦਾ ਦੂਜਾ ਪੰਦਰਵਾੜਾ ਹੈ। ਬਿਜਾਈ ਤੋਂ ਪਹਿਲਾਂ ਬੀਜ ਨੂੰ ਸਪਰਿੰਟ ਦਵਾਈ ਤਿੰਨ ਗ੍ਰਾਮ ਪ੍ਰਤੀ ਕਿੱਲੋ ਦੇ ਹਿਸਾਬ ਨਾਲ ਲਾ ਕੇ ਬੀਜ ਦੀ ਸੋਧ ਕਰ ਲਈ ਜਾਵੇ। 8 ਤੋਂ 10 ਕਿਲੋ ਬੀਜ ਪ੍ਰਤੀ ਏਕੜ ਬਿਜਾਈ ਲਈ ਵਰਤਿਆ ਜਾਵੇ।ਬਿਜਾਈ ਤੋਂ ਪਹਿਲਾਂ ਖੇਤ ਨੂੰ ਚੰਗੀ ਤਰ੍ਹਾਂ ਵਾਹ ਕੇ ਲੇਜ਼ਰ ਲੈਵਲ ਕਰ ਲਿਆ ਜਾਵੇ।ਖੇਤ ਵਾਹੁਣ ਸਮੇਂ ਜਿੰਕ ਸਲਫੇਟ 33%6 ਕਿਲੋ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਇਆ ਜਾਵੇ।ਫਾਸਫੋਰਸ ਵਾਲੀ ਖਾਦ ਮਿੱਟੀ ਪਰਖ ਦੇ ਅਧਾਰ ਤੇ ਹੀ ਪਾਈ ਜਾਵੇ।

## ਸਕੂਲ 'ਚ ਸਲੋਗਨ ਚਾਰਟ ਮੁਕਾਬਲਾ ਕਰਾਇਆ

**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)**-ਸਿਹਤ ਤੇ ਪਰਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਦੇ ਨਿਰਦੇਸ਼ਾਂ ਅਨੁਸਾਰ ਵਿਸ਼ਵ ਹਾਈਪਰਟੈਨਸ਼ਨ ਦਿਵਸ ਤਹਿਤ ਇਸ ਸਾਲ ਦੇ ਥੀਮ 'ਆਪਣੇ ਬਲੱਡ ਪ੍ਰੈਸ਼ਰ ਨੂੰ ਸਹੀ ਢੰਗ ਨਾਲ ਮਾਪੋ, ਇਸਨੂੰ ਕੰਟਰੋਲ ਕਰੋ' ਅਧੀਨ ਬਲਾਕ ਵਿੱਚ ਰੋਜ਼ਾਨਾ ਜਾਗਰੂਕਤਾ ਪ੍ਰੋਗਰਾਮ ਆਯੋਜਤ ਕੀਤੇ ਜਾ ਰਹੇ ਹਨ।ਇਹ ਪ੍ਰੋਗਰਾਮ ਸਿਵਲ ਸਰਜਨ ਡਾ. ਰਾਜ ਕੁਮਾਰ, ਸਹਾਇਕ ਸਿਵਲ ਸਰਜਨ ਡਾ. ਰੋਹਿਤ ਗੋਇਲ ਤੇ ਡਾ. ਕਵਿਤਾ ਸਿੰਘ ਦੀ ਅਗਵਾਈ ਹੇਠ ਤੇ ਕਾਰਜਕਾਰੀ ਸੀਨੀਅਰ ਮੈਡੀਕਲ ਅਫ਼ਸਰ ਡਾ. ਪੰਕਜ ਚੌਹਾਨ ਦੀ ਨਿਗਰਾਨੀ ਹੇਠ ਆਯੋਜਤ ਕੀਤੇ ਜਾ ਰਹੇ ਹਨ।ਇਸੇ ਲੜੀ ਦੇ ਤਹਿਤ ਸਰਕਾਰੀ ਹਾਈ ਸਕੂਲ ਚੁਵਾੜਿਆਂ ਵਾਲੀ ਵਿੱਚ ਵਿਦਿਆਰਥੀਆਂ ਵਿੱਚ ਸਿਹਤ ਜਾਗਰੂਕਤਾ ਫੈਲਾਉਣ ਲਈ 'ਹਾਈਪਰਟੈਨਸ਼ਨ 'ਤੇ ਸਲੋਗਨ ਚਾਰਟ ਮੁਕਾਬਲਾ' ਆਯੋਜਤ ਕੀਤਾ ਗਿਆ।

## ਸੰਵਿਧਾਨ ਬਚਾਓ ਰੈਲੀ ਹੁਣ 31 ਨੂੰ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਕਾਂਗਰਸ ਵੱਲੋਂ ਜ਼ਿਲ੍ਹਾ ਪੱਧਰ 'ਤੇ 29 ਮਈ ਨੂੰ ਹੋਣ ਜਾ ਰਹੀ ਸੰਵਿਧਾਨ ਬਚਾਓ ਰੈਲੀ ਹੁਣ 31 ਮਈ ਨੂੰ ਪਟਿਆਲਾ-ਰਾਜਪੁਰਾ ਰੋਡ 'ਤੇ ਸਥਿਤ ਫੋਰਟ ਪਟਿਆਲਾ ਪੈਲੇਸ ਵਿੱਚ ਕਰਾਈ ਜਾਵੇਗੀ। ਲੁਧਿਆਣਾ ਤੋਂ ਕਾਂਗਰਸ ਦੇ ਉਮੀਦਵਾਰ ਭਾਰਤ ਭੂਸ਼ਣ ਆਸ਼ੂ ਦੇ ਲੁਧਿਆਣਾ ਜ਼ਿਮਨੀ ਚੋਣ ਲਈ 29 ਮਈ ਨੂੰ ਕਾਗਜ਼ ਦਾਖਲ ਕਰਨ ਦੇ ਕਾਰਨ ਪਟਿਆਲਾ ਵਿਖੇ 31 ਮਈ ਨੂੰ ਹੋਵੇਗੀ। ਰੈਲੀ ਵਾਲੀ ਥਾਂ ਦਾ ਜਾਇਜ਼ਾ ਲੈਣ ਲਈ ਸਾਬਕਾ ਵਿਧਾਇਕ ਕੁਲਜੀਤ ਸਿੰਘ ਨਾਗਰਾ ਤੇ ਮਦਨ ਲਾਲ ਜਲਾਲਪੁਰ ਪਟਿਆਲਾ ਫੋਰਟ ਪੈਲੇਸ ਵਿਖੇ ਪਹੁੰਚੇ, ਜਿੱਥੇ ਉਨ੍ਹਾਂ ਸਾਰੀਆਂ ਤਿਆਰੀਆਂ ਦਾ ਜਾਇਜ਼ਾ ਲਿਆ।ਇਸ ਮੌਕੇ ਪਟਿਆਲਾ ਸ਼ਹਿਰੀ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਨਰੇਸ਼ ਦੁੱਗਲ, ਵਿਸ਼ਨੂੰ ਸ਼ਰਮਾ ਤੇ ਆਲ ਇੰਡੀਆ ਕਿਸਾਨ ਕਾਂਗਰਸ ਦੇ ਜਨਰਲ ਸਕੱਤਰ ਗੌਰਵ ਸੰਧੂ ਵੀ ਸਨ। ਇਸ ਮੌਕੇ ਕੁਲਜੀਤ ਸਿੰਘ ਨਾਗਰਾ ਤੇ ਮਦਨ ਲਾਲ ਜਲਾਲਪੁਰ ਨੇ ਕਿਹਾ ਕਿ ਭਾਜਪਾ ਨੂੰ ਸੰਵਿਧਾਨ ਨਾਲ ਕਿਸੇ ਵੀ ਕੀਮਤ 'ਤੇ ਛੇੜਛਾੜ ਨਹੀਂ ਕਰਨ ਦਿੱਤੀ ਜਾਵੇਗੀ।ਉਨ੍ਹਾਂ ਕਿਹਾ ਕਿ ਭਾਜਪਾ ਆਪਣੇ ਨਿੱਜ ਮਨਸੂਬਿਆਂ ਨੂੰ ਪੂਰਾ ਕਰਨ ਲਈ ਸੰਵਿਧਾਨ ਨਾਲ ਛੇੜਛਾੜ ਕਰ ਰਹੀ ਹੈ, ਪਰ ਕਾਂਗਰਸ ਰਾਹੁਲ ਗਾਂਧੀ ਦੀ ਅਗਵਾਈ ਹੇਠ ਭਾਜਪਾ ਦੇ ਇਸ ਮਨਸੂਬੇ ਨੂੰ ਕਦੇ ਵੀ ਪੂਰਾ ਨਹੀਂ ਹੋਣ ਦੇਵੇਗੀ। ਉਨ੍ਹਾਂ ਕਿਹਾ ਕਿ ਇਸ ਰੈਲੀ ਨੂੰ ਲੈ ਕੇ ਲੋਕਾਂ ਵਿੱਚ ਵੱਡਾ ਉਤਸ਼ਾਹ ਹੈ, ਕਿਉਂਕਿ ਭਾਜਪਾ ਵੱਲੋਂ ਜਿਸ ਤਰ੍ਹਾਂ ਪਿਛਲੇ 12 ਸਾਲਾਂ ਦੌਰਾਨ ਦੇਸ਼ ਨੂੰ ਲੁੱਟਿਆ ਗਿਆ ਤੇ ਅੰਤਰਰਾਸ਼ਟਰੀ ਪੱਧਰ 'ਤੇ ਦੇਸ਼ ਦੀ ਸਾਖ ਨੂੰ ਖਤਮ ਕਰ ਦਿੱਤਾ। ਲੋਕ ਭਾਜਪਾ ਨੂੰ ਸੱਤਾ ਤੋਂ ਲਾਂਭੇ ਕਰਨਾ ਚਾਹੁੰਦੇ ਹਨ।

# ਖੇਤੀਬਾੜੀ ਵਿਭਾਗ ਨੇ ਝੋਨੇ ਦੀ ਸਿੱਧੀ ਬਿਜਾਈ ਸੰਬੰਧੀ ਕਿਸਾਨਾਂ ਲਈ ਚਲਾਈ ਜਾਗਰੂਕਤਾ ਮੁਹਿੰਮ

**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)**

ਮੁੱਖ ਖੇਤਬਾੜੀ ਅਫ਼ਸਰ ਡਾ ਰਾਜਿੰਦਰ ਕੰਬੋਜ ਦੇ ਦਿਸ਼ਾ ਨਿਰਦੇਸ਼ਾਂ ਉੱਪਰ ਤੇ ਬਲਾਕ ਖੇਤੀਬਾੜੀ ਅਫ਼ਸਰ ਡਾ. ਬਲਦੇਵ ਸਿੰਘ ਦੇ ਸਹਿਯੋਗ ਨਾਲ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਜ਼ਿਲ੍ਹਾ ਫ਼ਾਜ਼ਿਲਕਾ ਵੱਲੋਂ ਝੋਨੇ ਦੀ ਸਿੱਧੀ ਬਿਜਾਈ ਦੀ ਤਕਨੀਕੀ ਜਾਣਕਾਰੀ ਦੇਣ ਲਈ ਪਿੰਡ ਪੱਧਰ ਉੱਪਰ ਕੈਂਪ ਲਾ ਕੇ ਕਿਸਾਨਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ।ਬੀਟੀਐਮ ਰਾਜਦਵਿੰਦਰ ਸਿੰਘ ਨੇ ਦੱਸਿਆ ਕਿ ਕੇਵਲ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਿਫ਼ਾਰਸ਼ ਕਿਸਮਾਂ ਦੀ ਹੀ ਬਿਜਾਈ ਕੀਤੀ ਜਾਵੇ।

ਸਿੱਧੀ ਬਿਜਾਈ ਲਈ ਢੁਕਵਾਂ ਸਮਾਂ ਜੂਨ ਦਾ ਪਹਿਲਾ ਪੰਦਰਵਾੜਾ ਹੈ ਤੇ ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਲਈ ਢੁਕਵਾਂ ਸਮਾਂ ਜੂਨ ਦਾ ਦੂਜਾ ਪੰਦਰਵਾੜਾ ਹੈ।ਬਿਜਾਈ ਤੋਂ ਪਹਿਲਾਂ ਬੀਜ ਨੂੰ ਸਪਰਿੰਟ ਦਵਾਈ ਤਿੰਨ ਗ੍ਰਾਮ ਪ੍ਰਤੀ ਕਿੱਲੋ ਦੇ ਦੇ ਹਿਸਾਬ ਨਾਲ ਲਾ ਕੇ ਬੀਜ ਦੀ ਸੋਧ ਕਰ ਲਈ ਜਾਵੇ 8 ਤੋਂ 10 ਕਿਲੋ ਬੀਜ ਪ੍ਰਤੀ ਏਕੜ ਬਿਜਾਈ ਲਈ ਵਰਤਿਆ ਜਾਵੇ।

ਬਿਜਾਈ ਤੋਂ ਪਹਿਲਾਂ ਖੇਤ ਨੂੰ ਚੰਗੀ ਤਰ੍ਹਾਂ ਵਾਹ ਕੇ ਲੇਜ਼ਰ ਲੈਵਲ ਕਰ ਲਿਆ ਜਾਵੇ।ਖੇਤ ਵਾਹੁਣ ਸਮੇਂ ਜਿੰਕ ਸਲਫੇਟ 33%6 ਕਿਲੋ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਇਆ ਜਾਵੇ।ਫਾਸਫੋਰਸ ਵਾਲੀ ਖਾਦ ਮਿੱਟੀ ਪਰਖ ਦੇ ਅਧਾਰ 'ਤੇ ਹੀ ਪਾਈ ਜਾਵੇ।ਸੁੱਕੇ ਖੇਤ ਵਿੱਚ ਸਿੱਧੀ ਬਿਜਾਈ ਤੋਂ ਬਾਅਦ ਖੇਤ ਨੂੰ ਤੁਰੰਤ ਪਾਣੀ ਲਾਇਆ ਜਾਵੇ ਤੇ ਵੱਤਰ ਆਉਣ ਉੱਪਰ ਪੈਡੀਮੈਥਾਲੀਨ ਇਕ ਲੀਟਰ ਪ੍ਰਤੀ ਏਕੜ ਦੇ ਹਿਸਾਬ ਨਾਲ 200 ਲੀਟਰ ਪਾਣੀ ਵਿੱਚ ਮਿਲਾ ਕੇ ਸਪਰੇਅ ਕੀਤੀ ਜਾਵੇ।ਜਦ ਤੱਕ ਬੀਜ ਉੱਗ ਨਹੀਂ ਜਾਂਦਾ ਤਦ ਤੱਕ ਦੋ ਤੋਂ ਤਿੰਨ ਦਿਨ ਦੇ ਵਕਫੇ ਤੇ ਪਾਣੀ ਲਾਏ ਜਾਣ ਅਤੇ ਬੀਜ ਉਗ ਜਾਣ ਤੋਂ ਬਾਅਦ ਪੰਜ ਤੋਂ ਸੱਤ ਦਿਨਾਂ ਦੇ ਵਕਫ਼ੇ ਤੇ ਖੇਤ ਦੀ ਮਿੱਟੀ ਦੇ ਅਨੁਸਾਰ ਪਾਣੀ ਲਾਏ ਜਾਣ।ਤਰਵੱਤਰ ਖੇਤ ਵਿੱਚ ਬਜਾਈ ਤੋਂ ਬਾਅਦ ਤੁਰੰਤ ਪੈਂਡਿਮੈਥਾਲੀਨ ਦਾ ਸਪਰੇਅ ਕੀਤਾ ਜਾਵੇ ਤੇ ਪਹਿਲਾ ਪਾਣੀ 21 ਦਿਨ ਬਾਅਦ ਲਾਇਆ ਜਾਵੇ।

ਪਰਮਲ ਝੋਨੇ ਨੂੰ 130 ਕਿਲੋ ਯੂਰੀਆ 3 ਬਰਾਬਰ ਕਿਸ਼ਤਾਂ ਵਿੱਚ ਚੌਥੇ ਹਫ਼ਤੇ ਛੇਵੇਂ ਹਫ਼ਤੇ ਤੇ ਨੌਵੇਂ ਹਫ਼ਤੇ ਪਾਈ ਜਾਵੇ।ਬਾਸਮਤੀ ਦੀ ਸਿੱਧੀ ਬਿਜਾਈ ਦੀ ਫ਼ਸਲ ਨੂੰ 54 ਕਿਲੋ ਯੂਰੀਆ ਬਿਜਾਈ ਤੋਂ ਤੀਜੇ ਹਫ਼ਤੇ ਛੇਵੇਂ ਹਫ਼ਤੇ ਅਤੇ ਨੌਵੇਂ ਹਫਤੇ ਪਾਈ ਜਾਵੇ।ਜੇਕਰ ਫਸਲ ਵਿੱਚ ਲੋਹੇ ਦੀ ਘਾਟ ਨਜ਼ਰ ਆਵੇ ਤਾਂ ਫੈਰਸ ਸਲਫੇਟ ਦੇ ਤਿੰਨ ਛੜਕਾ ਹਫਤੇ ਹਫਤੇ ਦੇ ਵਕਫ਼ੇ 'ਤੇ ਕਰਨੇ ਚਾਹੀਦੇ ਹਨ।

# ਅਧਿਆਪਕ ਜਥੇਬੰਦੀਆਂ ਵੱਲੋਂ ਬੇਰੁਜ਼ਗਾਰ ਅਧਿਆਪਕ ਕੁੜੀਆਂ ਦੇ ਘਰ ਅੱਗੇ ਧਰਨਾ ਲਾਉਣ ਦਾ ਤਿੱਖਾ ਵਿਰੋਧ

**ਮਾਨਸਾ (ਆਤਮਾ ਸਿੰਘ ਪਮਾਰ)**-ਪਿੰਡ ਦਲੇਲ ਸਿੰਘ ਵਾਲਾ ਵਿਖੇ ਅਖੌਤੀ ਸਿੱਖਿਆ ਕ੍ਰਾਂਤੀ ਦਾ ਉਦਘਾਟਨ ਕਰਨ ਪਹੁੰਚੇ ਹਲਕਾ ਮਾਨਸਾ ਦੇ ਵਿਧਾਇਕ ਡਾ. ਵਿਜੇ ਸਿੰਗਲਾ ਤੋਂ 5994 ਬੇਰੁਜ਼ਗਾਰ ਯੂਨੀਅਨ ਦੇ ਮੁੰਡੇ ਤੇ ਕੁੜੀਆਂ ਨੇ ਆਪਣੀ ਭਰਤੀ ਸੰਬੰਧੀ ਜਦੋਂ ਸਵਾਲ ਕੀਤੇ ਤਾਂ ਪੁਲਸ ਤੇ ਪਾਰਟੀ ਵਰਕਰਾਂ ਵੱਲੋਂ ਇਨ੍ਹਾਂ ਦੇ ਆਗੂ ਅਜੀਤ ਸਿੰਘ ਨੂੰ ਧੱਕਾਮੁੱਕੀ ਕਰਕੇ ਪ੍ਰੋਗਰਾਮ ਚੋਂ ਬਾਹਰ ਕੱਢ ਕੇ ਥਾਣੇ ਬੰਦ ਕਰ ਦਿੱਤਾ। ਪਿੰਡ ਦਲੇਲ ਸਿੰਘ ਵਾਲਾ ਦੇ ਆਮ ਆਦਮੀ ਪਾਰਟੀ ਦੇ ਵਰਕਰਾਂ ਵੱਲੋਂ ਸਵਾਲ ਪੁੱਛਣ ਵਾਲੀਆਂ ਬੇਰੁਜ਼ਗਾਰ ਅਧਿਆਪਕ ਕੁੜੀਆਂ ਦੇ ਘਰ ਅੱਗੇ ਧਰਨਾ ਵੀ ਲਾ ਦਿੱਤਾ ਹੈ।ਉਨ੍ਹਾਂ ਕਿਹਾ ਕਿ ਅਜੀਤ ਸਿੰਘ ਸਮੇਤ ਸਾਰੀਆਂ ਕੁੜੀਆਂ ਵਿਧਾਇਕ ਸਿੰਗਲਾ ਤੋਂ ਮੁਆਫ਼ੀ ਮੰਗਣ।

ਉਪਰੋਕਤ ਘਟਨਾਕ੍ਰਮ ਦੀ ਸਖਤੀ ਨਾਲ ਨਿੰਦਾ ਕਰਦਿਆਂ ਮਾਨਸਾ ਜ਼ਿਲ੍ਹੇ ਦੀਆਂ ਸਮੂਹ ਅਧਿਆਪਕ ਜੱਥੇਬੰਦੀਆਂ ਵੱਲੋਂ ਇਸ ਨੂੰ ਲੋਕਤੰਤਰ ਦਾ ਘਾਣ ਕਰਾਰ ਦਿੱਤਾ ਹੈ। ਜੀ.ਟੀ.ਯੂ ਦੇ ਨਰਿੰਦਰ ਮਾਖਾ, ਡੀ.ਟੀ.ਐਫ਼ ਦੇ ਕਰਮਜੀਤ ਤਾਮਕੋਟ, ਡੀ.ਟੀ.ਐਫ਼ ਦੇ ਅਮੋਲਕ ਡੇਲੂਆਣਾ ਤੇ ਬੀ.ਐੱਡ ਅਧਿਆਪਕ ਫ਼ਰੰਟ ਦੇ ਦਰਸ਼ਨ ਅਲੀਸ਼ੇਰ ਨੇ ਇਸ ਘਟਨਾ ਨੂੰ ਮੰਦਭਾਗਾ ਕਰਾਰ ਦਿੰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਲੋਕਾਂ ਦਾ ਗਲਾ ਘੁਟਣ 'ਚ ਕੋਈ ਕਸਰ ਬਾਕੀ ਨਹੀਂ ਛੱਡੀ। ਉਨ੍ਹਾਂ ਕਿਹਾ ਲੋਕਤੰਤਰਿਕ ਦੇਸ਼ਾਂ ਵਿੱਚ ਸੰਵਿਧਾਨ ਲੋਕਾਂ ਨੂੰ ਸਵਾਲ ਪੁੱਛਣ ਦਾ ਹੱਕ ਦਿੰਦਾ ਹੈ ਤੇ ਆਮ ਆਦਮੀ ਪਾਰਟੀ ਦੇ ਮੁੱਖ ਮੰਤਰੀ ਸਰਕਾਰ ਬਣਨ ਤੋਂ ਪਹਿਲਾਂ ਪਿੰਡਾਂ ਚ ਜਾ ਕੇ ਲੋਕਾਂ ਨੂੰ ਨੇਤਾਵਾਂ ਤੋਂ ਸਵਾਲ ਪੁੱਛਣ ਲਈ ਕਹਿੰਦੇ ਰਹੇ ਹਨ। ਇਸ ਤਰ੍ਹਾਂ ਸਵਾਲ ਪੁੱਛਣ ਵਾਲੇ ਬੇਰੁਜ਼ਗਾਰ ਅਧਿਆਪਕਾਂ ਨੂੰ ਮਾਫ਼ੀ ਮੰਗਣ ਲਈ ਦਬਾਅ ਬਣਾਉਣਾ ਲੋਕਾਂ ਦੇ ਹੱਕਾਂ ਤੇ ਨੰਗਾ ਚਿੱਟਾ ਡਾਕਾ ਹੈ ।

ਅਧਿਆਪਕ ਆਗੂਆਂ ਗੁਰਦਾਸ ਬਾਜੇਵਾਲਾ, ਹੰਸਾ ਸਿੰਘ, ਰਾਜਵਿੰਦਰ ਬੈਹਣੀਵਾਲ ਤੇ ਲਖਵਿੰਦਰ ਮਾਨ ਨੇ ਦੱਸਿਆ ਕਿ ਬੇਰੁਜ਼ਗਾਰ ਅਧਿਆਪਕ ਅਜੀਤ ਸਿੰਘ ਨੂੰ ਉਸਦੇ ਪਿੰਡ ਦੇ ਆਮ ਆਦਮੀ ਦੇ ਵਰਕਰ ਧਮਕੀਆਂ ਦੇ ਰਹੇ ਹਨ, ਜੇ ਉਹ 29 ਤਰੀਕ ਦੇ ਪਿੰਡ ਮੂਲਾ ਸਿੰਘ ਵਾਲਾ ਦੇ ਸਿੱਖਿਆ ਕ੍ਰਾਂਤੀ ਦੇ ਪ੍ਰੋਗਰਾਮ ਵਿੱਚ ਸਵਾਲ ਪੁੱਛੇਗਾ ਤਾਂ ਉਸ 'ਤੇ ਪਰਚਾ ਦਰਜ ਕਰਾਇਆ ਜਾਵੇਗਾ।ਪਾਰਟੀ ਵਰਕਰ ਬੇਰੁਜਗਾਰ ਅਧਿਆਪਕ ਉੱਪਰ ਵੀ ਐੱਮ.ਐੱਲ.ਏ ਤੋਂ ਮਾਫ਼ੀ ਮੰਗਣ ਲਈ ਦਬਾਅ ਬਣਾ ਰਹੇ ਹਨ।

ਅਧਿਆਪਕ ਜਥੇਬੰਦੀਆਂ ਦੇ ਆਗੂਆਂ ਹਰਜਿੰਦਰ ਅਨੂਪਗੜ੍ਹ, ਪਰਮਿੰਦਰ ਮਾਨਸਾ, ਗੁਰਪ੍ਰੀਤ ਦਲੇਲਵਾਲਾ, ਗੁਰਪ੍ਰੀਤ ਭੀਖੀ, ਜਸਵੀਰ ਭੰਮੇ ਨੇ ਕਿਹਾ ਕਿ ਸਮੂਹ ਅਧਿਆਪਕ ਜਥੇਬੰਦੀਆਂ ਬੇਰੁਜ਼ਗਾਰ ਅਧਿਆਪਕਾਂ ਨਾਲ ਡਟ ਕੇ ਖੜੀਆਂ ਹਨ ਤੇ 29 ਤਾਰੀਕ ਨੂੰ ਪਿੰਡ ਮੂਲਾ ਸਿੰਘ ਵਾਲਾ ਵਿੱਚ ਬੇਰੁਜ਼ਗਾਰ ਅਧਿਆਪਕਾਂ ਵੱਲੋਂ ਐੱਮ.ਐੱਲ.ਏ ਤੋਂ ਸਵਾਲ ਪੁੱਛਣ ਸਮੇਂ ਪੂਰਾ-ਪੂਰਾ ਸਾਥ ਦੇਣਗੀਆਂ। ਜਥੇਬੰਦੀਆਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਸਰਕਾਰ ਨੀਂਹ ਪੱਥਰਾਂ ਦੀ ਅਖੌਤੀ ਸਿੱਖਿਆ ਕ੍ਰਾਂਤੀ ਦੀ ਥਾਂ ਅਧਿਆਪਕ ਭਰਤੀ ਕਰੇ, ਕਿਉਂਕਿ ਜ਼ਿਲ੍ਹੇ ਦੇ 73 ਸਕੂਲਾਂ ਵਿੱਚੋ 60 ਸਕੂਲਾਂ ਬਿਨਾਂ ਪ੍ਰਿੰਸੀਪਲਾਂ ਤੋਂ ਹੀ ਚੱਲ ਰਹੇ ਹਨ ਤੇ ਲੈਕਚਰਾਰਾਂ ਤੇ ਅਧਿਆਪਕਾਂ ਦੀ ਸਕੂਲਾਂ ਵਿੱਚ ਭਾਰੀ ਕਮੀ ਪਾਈ ਜਾ ਰਹੀ ਹੈ।ਜਦੋਂ ਉਕਤ ਮਸਲੇ ਸਬੰਧੀ ਹਲਕਾ ਵਿਧਾਇਕ ਡਾ. ਵਿਜੈ ਸਿੰਗਲਾ ਨਾਲ ਗੱਲ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਫੋਨ ਤਾਂ ਅਟੈਂਡ ਕੀਤਾ, ਪ੍ਰੰਤੂ ਸਵਾਲ ਪੁੱਛਦਿਆਂ ਹੀ ਫੋਨ ਬੰਦ ਕਰ ਦਿੱਤਾ।

# ਮੀਰਾ ਕਾਲਜ ਆਫ਼ ਐਜੂਕੇਸ਼ਨ ਦਾ ਬੀ ਐੱਡ ਦਾ ਨਤੀਜਾ ਸ਼ਾਨਦਾਰ

**ਸਰਦੂਲਗੜ੍ਹ (ਅਵਤਾਰ ਜਟਾਣਾ)** ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਐਲਾਨੇ ਬੀ.ਐੱਡ. ਸਮੈਸਟਰ ਤੀਜਾ ਦੇ ਨਤੀਜੇ ਵਿੱਚ ਮੀਰਾ ਕਾਲਜ ਆਫ ਐਜੂਕੇਸ਼ਨ, ਸਰਦੂਲੇਵਾਲਾ ਦਾ ਨਤੀਜਾ ਸ਼ਲਾਘਾਯੋਗ ਰਿਹਾ।ਨਤੀਜੇ ਵਿੱਚ ਪਹਿਲੇ ਸਥਾਨ 'ਤੇ ਨੀਤੀਨ ਕੁਮਾਰ 96%, ਦੂਜੇ ਸਥਾਨ 'ਤੇ ਵਰਿੰਦਰ ਕੁਮਾਰ 95.67%, ਰਾਜਵੀਰ ਕੌਰ 95.67%, ਸੁਖਦੀਪ ਕੌਰ 95.67%, ਗਗਨਦੀਪ ਕੌਰ 95.67% ਤੇ ਤੀਜੇ ਸਥਾਨ 'ਤੇ ਜਗਪਾਲ ਕੌਰ 95.33% ਅੰਕ ਪ੍ਰਾਪਤ ਕਰ ਸੰਸਥਾ ਦਾ ਨਾਂਅ ਰੌਸ਼ਨ ਕੀਤਾ।ਕਾਲਜ ਦੇ ਬਾਕੀ ਸਾਰੇ ਵਿਦਿਆਰਥੀਆਂ ਨੇ 78% ਤੋਂ ਉੱਪਰ ਅੰਕ ਪ੍ਰਾਪਤ ਕੀਤੇ।

ਇਸ ਮੌਕੇ ਕਾਲਜ ਦੀ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਵਿਜੈ ਲਹਿਰੀ ਤੇ ਬਾਕੀ ਮੈਂਬਰ ਸਹਿਬਾਨ ਸਤੀਸ਼ ਲਹਿਰੀ, ਦਰਸ਼ਨ ਗਰਗ, ਰਜਿੰਦਰ ਗਰਗ, ਮਹੇਸ਼ ਗਰਗ, ਨਰੇਸ਼ ਲਹਿਰੀ, ਪ੍ਰਵੀਨ ਲਹਿਰੀ ਅਤੇ ਕਾਲਜ ਦੇ ਪ੍ਰਿੰਸੀਪਲ ਡਾ. ਰਾਕੇਸ਼ ਦੂਬੇ ਨੇ ਸਾਰੇ ਵਿਦਿਆਰਥੀਆਂ ਤੇ ਸਮੂਹ ਸਟਾਫ਼ ਨੂੰ ਚੰਗੇ ਨਤੀਜੇ ਦੀ ਵਧਾਈ ਦਿੱਤੀ।

# ਸੱਭਿਆਚਾਰਕ ਤੇ ਸਨਮਾਨ ਸਮਾਰੋਹ 31 ਨੂੰ

**ਸੰਗਰੂਰ (ਪ੍ਰਵੀਨ ਸਿੰਘ)**

ਵੱਖ-ਵੱਖ ਸਰਕਾਰੀ, ਅਰਧ ਸਰਕਾਰੀ ਵਿਭਾਗਾਂ, ਜੁਡੀਸ਼ਰੀ ਤੇ ਬੈਂਕਾਂ ਵਿੱਚੋਂ ਸੇਵਾ ਮੁਕਤ ਹੋਏ ਅਧਿਕਾਰੀਆਂ ਤੇ ਕਰਮਚਾਰੀਆਂ ਦੀ ਸਮਾਜ ਸੇਵੀ ਸੰਸਥਾ ਸੰਗਰੂਰ ਸੋਸ਼ਲ ਵੈੱਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਤੇ ਸੂਬਾਈ ਪੈਨਸ਼ਨਰ ਆਗੂ ਰਾਜ ਕੁਮਾਰ ਅਰੋੜਾ ਨੇ ਦੱਸਿਆ ਕਿ ਐਸੋਸੀਏਸ਼ਨ ਵੱਲੋਂ ਸੱਭਿਆਚਾਰਕ ਤੇ ਸਨਮਾਨ ਸਮਾਰੋਹ 31 ਮਈ ਨੂੰ ਸਵੇਰੇ 10:30 ਵਜੇ ਜ਼ਿਲ੍ਹਾ ਪੈਨਸ਼ਨਰ ਭਵਨ ਤਹਿਸੀਲ ਕੰਪਲੈਕਸ ਵਿਖੇ ਹੋਵੇਗਾ।

ਇਸ ਮੌਕੇ ਚੇਅਰਮੈਨ ਸ੍ਰੀ ਰਵਿੰਦਰ ਗੁੱਡੂ, ਵਾਇਸ ਚੇਅਰਮੈਨ ਲਾਲ ਚੰਦ ਸੈਣੀ, ਸੀਨੀਅਰ ਮੀਤ ਪ੍ਰਧਾਨ ਜਸਵੀਰ ਸਿੰਘ ਖ਼ਾਲਸਾ, ਕਰਨੈਲ ਸਿੰਘ ਸੇਖੋਂ, ਓਮ ਪ੍ਰਕਾਸ਼ ਖਿੱਪਲ, ਕਿਸ਼ੋਰੀ ਲਾਲ ਡਾ: ਮਨਮੋਹਨ ਸਿੰਘ, ਰਜਿੰਦਰ ਸਿੰਘ ਚੰਗਾਲ, ਰਜਿੰਦਰ ਗੋਇਲ ਮੁਖ, ਸਲਾਹਕਾਰ ਆਰ ਐੱਲ ਪਾਂਧੀ, ਜਨਰਲ ਸਕੱਤਰ ਕੰਵਲਜੀਤ ਸਿੰਘ, ਵਿੱਤ ਸਕੱਤਰ ਸੁਰਿੰਦਰ ਸਿੰਘ ਸੋਢੀ, ਸਕੱਤਰ ਜਨਰਲ ਤਿਲਕ ਰਾਜ ਸਤੀਜਾ ਤੋਂ ਇਲਾਵਾ ਅਸ਼ੋਕ ਡੱਲਾ ਤੇ ਮਹਿੰਦਰ ਸਿੰਘ ਢੀਂਡਸਾ ਮੌਜੂਦ ਸਨ।

## ਮਹਿੰਦਰ ਭਗਤ ਨੇ ਜਵਾਹਰ ਕੈਂਪ ਦੇ ਇੰਚਾਰਜਾਂ ਨਾਲ ਕੀਤੀ ਮੀਟਿੰਗ

**ਲੁਧਿਆਣਾ (ਰੈਕਟਰ ਕਥੂਰੀਆ)** ਲੁਧਿਆਣਾ ਪੱਛਮੀ ਉਪ ਚੋਣ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੰਜੀਵ ਅਰੋੜਾ ਦੇ ਚੋਣ ਪ੍ਰਚਾਰ ਨੂੰ ਹੋਰ ਤੇਜ਼ੀ ਦੇਣ ਲਈ ਪੰਜਾਬ ਦੇ ਬਾਗਬਾਨੀ, ਸੁਤੰਤਰਤਾ ਸੈਨਾਨੀ ਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਸ੍ਰੀ ਮੋਹਿੰਦਰ ਭਗਤ ਨੇ ਵਾਰਡ ਨੰਬਰ 72 ਦੇ ਜਵਾਹਰ ਕੈਂਪ ਦੇ ਇੰਚਾਰਜਾਂ ਨਾਲ ਮੀਟਿੰਗ ਕੀਤੀ ਤੇ ਉਨ੍ਹਾਂ ਨੂੰ ਨਾਲ ਲੈ ਕੇ ਇਲਾਕੇ ਵਿੱਚ ਘਰ-ਘਰ ਚੋਣ ਪ੍ਰਚਾਰ ਕੀਤਾ।

ਸ੍ਰੀ ਭਗਤ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਨੀਤੀਆਂ ਤੋਂ ਲੋਕ ਕਾਫੀ ਪ੍ਰਭਾਵਿਤ ਹਨ ਅਤੇ ਚੋਣ ਪ੍ਰਚਾਰ ਦੌਰਾਨ ਲੋਕਾਂ ਵਲੋਂ ਭਰਪੂਰ ਪਿਆਰ ਤੇ ਸਮਰਥਨ ਮਿਲ ਰਿਹਾ ਹੈ। ਉਨ੍ਹਾਂ ਦੱਸਿਆ ਕਿ ਭਗਵੰਤ ਮਾਨ ਸਰਕਾਰ ਵਲੋਂ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਚਲਾਏ ਜਾ ਰਹੇ ਯੁੱਧ ਪੱਧਰੀ ਮੁਹਿੰਮ ਵਿੱਚ ਲੋਕਾਂ ਦੀ ਭਾਗੀਦਾਰੀ ਕਾਰਨ ਇਹ ਮੁਹਿੰਮ ਕਾਮਯਾਬ ਹੋ ਰਹੀ ਹੈ। ਸ੍ਰੀ ਭਗਤ ਨੇ ਕਿਹਾ ਕਿ ਸੰਜੀਵ ਅਰੋੜਾ ਦੀ ਜਿੱਤ ਤਾਂ ਪਹਿਲਾਂ ਤੋਂ ਹੀ ਨਿਸਚਿਤ ਹੈ, ਹੁਣ ਦੇਖਣਾ ਇਹ ਹੈ ਕਿ ਉਹ ਇਹ ਸੀਟ ਕਿੰਨੇ ਵੱਡੇ ਮਾਰਜਨ ਨਾਲ ਜਿੱਤਦੇ ਹਨ। ਇਸ ਮੌਕੇ ਮੰਤਰੀ ਨਾਲ ਚੇਅਰਮੈਨ ਸੁਭਾਸ ਭਗਤ, ਸੁਦੇਸ ਭਗਤ,ਸੀਨੀਅਰ ਪਾਰਟੀ ਵਰਕਰ ਅਤੁਲ ਭਗਤ, ਅਰੁਣ ਮਲਹੋਤਰਾ, ਕੌਂਸਲਰ ਕਪਿਲ ਸੋਨੂੰ ਤੇ ਹੋਰ ਵੀ ਪਾਰਟੀ ਦੇ ਆਗੂ ਮੌਜੂਦ ਸਨ।

## ਵਿਕਾਸ ਮਿਸ਼ਨ ਦੇ ਪੁਨਰਗਠਨ ਸੰਬੰਧੀ ਮੀਟਿੰਗ ਅੱਜ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸਮਾਜ ਦੇ ਭਲੇ ਤੇ ਵਿਕਾਸ ਨੂੰ ਸਮਰਪਤ ਪ੍ਰਮੁੱਖ ਵਰਕਿੰਗ ਗੈਰ-ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਦੀ ਵਿਸ਼ੇਸ਼ ਮੀਟਿੰਗ 28 ਮਈ ਸ਼ਾਮ 7:30 ਵਜੇ ਸਿਟੀ ਹੋਟਲ ਵਿਖੇ ਹੋਵੇਗੀ।ਮੀਟਿੰਗ ਦੌਰਾਨ ਮਿਸ਼ਨ ਦਾ ਪੁਨਰ ਗਠਨ ਕੀਤਾ ਜਾਵੇਗਾ ਤੇ ਗਵਰਨਿੰਗ ਬਾਡੀ ਬਣਾਈ ਜਾਵੇਗੀ।ਕੁਝ ਨਵੇਂ ਮੈਂਬਰ ਵੀ ਮਿਸ਼ਨ ਵਿੱਚ ਸ਼ਾਮਲ ਕੀਤੇ ਜਾਣਗੇ।ਇਹ ਜਾਣਕਾਰੀ ਦਿੰਦੇ ਹੋਏ ਮਿਸ਼ਨ ਪ੍ਰਧਾਨ ਢੋਸੀਵਾਲ ਨੇ ਦੱਸਿਆ ਕਿ ਉਕਤ ਪੁਨਰ ਗਠਨ ਮੀਟਿੰਗ ਵਿੱਚ ਸ਼ਾਮਲ ਹੋਣ ਵਾਲੇ ਮਿਸ਼ਨ ਮੈਂਬਰ ਹੀ ਗਵਰਨਿੰਗ ਬਾਡੀ ਵਿੱਚ ਸ਼ਾਮਲ ਕੀਤੇ ਜਾਣਗੇ। ਢੋਸੀਵਾਲ ਨੇ ਦੱਸਿਆ ਕਿ ਉਕਤ ਮੀਟਿੰਗ ਵਿੱਚ ਇਸਤਰੀ ਮੈਂਬਰਾਂ ਦੀ ਹਾਜ਼ਰੀ ਜ਼ਰੂਰੀ ਨਹੀਂ ਹੈ।ਉਹ ਫੋਨ 'ਤੇ ਹੀ ਆਪਣੀ ਸ਼ਮੂਲੀਅਤ ਬਾਰੇ ਸੂਚਿਤ ਕਰ ਸਕਦੀਆਂ ਹਨ।ਢੋਸੀਵਾਲ ਨੇ ਮਿਸ਼ਨ ਦੇ ਮਾਧਿਅਮ ਤੋਂ ਸਮਾਜ ਸੇਵਾ ਦਾ ਕਾਰਜ ਕਰਨ ਵਾਲੇ ਵਿਅਕਤੀਆਂ ਨੂੰ ਮਿਸ਼ਨ ਦੇ ਨਵੇਂ ਮੈਂਬਰ ਬਣਨ ਦਾ ਖੁੱਲ੍ਹਾ ਸੱਦਾ ਦਿੱਤਾ ਹੈ।ਪ੍ਰਧਾਨ ਢੋਸੀਵਾਲ ਨੇ ਸਮੂਹ ਮਿਸ਼ਨ ਮੈਂਬਰਾਂ ਤੇ ਨਵੇਂ ਮੈਂਬਰ ਬਣਨ ਦੇ ਚਾਹਵਾਨ ਵਿਅਕਤੀਆਂ ਨੂੰ ਮੀਟਿੰਗ ਵਿੱਚ ਸਮੇਂ-ਸਿਰ ਪਹੁੰਚਣ ਦੀ ਅਪੀਲ ਕੀਤੀ ਹੈ।


**ਉੱਤਰ ਰੇਲਵੇ**

**ਈ-ਨਿਵਿਦਾ ਸੂਚਨਾ**

ਸੀਨੀਅਰ ਮੰਡਲ ਯਾਂਤਰਿਕ ਇੰਜੀਨੀਅਰ (ਕੈ ਤੇ ਵੈ) ਫਿਰੋਜਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਟੈਂਡਰ ਬੋਲੀਦਾਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਟੈਂਡਰ ਫਾਰਮ ਦੀ ਬਿਆਨਾ ਰਾਸ਼ੀ ਦੀ ਜਗ੍ਹਾ ਦਾ ਭੁਗਤਾਨ www.ireps.gov.in ਪੋਰਟਲ 'ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਕਿੰਗ, ਡੇਬਿਟ ਕਾਰਡ ਕਰੈਡਿਟ ਕਾਰਡ ਆਦਿ ਦੇ ਭੁਗਤਾਨ ਨਾਲ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜਤ ਨਹੀਂ ਹੈ। ਕੰਮ ਦੀ ਵਿਸਤ੍ਰਿਤ ਜਾਣਕਾਰੀ ਦੇ ਲਈ www.ireps.gov.in 'ਤੇ ਲਾਗ ਇਨ ਕਰੋ।

**ਨਿਵਿਦਾ ਪ੍ਰਕਾਰ:** ਖੁਲ੍ਹਾ, **ਬੋਲੀ ਪ੍ਰਣਾਲੀ:** ਏਕਲ ਪੈਕੇਟ ਪ੍ਰਣਾਲੀ, **ਬੋਲੀ ਅਪਲੋਡ ਕਰਨ ਦੀ ਮਿਤੀ/ ਸਮਾਂ:** 02.05.2025 ਸਮਾਂ 18.04 ਘੰਟੇ, **ਬੋਲੀ ਸਮਾਪਤ ਮਿਤੀ/ਸਮਾਂ :** 19.06.2025 ਸਮਾਂ 15.00 ਵਜੇ, **ਬੋਲੀ ਖੁਲਣ ਦੀ ਮਿਤੀ /ਸਮਾਂ :** 19.06.2025 ਸਮਾਂ 15.05 ਵਜੇ

**ਲੜੀ ਨੰਬਰ 1 ਨਿਵਿਦਾ ਕ੍ਰਮਾਂਕ:** 03-2025-Laundry ASR **ਨਿਵਿਦਾ ਦਾ ਵੇਰਵਾ:** ਅੰਮ੍ਰਿਤਸਰ ਕੋਚਿੰਗ ਡਿਪੋ ਵਿਚ ਲਿਨਨ ਪ੍ਰਬੰਧਨ ਸੁਵਿਧਾਵਾਂ ਦੇ ਲਈ ਬੁਨਿਆਦੀ ਢਾਂਚੇ ਦੀ ਸਥਾਪਨਾ। ਵਿਗਿਆਪਨ ਮੁੱਲ: 23197754.90/- **ਬਿਆਨਾ ਰਾਸ਼ੀ :** 266000/- **ਆਫਰ ਦੀ ਵੈਲੇਡਿਟੀ:** 45 ਦਿਨ, **ਕੰਮ ਦਾ ਸਮਾਂ :** 180 ਦਿਨ। ਧਨ ਰਾਸ਼ੀ ਅਲਾਟਮੈਂਟ ਨੰਬਰ: 080-593-32 ਵਿਚ ਉਪਲਬਧ ਹੈ। **ਵਧੇਰੇ ਜਾਣਕਾਰੀ ਦੇ ਲਈ ਕਿਰਪਾ** www.ireps.gov.in **'ਤੇ ਲਾਗ ਇਨ ਕਰੋ।** 1559/2025

**ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ**



**ਡਿਮਾਂਡ ਨੋਟਿਸ**

**AXIS BANK** AXIS Bank Ltd. Branch Address: "2nd and 3rd Floor, Property No.7-E, Malhar Road, Sarabha Nagar, Ludhiana -141001
Registered Office: 'Trishul', 3rd Floor, opposite Samartheswar Temple, Law garden, Ellisbridge, Ahmedabad- 380006

**ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ, 2002 ਦੇ ਸੈਕਸ਼ਨ 13 (2) ਅਧੀਨ ਪਬਲਿਕ ਨੋਟਿਸ**

ਇਹ ਜਨਤਾ ਦੀ ਜਾਣਕਾਰੀ ਹਿੱਤ ਨੋਟਿਸ ਹੈ ਕਿ ਹੇਠਾਂ ਵਰਨਣ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਰੰਟਰਾਂ ਨੇ ਬੈਂਕ ਕੋਲੋਂ ਪ੍ਰਾਪਤ ਕੀਤੀ ਕਰਜ਼ਾ ਸਹੂਲਤ ਉਪਰ ਬਣਦੇ ਵਿਆਜ ਅਤੇ ਮੂਲ ਦੋਵਾਂ ਨੂੰ ਮੋੜਨ ਵਿੱਚ ਅਨੇਕਾਂ ਗਲਤੀਆਂ ਕੀਤੀਆਂ ਹਨ। ਅਜਿਹੇ ਵਿੱਚ ਕਰਜ਼ਿਆਂ ਨੂੰ ਨਾਨ-ਪਫਾਰਮਿੰਗ ਐੱਸਟਸ (ਐੱਨ ਪੀ ਏ) ਵਰਗੀਕ੍ਰਿਤ ਕੀਤਾ ਜਾ ਚੁੱਕਾ ਹੈ। ਕਰਜ਼ਦਾਰਾਂ ਨੂੰ ਉਨ੍ਹਾਂ ਦੇ ਆਖਰੀ ਮਲੂਮ ਪਤਿਆਂ ਉਪਰ ਉਪਰੋਕਤ ਵਰਨਣ ਐਕਟ ਦੇ ਸੈਕਸ਼ਨ 13 (2) ਅਧੀਨ ਨੋਟਿਸ ਭੇਜੇ ਗਏ ਸਨ, ਪਰ ਇਹ ਨੋਟਿਸ ਬਿਨਾਂ ਸੇਵਾਵਾਂ ਵਾਪਸ ਆ ਗਏ।

| ਲੜੀ ਨੰ. | ਕਰਜ਼ਦਾਰ/ਸਹਿ-ਕਰਜ਼ਦਾਰ ਅਤੇ ਗਰੰਟਰ ਦਾ ਨਾਂਅ | ਨੋਟਿਸ ਦੀ ਮਿਤੀ / ਐੱਨ ਪੀ ਏ ਦੀ ਮਿਤੀ / ਬਕਾਇਆ ਰਕਮ (ਨੋਟਿਸ ਦੀ ਮਿਤੀ 'ਤੇ) |
|---|---|---|
| 1. | ਮੈਸ: ਨਾਨਕ ਈਜ਼ੀਵੇ ਸ਼ਾਪਿੰਗ ਪੁਆਇੰਟ ਰਾਹੀਂ ਇਸ ਦੇ ਮਾਲਕ ਸ੍ਰੀ ਪਵਨ ਕੁਮਾਰ (2) ਸ੍ਰੀ ਪਵਨ ਕੁਮਾਰ ਪੁੱਤਰ ਨਾਨਕ ਚੰਦ (3) ਸ੍ਰੀ ਵਿਪਨ ਅਰੋੜਾ ਪੁੱਤਰ ਨਾਨਕ ਚੰਦ (4) ਸ੍ਰੀ ਨਾਨਕ ਚੰਦ ਪੁੱਤਰ ਸੰਤ ਰਾਮ | 28-Apr-2025 / 05-Apr-2025 / ਰੁਪਏ 29,00,000/- (ਉਨੱਤੀ ਲੱਖ ਰੁਪਏ ਕੇਵਲ) |

ਜਾਇਦਾਦ ਦਾ ਵੇਰਵਾ : ਨਾਨਕ ਚੰਦ ਪੁੱਤਰ ਸੰਤ ਰਾਮ ਦੇ ਨਾਂਅ 'ਤੇ ਵਪਾਰਕ ਜਾਇਦਾਦ/ਦੁਕਾਨ ਰਕਬਾ 6-3/4 ਮਰਲੇ, ਜੋ ਕਿ ਖਸਰਾ ਨੰ. 238/2, (0-18), 242 (0-9) ਦਾ 1/4 ਹਿੱਸਾ ਹੈ, ਖੇਤਰ ਰਈਆ, ਤਹਿਸੀਲ ਬਾਬਾ ਬਕਾਲਾ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ ਦਾ ਉਚਿਤ ਗਿਰਵੀਨਾਮਾ। ਹੱਦਾਂ : ਉੱਤਰ : ਗਲੀ, ਦੱਖਣ : ਸੜਕ, ਪੂਰਬ : ਪ੍ਰੇਮ ਦੀ ਦੁਕਾਨ/107-3, ਪੱਛਮ : ਭਿੰਡਰ ਮਾਰਕਿਟ

| ਲੜੀ ਨੰ. | ਕਰਜ਼ਦਾਰ/ਸਹਿ-ਕਰਜ਼ਦਾਰ ਅਤੇ ਗਰੰਟਰ ਦਾ ਨਾਂਅ | ਨੋਟਿਸ ਦੀ ਮਿਤੀ / ਐੱਨ ਪੀ ਏ ਦੀ ਮਿਤੀ / ਬਕਾਇਆ ਰਕਮ |
|---|---|---|
| 2. | ਮੈਸ: ਬਲਦੇਵ ਕ੍ਰਿਸ਼ਨ ਨਰੇਸ਼ ਕੁਮਾਰ ਰਾਹੀਂ ਇਸ ਦੇ ਮਾਲਕ ਸ੍ਰੀ ਨਰੇਸ਼ ਕੁਮਾਰ (2) ਸ੍ਰੀ ਨਰੇਸ਼ ਕੁਮਾਰ ਪੁੱਤਰ ਸ੍ਰੀ ਕੀਮਤ ਰਾਏ (3) ਸ੍ਰੀ ਵਿਵੇਕ ਬੱਤਾ ਪੁੱਤਰ ਸ੍ਰੀ ਨਰੇਸ਼ ਕੁਮਾਰ | 21-Apr-2025 / 05-Apr-2025 / ਰੁਪਏ 50,21,458.72/- (ਪੰਜਾਹ ਲੱਖ ਇੱਕੀ ਹਜ਼ਾਰ ਚਾਰ ਸੌ ਅਠਵੰਜਾ ਰੁਪਏ ਅਤੇ ਬਹੱਤਰ ਪੈਸੇ ਕੇਵਲ) |
| 3. | (1) ਮੈਸ: ਨਰੇਸ਼ ਕੰਪਨੀ ਰਾਹੀਂ ਇਸ ਦੇ ਮਾਲਕ (ਭਾਈਵਾਲ) (2) ਸ੍ਰੀ ਨਰੇਸ਼ ਕੁਮਾਰ ... (ਭਾਈਵਾਲ) (3) ਸ੍ਰੀ ... (ਭਾਈਵਾਲ) (4) ਸ੍ਰੀ ... | 28-Apr-2025 / 05-Apr-2025 / ਰੁਪਏ 10,50,324/- (ਦਸ ਲੱਖ ਪੰਜਾਹ ਹਜ਼ਾਰ ਤਿੰਨ ਸੌ ਚੌਵੀ ਰੁਪਏ ਕੇਵਲ) |

ਇਸ ਲਈ, ਇਸ ਜਨਤਕ ਸੂਚਨਾ ਰਾਹੀਂ ਉਪਰੋਕਤ ਕਰਜ਼ਦਾਰਾਂ ਨੂੰ ਨੋਟਿਸ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਬਕਾਇਆ ਰਕਮ ਅਦਾ ਕਰਨ ਲਈ ਕਿਹਾ ਜਾਂਦਾ ਹੈ, ਅਜਿਹਾ ਨਾ ਕਰਨ ਦੀ ਸੂਰਤ ਵਿੱਚ ਐਕਟ, 2002 ਦੇ ਸੈਕਸ਼ਨ 13 (4) ਅਧੀਨ ਕਾਰਵਾਈ ਕੀਤੀ ਜਾਵੇਗੀ ... (8) ਦਾ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ।

ਮਿਤੀ : 28-05-2025, ਸਥਾਨ : ਪੰਜਾਬ ਅਧਿਕਾਰਤ ਅਫਸਰ, ਐਕਸਿਸ ਬੈਂਕ ਲਿਮਿਟਿਡ



**ਉੱਤਰ ਰੇਲਵੇ**

**ਈ-ਨਿਵਿਦਾ ਸੂਚਨਾ**

ਉਪ ਮੁੱਖ ਇੰਜੀਨੀਅਰ/ਪੁਲ/ਕਾਰਜਸ਼ਾਲਾ, ਉਤਰ ਰੇਲਵੇ, ਜਲੰਧਰ ਛਾਉਣੀ ਦੇ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਉਪਰ ਈ-ਟੈਂਡਰ ਨੂੰ ਏਕਲ ਪੈਕਿਟ ਸਿਸਟਮ ਦੇ ਤਹਿਤ ਮੰਗ ਕੀਤੀ ਗਈ ਹੈ।

| ਲੜੀ ਨੰ. | ਨਿਵਿਦਾ ਨੰ. | ਕੰਮ ਦਾ ਵੇਰਵਾ | ਅੰਦਾਜਨ ਲਾਗਤ (ਰੁਪਏ) | ਬਿਆਨਾ ਰਾਸ਼ੀ (ਰੁਪਏ) | ਖੁਲਣ ਦੀ ਮਿਤੀ | IREPS 'ਤੇ ਬੋਲੀ ਲਗਾਉਣ ਦੀ ਮਿਤੀ | ਟੈਂਡਰ ਫਾਰਮ ਦੀ ਲਾਗਤ (ਰੁਪਏ) | ਕੰਮ ਸਮਾਪਤੀ ਦਾ ਸਮਾਂ |
|---|---|---|---|---|---|---|---|---|
| 1. | OT-11-JRC-2025 | ਉਪ ਮੁੱਖ ਇੰਜੀਨੀਅਰ/ਪੁਲ/ਕਾਰਜਸ਼ਾਲਾ, ਉਤਰ ਰੇਲਵੇ, ਜਲੰਧਰ ਛਾਉਣੀ ਦੇ ਅਧਿਕਾਰ ਖੇਤਰ ਦੇ ਤਹਿਤ SNL-ATT ਸੈਕਸ਼ਨ ਤੇ ਪੁਲ ਨੰਬਰ 63 UP ਅਤੇ 63 DN (9x61.0 ਮੀਟਰ) ਤੇ ਜੰਗਾਲ ਲਗੇ ਹੋਏ ਮੈਂਬਰਾਂ ਦਾ ਪ੍ਰਤੀਸਥਾਪਨ ਅਤੇ ਸਾਈਡ ਪਾਥਵੇ ਦਾ ਪ੍ਰਾਵਧਾਨ ਕਰਨਾ। | 7,59,24,770.29 | 5,29,600.00 | 17.06.2025 | 03.06.2025 ਤੋਂ 17.06.2025 | 0 | 08 ਮਹੀਨੇ |
| 2. | OT-12-JRC-2025 | ਉਪ ਮੁੱਖ ਇੰਜੀਨੀਅਰ/ਪੁਲ/ਕਾਰਜਸ਼ਾਲਾ, ਉਤਰ ਰੇਲਵੇ, ਜਲੰਧਰ ਛਾਉਣੀ ਦੇ ਅਧਿਕਾਰ ਖੇਤਰ ਦੇ ਤਹਿਤ SNL-ATT ਸੈਕਸ਼ਨ ਤੇ ਪੁਲ ਨੰਬਰ 5A UP ਅਤੇ 5A DN (11x61.0 ਮੀਟਰ) ਤੇ ਜੰਗਾਲ ਲਗੇ ਹੋਏ ਮੈਂਬਰਾਂ ਦਾ ਪ੍ਰਤੀਸਥਾਪਨ ਅਤੇ ਪੁਲ ਨੰਬਰ 5A DN ਸਾਈਡ ਪਾਥਵੇ ਦਾ ਪ੍ਰਾਵਧਾਨ ਕਰਨਾ। | 7,25,09,122.04 | 5,12,600.00 | 17.06.2025 | 03.06.2025 ਤੋਂ 17.06.2025 | 0 | 08 ਮਹੀਨੇ |
| 3. | OT-13-JRC-2025 | ਉਪ ਮੁੱਖ ਇੰਜੀਨੀਅਰ/ਪੁਲ/ਕਾਰਜਸ਼ਾਲਾ, ਉਤਰ ਰੇਲਵੇ, ਜਲੰਧਰ ਛਾਉਣੀ ਦੇ ਅਧਿਕਾਰ ਖੇਤਰ ਦੇ ਤਹਿਤ ਪੁਲ ਨੰਬਰ 188 UP ਅਤੇ 5A DN (JUC-PTKC) ਅਤੇ ਪੁਲ ਨੰਬਰ 42 UP, 43UP ਅਤੇ 172UP (BHRL-JAT) ਤੇ ਸਾਈਡ ਪਾਥਵੇ ਦਾ ਪ੍ਰਾਵਧਾਨ ਕਰਨਾ। | 6,51,80,747.51 | 4,75,900.00 | 18.06.2025 | 04.06.2025 ਤੋਂ 18.06.2025 | 0 | 08 ਮਹੀਨੇ |
| 4. | OT-14-JRC-2025 | ਉਪ ਮੁੱਖ ਇੰਜੀਨੀਅਰ/ਬ੍ਰਿਜ ਲਾਈਨ/ਉਤਰ ਰੇਲਵੇ, ਜੰਮੂ ਤਵੀ ਦੇ ਅਧਿਕਾਰ ਖੇਤਰ ਦੇ ਤਹਿਤ ਪੁਲ ਨੰਬਰ 12B (10x30.5 ਮੀਟਰ) SGDN-BRML ਸੈਕਸ਼ਨ ਤੇ ਸਾਈਡ ਪਾਥਵੇ ਦਾ ਪ੍ਰਾਵਧਾਨ ਕਰਨਾ। | 1,03,90,446.64 | 2,02,000.00 | 18.06.2025 | 04.06.2025 ਤੋਂ 18.06.2025 | 0 | 06 ਮਹੀਨੇ |

ਨਿਵਿਦਾ ਪੇਸ਼ ਕਰਨ ਅਤੇ ਟੈਂਡਰ ਖੁਲਣ ਦੇ ਲਈ ਮਿਤੀ ਅਤੇ ਸਮਾਂ: ਹਰੇਕ ਦੇ ਖਿਲਾਫ ਦਿਖਾਈਆਂ ਗਈਆਂ ਮਿਤੀਆਂ 'ਤੇ 15:00 ਵਜੇ ਤਕ ਅਤੇ ਉਸ ਸਮੇਂ 15:00 ਵਜੇ ਦੇ ਬਾਅਦ।

ਵੈਬਸਾਈਟ ਵੇਰਵਾ ਜਿਥੋਂ ਟੈਂਡਰ ਦਾ ਪੂਰਾ ਵੇਰਵਾ ਦੇਖਿਆ ਜਾ ਸਕਦਾ ਹੈ ਅਤੇ ਡਾਉਨਲੋਡ ਕੀਤਾ ਜਾ ਸਕਦਾ ਹੈਂ। ਵਿਸਤ੍ਰਿਤ ਈ-ਨਿਵਿਦਾ ਸੂਚਨਾ ਉਤਰੀ ਰੇਲਵੇ ਦੀ ਵੈਬ ਸਾਈਟ www.nr.indianrailways.gov.in ਤੇ ਉਪਲਬਧ ਹੈ ਅਤੇ ਨਿਵਿਦਾ ਦਸਤਾਵੇਜ www.ireps.gov.in ਤੇ ਉਪਲਬਧ ਹੈ।

No. 80-W/30/Bridges/ Invitation Dated: 26.05.2025 1546/25

**ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ**

28 May Page-8.qxd 5/27/2025 11:14 PM Page 1



# ਰੇਲਵੇ ਪੁਲਸ ਸਟੇਸ਼ਨ ਦੇ ਐੱਸ ਐੱਚ ਓ ਵੱਲੋਂ ਔਰਤ ਨਾਲ ਬਦਤਮੀਜ਼ੀ

**ਫਿਲੌਰ (ਬੀ ਐੱਸ ਕੈਨੇਡੀ)**- ਸਥਾਨਕ ਰੇਲਵੇ ਚੌਕੀ ਇੰਚਾਰਜ ਜੋ ਕਿ ਰੈਂਕ ਦਾ ਇੱਕ ਅਧਿਕਾਰੀ ਹੈ, ਨੇ ਡਿਊਟੀ ਦੌਰਾਨ ਸ਼ਰਾਬ ਪੀ ਕੇ ਸਟੇਸ਼ਨ ਤੋਂ ਕੁੱਝ ਦੂਰੀ 'ਤੇ ਲੰਘਦੇ ਸਮੇਂ ਔਰਤ ਨੂੰ ਫੜ ਜ਼ਬਰਦਸਤੀ ਆਪਣੇ ਸਰਕਾਰੀ ਕੁਆਰਟਰ ਵਿੱਚ ਲਿਜਾਣ ਦੀ ਅਸਫਲ ਕੋਸ਼ਿਸ਼ ਕੀਤੀ। ਔਰਤ ਦੀਆਂ ਚੀਕਾਂ ਸੁਣ ਕੇ ਲੋਕਾਂ ਨੇ ਉਸ ਨੂੰ ਸ਼ਰਾਬੀ ਐੱਸ ਐੱਚ ਓ ਕੋਲੋਂ ਛੁਡਵਾ ਲਿਆ। ਸੀਨੀਅਰ ਅਧਿਕਾਰੀਆਂ ਦੀ ਹਾਜ਼ਰੀ ਵਿੱਚ ਐੱਸ.ਐੱਚ.ਓ. ਨੇ ਔਰਤ ਤੋਂ ਮੁਆਫ਼ੀ ਮੰਗੀ ਤਾਂ ਔਰਤ ਨੇ ਸਭ ਦੇ ਸਾਹਮਣੇ ਐੱਸ ਐੱਚ ਓ ਨੂੰ ਉਸ ਦੇ ਇੱਕ ਤੋਂ ਬਾਅਦ ਇੱਕ ਤਿੰਨ ਥੱਪੜ ਮਾਰੇ। ਅਧਿਕਾਰੀਆਂ ਨੇ ਕਿਹਾ ਕਿ ਐੱਸ ਐੱਚ ਓ ਨੂੰ ਮੁਅੱਤਲ ਕਰਕੇ ਲਾਈਨ ਹਾਜ਼ਰ ਕੀਤਾ ਗਿਆ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਮੰਗਲਵਾਰ ਸ਼ਾਮ 6 ਵਜੇ ਸਥਾਨਕ ਰੇਲਵੇ ਪੁਲਸ ਚੌਕੀ ਇੰਚਾਰਜ ਐੱਸ.ਐੱਚ.ਓ. ਰੈਂਕ ਦੇ ਅਫ਼ਸਰ ਦੀਦਾਰ ਸਿੰਘ ਨੇ ਡਿਊਟੀ ਦੌਰਾਨ ਸ਼ਰਾਬ ਪੀਣੀ ਸ਼ੁਰੂ ਕਰ ਦਿੱਤੀ। ਸ਼ਰਾਬ ਪੀਣ ਤੋਂ ਬਾਅਦ ਐੱਸ ਐੱਚ ਓ ਵਰਦੀ ਉਤਾਰ ਜੀਨ ਦੀ ਸ਼ਾਰਟਸ ਅਤੇ ਟੀ-ਸ਼ਰਟ ਪਹਿਨ ਕੇ ਰੇਲਵੇ ਰੋਡ ਪਹੁੰਚਿਆ। ਉਸੇ ਵੇਲੇ, ਜਦੋਂ ਔਰਤ ਆਪਣੀ ਧੀ ਨੂੰ ਟਿਊਸ਼ਨ ਤੋਂ ਲੈਣ ਜਾ ਰਹੀ ਸੀ ਤਾਂ ਐੱਸ ਐੱਚ ਓ ਨੇ ਔਰਤ ਨੂੰ ਰੋਕ ਲਿਆ। ਜਦੋਂ ਉਸ ਨੇ ਦੇਖਿਆ ਕਿ ਆਲੇ-ਦੁਆਲੇ ਕੋਈ ਨਹੀਂ ਸੀ, ਤਾਂ ਉਸ ਨੇ ਔਰਤ ਨੂੰ ਆਪਣੇ ਸਰਕਾਰੀ ਦਫ਼ਤਰ ਦੇ ਅੰਦਰ ਘਸੀਟਣ ਦੀ ਅਸਫਲ ਕੋਸ਼ਿਸ਼ ਕੀਤੀ। ਜਦੋਂ ਔਰਤ ਨੇ ਮਦਦ ਲਈ ਰੌਲਾ ਪਾਇਆ ਤਾਂ ਲੋਕ ਉਸ ਨੂੰ ਬਚਾਉਣ ਲਈ ਅੱਗੇ ਆਏ ਅਤੇ ਉਸ ਨੂੰ ਉਸ ਦੇ ਚੁੰਗਲ ਤੋਂ ਛੁਡਾਇਆ। ਸ਼ਰਾਬੀ ਐੱਸ ਐੱਚ ਓ ਨੇ ਆਪਣੀ ਖਾਕੀ ਵਰਦੀ ਦੀ ਤਾਕਤ ਦੀ ਵਰਤੋਂ ਕਰਕੇ ਲੋਕਾਂ ਨੂੰ ਡਰਾਉਣਾ ਸ਼ੁਰੂ ਕਰ ਦਿੱਤਾ। ਔਰਤ ਨੇ ਫੋਨ



ਕਰਕੇ ਆਪਣੇ ਪਰਵਾਰਕ ਮੈਂਬਰਾਂ ਨੂੰ ਬੁਲਾਇਆ, ਫਿਰ ਐੱਸ ਐੱਚ ਓ ਦੀਦਾਰ ਸਿੰਘ ਵੀ ਪੁਲਸ ਦੀ ਵਰਦੀ ਨਾਲ ਉਨ੍ਹਾਂ ਨੂੰ ਡਰਾਉਂਦਾ ਰਿਹਾ। ਲੁਧਿਆਣਾ ਜ਼ਿਲ੍ਹੇ ਦੇ ਅਧੀਨ ਆਉਣ ਵਾਲੇ ਫਿਲੌਰ ਰੇਲਵੇ ਪੁਲਸ ਸਟੇਸ਼ਨ ਦੇ ਲੋਕਾਂ ਨੇ ਇਸ ਸਬੰਧ ਵਿੱਚ ਡੀ ਐੱਸ ਪੀ ਨੂੰ ਸੂਚਿਤ ਕੀਤਾ ਅਤੇ ਡੀ ਐੱਸ ਪੀ ਨੇ ਇੰਸਪੈਕਟਰ ਪਲਵਿੰਦਰ ਸਿੰਘ ਨੂੰ ਪੁਲਸ ਫੋਰਸ ਨਾਲ ਉੱਥੇ ਪਹੁੰਚੇ। ਜਦੋਂ ਐੱਸ ਐੱਚ ਓ ਨੂੰ ਉਸ ਦੀ ਗਲਤੀ ਦਾ ਅਹਿਸਾਸ ਕਰਵਾਉਣ ਦੀ ਕੋਸ਼ਿਸ਼ ਕੀਤੀ ਗਈ, ਤਾਂ ਉਸ ਨੇ ਸ਼ਰਾਬ ਦੇ ਨਸ਼ੇ ਵਿੱਚ ਔਰਤ ਨਾਲ ਗਲਤ ਗੱਲ ਕੀਤੀ ਅਤੇ ਔਰਤ ਨੇ ਸੀਨੀਅਰ ਪੁਲਸ ਅਧਿਕਾਰੀਆਂ ਸਾਹਮਣੇ ਲੋਕਾਂ ਦੀ ਮੌਜੂਦਗੀ ਵਿੱਚ ਐੱਸ ਐੱਚ ਓ ਦੇ ਮੂੰਹ 'ਤੇ ਥੱਪੜ ਜੜ ਦਿੱਤੇ। ਜਿਸ ਤੋਂ ਬਾਅਦ ਐੱਸ.ਐੱਚ.ਓ. ਦੇ ਸਿਰ ਤੋਂ ਸ਼ਰਾਬ ਦਾ ਅਸਰ ਉਤਰ ਗਿਆ ਅਤੇ ਉਸ ਨੇ ਆਪਣੀ ਗਲਤੀ ਵੀ ਮੰਨ ਲਈ।ਇਸ ਸਬੰਧੀ ਪੁੱਛੇ ਜਾਣ 'ਤੇ ਇੰਸਪੈਕਟਰ ਪਲਵਿੰਦਰ ਸਿੰਘ ਨੇ ਦੱਸਿਆ ਕਿ ਉੱਚ ਅਧਿਕਾਰੀਆਂ ਨੇ ਉਸ ਨੂੰ ਮੁਅੱਤਲ ਕਰਨ ਅਤੇ ਲਾਈਨ ਨੂੰ ਰਿਪੋਰਟ ਕਰਨ ਦੇ ਹੁਕਮ ਦਿੱਤੇ ਹਨ।

# 'ਪੰਜਾਬ ਸੰਭਾਲੋ' ਮੁਹਿੰਮ ਨੂੰ ਮਿਲ ਰਿਹੈ ਭਰਵਾਂ ਹੁੰਗਾਰਾ : ਸੁਮਨ

**ਬਲਾਚੌਰ (ਜਸਵਿੰਦਰ ਬੈਂਸ)**- ਬਹੁਜਨ ਸਮਾਜ ਪਾਰਟੀ ਹਲਕਾ ਬਲਾਚੌਰ ਦੇ ਪ੍ਰਧਾਨ ਚਰਨਜੀਤ ਸੁਮਨ ਨੇ ਦੱਸਿਆ ਕਿ ਬਸਪਾ ਨੂੰ ਲੈ ਕੇ ਪੰਜਾਬ ਅੰਦਰ ਲੋਕਾਂ ਦਾ ਬਹੁਤ ਉਤਸ਼ਾਹ ਹੈ ਲੋਕ ਆਪ



ਮੁਹਰੇ ਬਸਪਾ ਦੀ ਪੰਜਾਬ ਸੰਭਾਲੋ ਮੁਹਿੰਮ ਨਾਲ ਜੁੜ ਰਹੇ ਹਨ। ਉਹਨਾਂ ਦੱਸਿਆ ਕਿ ਪਿਛਲੇ ਦਿਨੀ ਪੰਜਾਬ ਸਰਕਾਰ ਵੱਲੋਂ ਜ਼ਮੀਨ ਸੰਘਰਸ਼ ਪ੍ਰਾਪਤੀ ਕਮੇਟੀ ਦੇ 800 ਦੇ ਕਰੀਬ ਮਜ਼ਦੂਰਾਂ ਨੂੰ ਸੰਘਰਸ਼ ਦੌਰਾਨ ਜੇਲ੍ਹ ਵਿੱਚ ਡੱਕਿਆ ਗਿਆ, ਜਿਸ ਨੂੰ ਬਹੁਜਨ ਸਮਾਜ ਪਾਰਟੀ ਦੇ ਪ੍ਰਧਾਨ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਨੇ ਬਹੁਤ ਸੰਜੀਦਗੀ ਨਾਲ ਲਿਆ। ਉਹ ਲਗਾਤਾਰ ਪੰਜਾਬ ਦੇ ਮਸਲਿਆਂ ਨੂੰ ਲੈ ਕੇ ਲੋਕਾਂ ਨੂੰ ਮਿਲ ਰਹੇ ਹਨ। ਸਰਕਾਰ ਦੇ ਇਸ ਤਸ਼ੱਦਦ ਖਿਲਾਫ ਵੀ ਉਹਨਾਂ ਨੇ ਮੋਰਚਾ ਖੋਲ੍ਹਿਆ। 24 ਘੰਟਿਆਂ ਦੇ ਵਿੱਚ ਸਰਕਾਰ ਨੂੰ ਬਹੁਜਨ ਸਮਾਜ ਪਾਰਟੀ ਦੇ ਸੰਘਰਸ਼ ਦੇ ਝੁਕਣਾ ਪਿਆ ਅਤੇ ਮਜ਼ਦੂਰਾਂ ਨੂੰ ਛੱਡਣਾ ਪਿਆ। ਪੰਜਾਬ ਦਾ ਬਹੁਜਨ ਹੁਣ ਜਾਗ ਰਿਹਾ ਹੈ ਉਹ ਬਹੁਜਨ ਸਮਾਜ ਪਾਰਟੀ ਦਾ ਸਾਥ ਦੇਣ ਲਈ ਤਿਆਰ ਹੈ।. 2027 ਦਾ ਇਲੈਕਸ਼ਨ ਬਹੁਜਨ ਸਮਾਜ ਪਾਰਟੀ ਅਤੇ ਪੰਜਾਬ ਲਈ ਅਹਿਮ ਹੋਏਗਾ।

# ਵਿਦਿਆਰਥਣਾਂ ਨੇ ਇਕ ਦਿਨ ਡੀ ਸੀ ਤੇ ਸੀ ਪੀ ਨਾਲ ਬਿਤਾ ਕੇ ਸਮਝੀ ਕਾਰਜ-ਪ੍ਰਣਾਲੀ

**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਜਿੱਥੇ ਸਰਕਾਰੀ ਸਕੂਲ ਸਿੱਖਿਆ ਨੂੰ ਸਮੇਂ ਦੇ ਹਾਣ ਦਾ ਬਣਾਉਣ ਲਈ 'ਪੰਜਾਬ ਸਿੱਖਿਆ ਕ੍ਰਾਂਤੀ' ਮੁਹਿੰਮ ਦੀ ਸ਼ੁਰੂਆਤ ਕੀਤੀ ਗਈ ਹੈ, ਉੱਥੇ ਸੂਬਾ ਸਰਕਾਰ ਨੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਦੇ ਸੁਪਨਿਆਂ ਨੂੰ ਪਰਵਾਜ਼ ਦੇਣ ਲਈ ਇਕ ਵਿਸ਼ੇਸ਼ ਪਹਿਲ 'ਇਕ ਦਿਨ ਡੀ.ਸੀ./ਸੀ.ਪੀ.ਦੇ ਸੰਗ' ਦੀ ਸ਼ੁਰੂਆਤ ਕੀਤੀ ਹੈ। ਇਸ ਪਹਿਲ ਤਹਿਤ ਜ਼ਿਲ੍ਹੇ ਦੀਆਂ ਟੌਪਰ ਵਿਦਿਆਰਥਣਾਂ ਦੇ ਦੋ ਸਮੂਹਾਂ ਨੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਅਤੇ ਪੁਲਸ ਕਮਿਸ਼ਨਰ ਧਨਪ੍ਰੀਤ ਕੌਰ ਨਾਲ ਇਕ ਦਿਨ ਬਿਤਾਇਆ। ਇਸ ਦੌਰਾਨ ਜਿਥੇ ਉਨ੍ਹਾਂ ਨੇ ਦੋਵਾਂ ਆਈ.ਏ.ਐੱਸ. ਅਤੇ ਆਈ.ਪੀ.ਐੱਸ. ਅਧਿਕਾਰੀਆਂ ਵਲੋਂ ਨਿਭਾਈਆਂ ਜਾਣ ਵਾਲੀਆਂ ਡਿਊਟੀਆਂ ਬਾਰੇ ਜਾਣਕਾਰੀ ਹਾਸਲ ਕੀਤੀ, ਉੱਥੇ ਹੀ ਪੰਜਾਬ ਸਰਕਾਰ ਦੀਆਂ ਲੋਕ ਕਲਿਆਣਕਾਰੀ ਯੋਜਨਾਵਾਂ ਅਤੇ ਪ੍ਰੋਗਰਾਮਾਂ ਬਾਰੇ ਜਾਣੂ ਹੁੰਦਿਆਂ ਦਫ਼ਤਰੀ ਕੰਮਕਾਜ ਨੂੰ ਕਰੀਬ ਤੋਂ ਜਾਣਿਆ। ਇਸ ਦੌਰਾਨ ਉਨ੍ਹਾਂ ਨੂੰ ਵੱਖ-ਵੱਖ ਵਿਭਾਗਾਂ ਦੇ ਕੰਮ-ਕਾਜ/ਕਾਰਜ ਪ੍ਰਣਾਲੀ ਅਤੇ ਡਿਪਟੀ ਕਮਿਸ਼ਨਰ ਦਫ਼ਤਰ ਵਲੋਂ ਉਨ੍ਹਾਂ ਦੇ ਨਿਰੀਖਣ ਦੀ ਪ੍ਰਕਿਰਿਆ ਤੋਂ ਜਾਣੂ ਕਰਵਾਇਆ ਗਿਆ ਅਤੇ ਪੁਲਸ ਕਮਿਸ਼ਨਰ ਨੇ ਵਿਦਿਆਰਥਣਾਂ ਨੂੰ ਸੁਰੱਖਿਆ ਵਿਵਸਥਾ, ਕਮਿਊਨਿਟੀ ਪੁਲਸਿੰਗ ਤੇ ਪੁਲਸ ਦੇ ਕੰਮ-ਕਾਜ ਬਾਰੇ ਦੱਸਿਆ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੇ ਨਾਲ ਬਾਰ੍ਹਵੀਂ ਕਲਾਸ ਦੀਆਂ ਜ਼ਿਲ੍ਹੇ ਵਿਚੋਂ ਟੌਪ ਰਹਿ ਤਿੰਨ ਵਿਦਿਆਰਥਣਾਂ ਨੇ ਆਪਣਾ



ਸਮਾਂ ਬਿਤਾਇਆ। ਇਨ੍ਹਾਂ ਵਿਦਿਆਰਥਣਾਂ ਵਿੱਚ ਮਾਧਵੀ ਸਲਾਰੀਆ, ਸ਼ਾਕਸ਼ੀ ਅਤੇ ਅਨਪ੍ਰੀਤ ਕੌਰ ਸ਼ਾਮਲ ਸਨ। ਇਨ੍ਹਾਂ ਹੋਣਹਾਰ ਸਰਕਾਰੀ ਸਕੂਲਾਂ ਦੀਆਂ ਵਿਦਿਆਰਥਣਾਂ ਨੇ ਕ੍ਰਮਵਾਰ 99 ਫੀਸਦੀ, 98.60 ਫੀਸਦੀ ਅਤੇ 98.40 ਫੀਸਦੀ ਅੰਕ ਨਾਨ ਮੈਡੀਕਲ ਸਟਰੀਮ ਵਿਚੋਂ ਪ੍ਰਾਪਤ ਕੀਤੇ ਹਨ। ਸਵੇਰੇ ਦਫ਼ਤਰ ਸ਼ੁਰੂ ਹੋਣ ਸਮੇਂ ਇਨ੍ਹਾਂ ਵਿਦਿਆਰਥਣਾਂ ਦਾ ਡਿਪਟੀ ਕਮਿਸ਼ਨਰ ਡਾ.ਹਿਮਾਂਸ਼ੂ ਅਗਰਵਾਲ ਨੇ ਆਪਣੇ ਡੀ.ਸੀ. ਦਫ਼ਤਰ ਵਿਖੇ ਨਿੱਘਾ ਸਵਾਗਤ ਕੀਤਾ । ਇਸ ਤੋਂ ਇਲਾਵਾ ਇਨ੍ਹਾਂ ਵਿਦਿਆਰਥਣਾਂ ਦੇ ਨਾਲ ਡਾ.ਹਿਮਾਂਸ਼ੂ ਅਗਰਵਾਲ ਨੇ ਸੇਵਾ ਕੇਂਦਰ ਅਤੇ ਰਜਿਸਟਰਾਰ ਦਫ਼ਤਰ ਦਾ ਦੌਰਾ ਕਰਕੇ ਉਥੇ ਚੱਲ ਰਹੇ ਵੱਖ-ਵੱਖ ਸਕੀਮਾਂ ਬਾਰੇ ਜਾਣਕਾਰੀ ਦਿੱਤੀ। ਸਬ ਰਜਿਸਟਰਾਰ ਦਫ਼ਤਰ ਜਲੰਧਰ-1 ਵਿਖੇ ਰਜਿਸਟਰੇਸ਼ਨ ਪ੍ਰਕਿਰਿਆ ਬਾਰੇ ਵੀ ਜਾਣੂ ਕਰਵਾਇਆ ਗਿਆ। ਇਸ ਤੋਂ ਇਲਾਵਾ ਜ਼ਿਲ੍ਹੇ ਵਿੱਚ ਹੜ੍ਹਾਂ ਦੀ ਰੋਕਥਾਮ ਸਬੰਧੀ ਡਿਪਟੀ ਕਮਿਸ਼ਨਰ ਵਲੋਂ ਇਨ੍ਹਾਂ ਹੋਣਹਾਰ ਵਿਦਿਆਰਥਣਾਂ ਸਮੇਤ ਅਧਿਕਾਰੀਆਂ ਨਾਲ ਮੀਟਿੰਗ ਵੀ ਕੀਤੀ ਗਈ। ਉਪਰੰਤ ਡਿਪਟੀ ਕਮਿਸ਼ਨਰ ਨੇ ਵਿਦਿਆਰਥਣਾਂ ਨਾਲ ਦੁਪਹਿਰ ਦਾ ਖਾਣਾ ਖਾਧਾ। ਸ਼ਾਮ ਨੂੰ ਜ਼ਿਲ੍ਹੇ ਦੇ 38 ਮੈਰਿਟ ਵਿੱਚ ਆਏ ਹੋਣਹਾਰ ਵਿਦਿਆਰਥੀਆਂ ਨੂੰ ਸਨਮਾਨਿਤ ਵੀ ਕੀਤਾ ਗਿਆ। ਇਨ੍ਹਾਂ ਵਿੱਚ 13 ਵਿਦਿਆਰਥੀ 10ਵੀਂ ਕਲਾਸ ਅਤੇ 25 ਵਿਦਿਆਰਥੀ 12ਵੀਂ ਕਲਾਸ ਦੇ ਸ਼ਾਮਲ ਸਨ। ਇਸ ਤੋਂ ਇਲਾਵਾ ਤਿੰਨ ਵਿਦਿਆਰਥਣਾਂ ਨੇ ਪੁਲਸ ਕਮਿਸ਼ਨਰ ਧਨਪ੍ਰੀਤ ਕੌਰ ਨਾਲ ਸਮਾਂ ਬਿਤਾਇਆ। 10ਵੀਂ ਕਲਾਸ ਦੀਆਂ ਜ਼ਿਲ੍ਹੇ ਵਿਚ ਟੌਪਰ ਇਨ੍ਹਾਂ ਵਿਦਿਆਰਥਣਾਂ ਵਿੱਚ ਪ੍ਰੀਤੀ ਕੁਮਾਰੀ (97.85 ਫੀਸਦੀ), ਨਵਨੀਤ ਕੌਰ (97.54 ਫੀਸਦੀ) ਅਤੇ ਨੀਲੂ ਕੁਮਾਰੀ (97.54 ਫੀਸਦੀ) ਸ਼ਾਮਲ ਸਨ। ਪੁਲਸ ਕਮਿਸ਼ਨਰ ਜਲੰਧਰ ਨੇ ਇਨ੍ਹਾਂ ਵਿਦਿਆਰਥਣਾਂ ਦਾ ਨਿੱਘਾ ਸਵਾਗਤ ਕਰਦਿਆਂ ਗੱਲਬਾਤ ਕੀਤੀ, ਉਪਰੰਤ ਵਿਦਿਆਰਥਣਾਂ ਨੇ ਵੱਖ-ਵੱਖ ਬਰਾਂਚਾਂ ਦਾ ਦੌਰਾ ਵੀ ਕੀਤਾ।

# ਡਾ. ਅੰਬੇਡਕਰ ਫਾਊਂਡੇਸ਼ਨ ਤੇ ਸਰਕਾਰ ਵੱਲੋਂ ਚਲਾਈਆਂ ਸਿਹਤ ਸਕੀਮਾਂ ਦਾ ਲੋਕ ਲਾਭ ਪ੍ਰਾਪਤ ਕਰਨ : ਬਾਲੀ

**ਬੰਗਾ (ਅਵਤਾਰ ਕਲੇਰ)** 'ਇਲਾਕਾ ਨਿਵਾਸੀ ਡਾ. ਅੰਬੇਡਕਰ ਫਾਉਂਡੇਸ਼ਨ ਅਤੇ ਭਾਰਤ ਸਰਕਾਰ ਵੱਲੋਂ ਚਲਾਈਆਂ ਸਿਹਤ ਸਕੀਮਾਂ ਦਾ ਲੋਕ ਲਾਭ ਪ੍ਰਾਪਤ ਕਰਨ', ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਡਾ. ਅੰਬੇਡਕਰ ਫਾਊਂਡੇਸ਼ਨ ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮੰਤਰਾਲਾ ਭਾਰਤ ਦੇ ਮੈਂਬਰ ਰਹੇ ਅਤੇ ਸੀਨੀਅਰ ਭਾਜਪਾ ਆਗੂ ਮਨਜੀਤ ਬਾਲੀ ਨੇ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਪੁੱਜਣ 'ਤੇ ਕੀਤਾ। ਬਾਲੀ ਨੇ ਦੱਸਿਆ ਕਿ ਡਾ. ਅੰਬੇਡਕਰ ਫਾਊਂਡੇਸ਼ਨ ਵੱਲੋਂ ਐੱਸ. ਸੀ. ਅਤੇ ਐੱਸ. ਟੀ. ਵਰਗਾਂ ਦੇ ਗਰੀਬ ਲੋੜਵੰਦ ਮਰੀਜਾਂ ਦੀ ਆਰਥਿਕ ਮੱਦਦ 'ਸਿਹਤ ਸਹਾਇਤਾ ਯੋਜਨਾ' ਤਹਿਤ ਕਰਕੇ ਇਲਾਜ ਮੁਫਤ ਕਰਵਾਏ ਜਾ ਰਹੇ ਹਨ । ਇਸ ਸਕੀਮ ਦਾ ਲਾਭ ਉਹ ਪਰਵਾਰ ਲੈ ਸਕਦੇ ਹਨ ਜਿਹਨਾਂ ਦੀ ਆਮਦਨ ਤਿੰਨ ਲੱਖ ਰੁਪਏ ਤੋਂ ਘੱਟ ਹੈ। ਇਸ ਸਿਹਤ ਸਹਾਇਤਾ ਯੋਜਨਾ ਵਿਚ ਦਿਮਾਗ ਦੇ ਅਪਰੇਸ਼ਨ, ਰੀੜ੍ਹ ਦੀ ਹੱਡੀ ਦੇ ਅਪਰੇਸ਼ਨ, ਗੁਰਦਿਆਂ ਦੇ ਡਾਇਲਸਿਸ ਲਈ, ਗੁਰਦਿਆਂ ਦੇ ਟਰਾਂਸਪਲਾਂਟ, ਕੈਂਸਰ ਦੇ ਇਲਾਜ ਲਈ, ਦਿਲ ਦੀਆਂ ਬਿਮਾਰੀਆਂ ਤੋਂ ਇਲਾਵਾ ਹੋਰ



ਜਾਨ ਲੇਵਾ ਬਿਮਾਰੀਆਂ ਤੋਂ ਪੀੜ੍ਹਤ ਮਰੀਜ਼ਾਂ ਦੇ ਇਲਾਜ ਲਈ ਫਾਉਂਡੇਸ਼ਨ ਵੱਲੋਂ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ। ਮਨਜੀਤ ਬਾਲੀ ਨੇ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਚੱਲ ਰਹੀਆਂ ਉੱਚ ਪੱਧਰੀ ਮੈਡੀਕਲ ਸੇਵਾਵਾਂ ਦੀ ਭਾਰੀ ਸ਼ਲਾਘਾ ਕੀਤੀ। ਉਹਨਾਂ ਆਸ ਪ੍ਰਗਟਾਈ ਕਿ ਹਸਪਤਾਲ ਵਿਖੇ ਸਕੀਮ ਲਾਗੂ ਹੋਣ ਉਪਰੰਤ ਇਲਾਕੇ ਦੇ ਐੱਸ. ਸੀ. ਅਤੇ ਐੱਸ. ਟੀ. ਵਰਗ ਦੇ ਮਰੀਜ਼ਾਂ ਨੂੰ ਵੱਡਾ ਲਾਭ ਪ੍ਰਾਪਤ ਹੋਵੇਗਾ। ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਨੇ ਮਨਜੀਤ ਬਾਲੀ ਦਾ ਢਾਹਾਂ ਕਲੇਰਾਂ ਵਿਖੇ ਪੁੱਜਣ ਤੇ ਨਿੱਘਾ ਸਵਾਗਤ ਕੀਤਾ।ਢਾਹਾਂ ਨੇ ਬਾਲੀ ਦਾ ਭਾਰਤ ਸਰਕਾਰ ਦੀਆਂ ਲੋਕ ਭਲਾਈ ਸਿਹਤ ਸਕੀਮਾਂ ਪ੍ਰਤੀ ਜਾਗਰੂਕ ਕਰਨ ਅਤੇ ਇਹਨਾਂ ਨੂੰ ਹਸਪਤਾਲ ਵਿਖੇ ਲਾਗੂ ਕਰਵਾਉਣ ਸਬੰਧੀ ਕੀਤੇ ਜਾ ਰਹੇ ਉੱਦਮਾਂ ਲਈ ਹਾਰਦਿਕ ਧੰਨਵਾਦ ਕੀਤਾ। ਇਸ ਮੌਕੇ ਜਥੇਦਾਰ ਸਤਨਾਮ ਸਿੰਘ ਲਾਦੀਆਂ, ਪ੍ਰੋ. ਹਰਬੰਸ ਸਿੰਘ ਬੋਲੀਨਾ, ਅਭਿਸ਼ੇਕ ਐੱਸ ਐੱਚ ਓ ਸਦਰ ਬੰਗਾ, ਡਾ. ਬਲਵਿੰਦਰ ਸਿੰਘ,ਰੋਮੀ ਮੌਂਗਾ, ਨਿਰਮਲ ਚਾਹਲ, ਬੰਟੀ ਜੱਸਲ, ਹੰਸ ਰਾਜ ਹੰਸ ਸਰਪੰਚ ਤੱਲ੍ਹਣ, ਹਰਦੀਪ ਜੱਸੀ, ਰਵਿੰਦਰ ਜੱਸਲ, ਮੋਹਿਤ ਕੁਮਾਰ, ਰੋਹਿਤ ਕੁਮਾਰ ਕਨੈਡਾ ਤੋਂ ਇਲਾਵਾ ਹੋਰ ਵੱਖ ਵੱਖ ਸਰਕਾਰੀ ਅਤੇ ਸਮਾਜ ਸੇਵੀ ਸੰਸਥਾਵਾਂ ਦੇ ਮੈਂਬਰ ਵੀ ਹਾਜ਼ਰ ਹਨ ।

# ਜ਼ਿਲ੍ਹੇ 'ਚ ਨਸ਼ਿਆਂ ਖਿਲਾਫ਼ ਜਾਗਰੂਕਤਾ ਮੁਹਿੰਮ ਤੇਜ਼



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਸੋਮਵਾਰ ਨੂੰ ਜ਼ਿਲ੍ਹੇ ਦੇ ਸਾਰੇ ਵਿਧਾਨ ਸਭਾ ਹਲਕਿਆਂ ਵਿਚ ਨਸ਼ਾ ਮੁਕਤੀ ਯਾਤਰਾਵਾਂ ਦਾ ਆਯੋਜਨ ਕੀਤਾ ਗਿਆ। ਇਨ੍ਹਾਂ ਯਾਤਰਾਵਾਂ ਵਿਚ ਸਥਾਨਕ ਵਿਧਾਇਕਾਂ, ਪ੍ਰਸ਼ਾਸਨਿਕ ਅਧਿਕਾਰੀਆਂ, ਸਮਾਜਿਕ ਸੰਗਠਨਾਂ, ਨੌਜਵਾਨਾਂ ਅਤੇ ਨਾਗਰਿਕਾਂ ਨੇ ਉਤਸ਼ਾਹ ਨਾਲ ਹਿੱਸਾ ਲਿਆ।ਸ਼ਾਮ ਚੌਰਾਸੀ ਵਿਧਾਨ ਸਭਾ ਹਲਕੇ ਵਿਚ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਦੀ ਅਗਵਾਈ ਵਿਚ ਬਾਗਪੁਰ, ਸਤੌਰ ਅਤੇ ਘਾਸੀਪੁਰ ਵਿਚ ਨਸ਼ਾ ਵਿਰੋਧੀ ਜਾਗਰੂਕਤਾ ਰੈਲੀ ਕੱਢੀ ਗਈ। ਚੱਬੇਵਾਲ ਵਿਚ ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਅਤੇ ਵਿਧਾਇਕ ਡਾ. ਇਸ਼ਾਂਕ ਕੁਮਾਰ ਦੀ ਅਗਵਾਈ ਵਿਚ ਠੱਕਰਵਾਲ, ਰਹੱਲੀ ਅਤੇ ਧਿਆਨਾ ਵਿੱਚ ਲੋਕਾਂ ਨੂੰ ਨਸ਼ਿਆਂ ਦੇ ਖਿਲਾਫ ਜਾਗਰੂਕ ਕੀਤਾ ਗਿਆ। ਗੜ੍ਹਸ਼ੰਕਰ ਵਿੱਚ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਦੀ ਅਗਵਾਈ ਵਿਚ ਮਜ਼ਾਰਾ ਡਿੰਗਰੀਆਂ ਵਿੱਚ ਲੋਕਾਂ ਨੂੰ ਨਸ਼ਿਆਂ ਦੇ ਖਿਲਾਫ ਜਾਗਰੂਕ ਕੀਤਾ ।ਹੁਸ਼ਿਆਰਪੁਰ ਵਿੱਚ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਦੀ ਅਗਵਾਈ ਵਿਚ ਪਿੰਡ ਸਤਿਆਲ ਵਿਚ ਰੈਲੀ ਦਾ ਆਯੋਜਨ ਕੀਤਾ ਗਿਆ। ਉੜਮੁੜ ਟਾਂਡਾ ਵਿਧਾਨ ਸਭਾ ਹਲਕੇ ਵਿਚ ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ ਨੇ ਫਤਿਹਪੁਰ, ਭੱਟਲਾਂ ਅਤੇ ਭੱਟੀਵਾਲ ਵਿਚ ਮੁਹਿੰਮ ਚਲਾਈ। ਮੁਕੇਰੀਆਂ ਵਿਧਾਨ ਸਭਾ ਹਲਕੇ ਵਿਚ ਵਿਧਾਨ ਸਭਾ ਹਲਕਾ ਇੰਚਾਰਜ ਪ੍ਰੋ. ਜੀ.ਐਸ. ਮੁਲਤਾਨੀ ਨੇ ਫੱਤੂਵਾਲ, ਜਲਾਲਾ ਅਤੇ ਟੰਗਰਾਲੀਆਂ ਵਿਚ ਰੈਲੀ ਦਾ ਸੰਚਾਲਨ ਕੀਤਾ।ਜਨਤਕ ਨੁਮਾਇੰਦਿਆਂ ਨੇ ਆਪਣੇ ਸੰਬੋਧਨ ਵਿਚ ਨਸ਼ਿਆਂ ਖਿਲਾਫ਼ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਇਆ। ਉਨ੍ਹਾਂ ਕਿਹਾ ਕਿ ਇਹ ਮੁਹਿੰਮ ਸਿਰਫ਼ ਇਕ ਪ੍ਰੋਗਰਾਮ ਨਹੀਂ ਹੈ ਸਗੋਂ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਦਾ ਇਕ ਸੰਕਲਪ ਹੈ। ਸਮਾਜਿਕ ਸੰਗਠਨਾਂ ਅਤੇ ਨੌਜਵਾਨਾਂ ਨੇ ਵੀ ਇਸ ਪਹਿਲਕਦਮੀ ਦੀ ਸ਼ਲਾਘਾ ਕੀਤੀ ਅਤੇ ਇਸਨੂੰ ਸਮਾਜ ਨੂੰ ਸਿਹਤਮੰਦ ਅਤੇ ਸੁਰੱਖਿਅਤ ਰੱਖਣ ਵੱਲ ਇਕ ਮਹੱਤਵਪੂਰਨ ਕਦਮ ਦੱਸਿਆ।ਇਸ ਜਾਗਰੂਕਤਾ ਮੁਹਿੰਮ ਵਿਚ ਨੌਜਵਾਨਾਂ ਨੇ ਉਤਸ਼ਾਹ ਨਾਲ ਹਿੱਸਾ ਲਿਆ, ਜਿਸ ਨਾਲ ਇਸ ਲਹਿਰ ਨੂੰ ਮਜ਼ਬੂਤੀ ਮਿਲੀ। ਨਾਗਰਿਕਾਂ ਨੇ ਨਸ਼ਿਆਂ ਦੀ ਦੁਰਵਰਤੋਂ ਵਿਰੁੱਧ ਜਾਗਰੂਕਤਾ ਫੈਲਾਉਣ ਦੀ ਜ਼ਿੰਮੇਵਾਰੀ ਵੀ ਲਈ ਅਤੇ ਪ੍ਰਸ਼ਾਸਨ ਦੇ ਯਤਨਾਂ ਦਾ ਸਮਰਥਨ ਕੀਤਾ।

# ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਲਾਚੋਵਾਲ ਨੇ ਡੀ ਸੀ ਨੂੰ ਦਿੱਤਾ ਮੰਗ ਪੱਤਰ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)** ਕਿਸਾਨਾਂ ਦੀ ਮੱਕੀ ਦੀ ਫਸਲ ਪੱਕ ਕੇ ਕਟਾਈ ਲਈ ਲਗਭਗ ਤਿਆਰ ਤਿਆਰ ਹੈ ਪਰ ਮੱਕੀ ਦੀ ਤਿਆਰ ਫਸਲ ਨੂੰ ਸੁਕਾਉਣ ਲਈ ਸੈਲਾ ਅਤੇ ਫਗਲਾਣੇ ਦਾ ਡਰਾਇਰ ਅਜੇ ਚਾਲੂ ਨਹੀਂ ਹੋਇਆ ਅਤੇ ਨਾ ਹੀ ਮੰਡੀਆਂ ਵਿੱਚ ਕਿਸਾਨਾਂ ਦੀ ਫਸਲ ਰੱਖਣ ਲਈ ਸ਼ੈੱਡਾਂ ਖਾਲੀ ਹੋਈਆਂ ਹਨ। ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਲਾਚੋਵਾਲ ਦਾ ਇੱਕ ਵਫਦ ਸਰਪ੍ਰਸਤ



ਗੁਰਦੀਪ ਸਿੰਘ ਖੁਣ ਖੁਣ,ਪ੍ਰਧਾਨ ਪਰਮਿੰਦਰ ਸਿੰਘ ਲਾਚੋਵਾਲ ਕਾਰਜਕਾਰੀ ਪ੍ਰਧਾਨ ਹਰਪ੍ਰੀਤ ਸਿੰਘ ਲਾਲੀ ਤੇ ਸੀਨੀਅਰ ਮੀਤ ਪ੍ਰਧਾਨ ਅਕਬਰ ਸਿੰਘ ਬੂਰੇ ਜੱਟਾਂ ਦੀ ਅਗਵਾਈ ਹੇਠ ਡਿਪਟੀ ਕਮਿਸ਼ਨਰ ਆਸ਼ੀਕਾ ਜੈਨ ਨੂੰ ਮਿਲਿਆ, ਜਿੰਨ੍ਹਾਂ ਨੇ ਕਿਸਾਨਾਂ ਦੀਆਂ ਸਮੱਸਿਆਵਾਂ ਨੂੰ ਗੰਭੀਰਤਾ ਨਾਲ ਸੁਣਿਆ ਅਤੇ ਸਮੱਸਿਆ ਹੱਲ ਕਰਨ ਲਈ ਤੁਰੰਤ ਸਬੰਧਤ ਅਧਿਕਾਰੀਆਂ ਨੂੰ ਹੁਕਮ ਜਾਰੀ ਕੀਤੇ। ਵਫਦ ਨੇ ਦੱਸਿਆ ਕਿ ਕਿਸਾਨਾਂ ਨੂੰ ਮਜਬੂਰੀ ਵਸ ਆਪਣੀਆਂ ਟਰਾਲੀਆਂ ਬਾਹਰ ਖੁੱਲੇ ਅੰਬਰਾਂ ਵਿੱਚ ਹੀ ਖਾਲੀ ਕਰਨੀਆਂ ਪੈਂਦੀਆਂ ਹਨ। ਆਗੂਆਂ ਨੇ ਗੁਜਰਾਂ ਵੱਲੋਂ ਖੁੱਲੇ ਵਿੱਚ ਪਸ਼ੂ ਚਰਾਉਣ ਸਮੇਂ ਕਿਸਾਨਾਂ ਅਤੇ ਸਰਕਾਰੀ ਖੇਤਰ ਅੰਦਰ ਭਾਰੀ ਨੁਕਸਾਨ ਕਰਨ ਦਾ ਮੁੱਦਾ ਵੀ ਡਿਪਟੀ ਕਮਿਸ਼ਨਰ ਅੱਗੇ ਰੱਖਿਆ ਜਿਨ੍ਹਾਂ ਨੇ ਤੁਰੰਤ ਵਿਭਾਗੀ ਕਾਰਵਾਈ ਲਈ ਜ਼ਿਲ੍ਹੇ ਦੇ ਸਮੁੱਚੇ ਥਾਣਾ ਮੁਖੀਆਂ ਨੂੰ ਹੁਕਮ ਜਾਰੀ ਕੀਤੇ ਤਾਂ ਜੋ ਨੁਕਸਾਨ ਕਰਨ ਵਾਲੇ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਕੀਤੀ ਜਾ ਸਕੇ। ਆਗੂਆਂ ਨੇ ਮੁੱਦਿਆਂ ਨੂੰ ਗੰਭੀਰਤਾ ਨਾਲ ਸੁਣਨ ਅਤੇ ਹੱਲ ਕਰਨ ਤੇ ਡਿਪਟੀ ਕਮਿਸ਼ਨਰ ਦਾ ਧੰਨਵਾਦ ਕੀਤਾ। ਇਸ ਸਮੇਂ ਰਣਧੀਰ ਸਿੰਘ ਅਸਲਪੁਰ, ਕਿਰਪਾਲ ਸਿੰਘ ਪੰਡੋਰੀ ਖੰਜੂਰ, ਪ੍ਰੀਤਮ ਸਿੰਘ ਸਾਬਕਾ ਸਰਪੰਚ ਨੰਗਲ ਜਲਾਲ, ਜਸਪਾਲ ਸਿੰਘ ਰਾਜਾ, ਸਤਵੰਤ ਸਿੰਘ ਮੁਰਾਦਪੁਰ, ਗੁਰਨਾਮ ਸਿੰਘ ਸਿੰਗੜੀਵਾਲਾ, ਮਨਪ੍ਰੀਤ ਸਿੰਘ ਆਦਿ ਹਾਜ਼ਰ ਸਨ।

# ਪੀ ਟੀ ਐੱਮ ਆਰੀਆ ਕਾਲਜ 'ਚ 'ਵਿਸ਼ਵ ਵਾਤਾਵਰਣ' ਵਿਸ਼ੇ 'ਤੇ ਸੈਮੀਨਾਰ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਸਥਾਨਕ ਪੀ. ਟੀ. ਐੱਮ ਆਰੀਆ ਕਾਲਜ 'ਚ ਭਾਰਤ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਐੱਨ. ਐੱਸ. ਐੱਸ ਵਿਭਾਗ ਵੱਲੋਂ 'ਵਿਸ਼ਵ ਵਾਤਾਵਰਣ' ਵਿਸ਼ੇ 'ਤੇ ਸੈਮੀਨਾਰ ਕੀਤਾ ਗਿਆ।



ਪ੍ਰੋ. ਸੁਰਿੰਦਰ ਪਾਲ ਨੇ ਇਸ ਮੌਕੇ ਵਾਤਾਵਰਣ ਦੀ ਸੰਭਾਲ ਤੇ ਕੁਦਰਤੀ ਸਾਧਨਾਂ ਦੀ ਸੰਭਾਲ ਬਾਰੇ ਜਾਣਕਾਰੀ ਦਿੱਤੀ ਤੇ ਵਿਦਿਆਰਥੀਆਂ ਨੂੰ ਦੱਸਿਆ ਕਿ ਵਾਤਾਵਰਣ ਜਿਸ ਵਿੱਚ ਅਸੀਂ ਸਾਹ ਲੈਂਦੇ ਹਾਂ, ਕੰਮ ਕਰਦੇ ਹਾਂ ਪਰ ਅੱਜ ਅਸੀਂ ਆਪਣੇ ਹੱਥੀਂ ਇਸ ਵਾਤਾਵਰਣ ਨੂੰ ਨਸ਼ਟ ਕਰ ਰਹੇ ਹਾਂ। ਇਸ ਦੇ ਨਾਲ ਹੀ ਵਾਤਾਵਰਣ ਦੀ ਸੰਭਾਲ ਕਰਨ ਬਾਰੇ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ। ਵੱਧ ਤੋਂ ਵੱਧ ਰੁੱਖ ਲਗਾਉਣ, ਬਿਨਾਂ ਲੋੜ ਪਾਣੀ ਦੀ ਵਰਤੋਂ ਨਾ ਕਰੋ, ਪਬਲਿਕ ਟਰਾਂਸਪੋਰਟ ਦੀ ਵਰਤੋਂ ਕਰਨ ਬਾਰੇ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ। ਕਾਲਜ ਦੇ ਡਾਇਰੈਕਟਰ ਪ੍ਰੋ.ਆਰ. ਕੇ. ਜੈਨ ਨੇ ਵੀ ਵਾਤਾਵਰਣ ਦੀ ਸੰਭਾਲ ਕਰਨ ਬਾਰੇ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ। ਇਸ ਮੌਕੇ ਪ੍ਰੋ. ਅਮਨਦੀਪ, ਪ੍ਰੋ. ਬਬੀਤਾ, ਪ੍ਰੋ. ਮਰਜ਼ੀਨਾ ਲਾਖਾ ਅਤੇ ਸਮੂਹ ਵਿਦਿਆਰਥੀ ਹਾਜ਼ਰ ਸਨ।

# ਰਾਸ਼ਟਰਪਤੀ ਵੱਲੋਂ ਸੂਬੇ ਦੇ ਚਾਰ ਸੈਨਿਕ ਬਹਾਦਰੀ ਪੁਰਸਕਾਰ ਨਾਲ ਸਨਮਾਨਤ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਪੰਜਾਬ ਦੇ ਚਾਰ ਬਹਾਦਰ ਸੈਨਿਕਾਂ ਕਰਨਲ ਮਨਪ੍ਰੀਤ ਸਿੰਘ, ਸਿਪਾਹੀ ਪ੍ਰਦੀਪ ਸਿੰਘ, ਮੇਜਰ ਤ੍ਰਿਪਤਪ੍ਰੀਤ ਸਿੰਘ ਅਤੇ ਫਲਾਈਟ ਲੈਫਟੀਨੈਂਟ ਅਮਨ ਸਿੰਘ ਹੰਸ ਨੂੰ ਹਾਲ ਹੀ ਵਿੱਚ ਭਾਰਤ ਦੇ ਮਾਣਯੋਗ ਰਾਸ਼ਟਰਪਤੀ ਸ੍ਰੀਮਤੀ ਦ੍ਰੋਪਦੀ ਮੁਰਮੂ ਦੁਆਰਾ 22 ਮਈ ਨੂੰ ਰਾਸ਼ਟਰਪਤੀ ਭਵਨ ਵਿਖੇ ਕਰਵਾਏ ਗਏ ਸਨਮਾਨ ਸਮਾਰੋਹ ਦੌਰਾਨ ਵੱਕਾਰੀ ਬਹਾਦਰੀ ਪੁਰਸਕਾਰਾਂ ਨਾਲ ਸਨਮਾਨਤ ਕੀਤਾ ਗਿਆ ਹੈ। ਇਹ ਪੁਰਸਕਾਰ ਜੰਮੂ ਅਤੇ ਕਸ਼ਮੀਰ ਵਿੱਚ ਬਗਾਵਤ ਅਤੇ ਅੱਤਵਾਦ ਵਿਰੋਧੀ ਕਾਰਵਾਈਆਂ ਦੌਰਾਨ ਉਕਤ ਸੈਨਿਕਾਂ ਵੱਲੋਂ ਦਿਖਾਈ ਗਈ ਬੇਮਿਸਾਲ ਬਹਾਦਰੀ ਅਤੇ ਕੁਰਬਾਨੀ ਦੇ ਸਨਮਾਨ ਵਜੋਂ ਪ੍ਰਦਾਨ ਕੀਤੇ ਗਏ ਹਨ।ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਨੇ ਦੇਸ਼ ਸੇਵਾ 'ਚ ਵੱਡੀ ਕੁਰਬਾਨੀ ਦੇਣ ਵਾਲੇ ਪੰਜਾਬ ਦੇ ਇਨ੍ਹਾਂ ਬਹਾਦਰ ਸਪੂਤਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਇਨ੍ਹਾਂ ਬਹਾਦਰ ਸੈਨਿਕਾਂ ਦੀ ਬੇਮਿਸਾਲ ਹਿੰਮਤ ਅਤੇ ਬਹਾਦਰੀ ਨੂੰ ਮਾਨਤਾ ਦੇਣ ਲਈ ਭਾਰਤ ਦੇ ਮਾਣਯੋਗ ਰਾਸ਼ਟਰਪਤੀ ਦਾ ਦਿਲੋਂ ਧੰਨਵਾਦ ਵੀ ਕੀਤਾ।ਕਰਨਲ ਮਨਪ੍ਰੀਤ ਸਿੰਘ (19 ਰਾਸ਼ਟ੍ਰੀਯ ਰਾਈਫਲਜ਼) ਨੂੰ ਉਨ੍ਹਾਂ ਦੀ ਦਲੇਰਾਨਾ ਅਗਵਾਈ ਅਤੇ ਮਹਾਨ ਕੁਰਬਾਨੀ ਲਈ ਦੇਸ਼ ਦੇ ਦੂਜੇ ਸਭ ਤੋਂ ਵੱਡੇ ਬਹਾਦਰੀ ਪੁਰਸਕਾਰ ਕੀਰਤੀ ਚੱਕਰ ਨਾਲ ਸਨਮਾਨਤ ਕੀਤਾ ਗਿਆ ਹੈ। ਇਹ ਪੁਰਸਕਾਰ ਉਨ੍ਹਾਂ ਦੀ ਮਾਤਾ ਸ੍ਰੀਮਤੀ ਮਨਜੀਤ ਕੌਰ ਅਤੇ ਪਤਨੀ ਸ੍ਰੀਮਤੀ ਜਗਮੀਤ ਗਰੇਵਾਲ ਨੇ ਪ੍ਰਾਪਤ ਕੀਤਾ।ਸਿਪਾਹੀ ਪ੍ਰਦੀਪ ਸਿੰਘ (19 ਆਰ ਆਰ) ਨੂੰ ਵੀ ਇਸੇ ਆਪ੍ਰੇਸ਼ਨ ਦੌਰਾਨ ਉਨ੍ਹਾਂ ਵੱਲੋਂ ਦਿਖਾਈ ਗਈ ਨਿਡਰਤਾ ਲਈ ਸ਼ੌਰਿਆ ਚੱਕਰ ਨਾਲ ਸਨਮਾਨਤ ਕੀਤਾ ਗਿਆ । ਇਹ ਪੁਰਸਕਾਰ ਉਨ੍ਹਾਂ ਦੀ ਪਤਨੀ ਸ੍ਰੀਮਤੀ ਸੀਮਾ ਰਾਣੀ ਨੇ ਪ੍ਰਾਪਤ ਕੀਤਾ। ਮੇਜਰ ਤ੍ਰਿਪਤਪ੍ਰੀਤ ਸਿੰਘ (34 ਆਰ ਆਰ) ਅਤੇ ਫਲਾਈਟ ਲੈਫਟੀਨੈਂਟ ਅਮਨ ਸਿੰਘ ਹੰਸ ਨੂੰ ਵਿਰੋਧੀ ਅਤੇ ਚੁਣੌਤੀਪੂਰਨ ਹਾਲਤਾਂ ਵਿੱਚ ਕੀਤੇ ਗਏ ਵੱਖ-ਵੱਖ ਆਪ੍ਰੇਸ਼ਨਾਂ ਦੌਰਾਨ ਬੇਮਿਸਾਲ ਹਿੰਮਤ ਅਤੇ ਹੌਸਲਾ ਦਿਖਾਉਣ ਅਤੇ ਆਪਣੀ ਤੀਖਣ ਬੁੱਧੀ ਤੋਂ ਕੰਮ ਲੈਣ ਲਈ ਸ਼ੌਰਿਆ ਚੱਕਰ ਨਾਲ ਸਨਮਾਨਤ ਕੀਤਾ ਗਿਆ ।ਭਗਤ ਨੇ ਕਿਹਾ ਕਿ ਇਨ੍ਹਾਂ ਬਹਾਦਰ ਸੈਨਿਕਾਂ ਦੀਆਂ ਕੁਰਬਾਨੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਪ੍ਰੇਰਿਤ ਕਰਦੀਆਂ ਰਹਿਣਗੀਆਂ। ਉਨ੍ਹਾਂ ਅੱਗੇ ਭਰੋਸਾ ਦਿੱਤਾ ਕਿ ਸੂਬਾ ਸਰਕਾਰ ਇਨ੍ਹਾਂ ਨਾਇਕਾਂ ਦੇ ਪਰਵਾਰਾਂ ਨਾਲ ਮਜ਼ਬੂਤੀ ਨਾਲ ਖੜ੍ਹੀ ਹੈ ਅਤੇ ਉਨ੍ਹਾਂ ਦੀ ਭਲਾਈ ਅਤੇ ਸਨਮਾਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

# ਲਾਇਨ ਕੇ ਪੀ ਸ਼ਰਮਾ 'ਬੈਸਟ ਰੀਜਨ ਚੇਅਰਮੈਨ ਐਵਾਰਡ-2025' ਨਾਲ ਸਨਮਾਨਤ




**ਡੇਰਾਬੱਸੀ (ਵਿਨੈ ਕੁਮਾਰ ਜੈਨ)**— ਲਾਇਨਜ਼ ਕਲੱਬ ਇੰਟਰਨੈਸ਼ਨਲ ਦੇ ਮਲਟੀਪਲ ਇਨਾਮ ਵੰਡ ਸਮਾਗਮ ਦੌਰਾਨ ਐਮ.ਜੇ.ਐਫ.ਲਾਇਨ ਕੇ.ਪੀ.ਸ਼ਰਮਾ ਡੇਰਾਬੱਸੀ ਨੂੰ 'ਬੈਸਟ ਰੀਜਨ ਚੇਅਰਮੈਨ ਐਵਾਰਡ-2025' ਨਾਲ ਸਨਮਾਨਤ ਕੀਤਾ ਗਿਆ ਹੈ। ਇਸੇ ਤਰ੍ਹਾਂ ਚੰਡੀਗੜ੍ਹ ਤੋਂ ਸੋਨੀਆ ਅਰੋੜਾ ਅਤੇ ਮੋਹਾਲੀ ਤੋਂ ਅਮਨਦੀਪ ਸਿੰਘ ਗੁਲਾਟੀ ਨੂੰ ਬੈਸਟ ਜੋਨ ਚੇਅਰਮੈਨ ਚੁਣਿਆ ਗਿਆ। ਇਸ ਤੋਂ ਇਲਾਵਾ ਲਾਇਨਜ ਕਲੱਬ ਡੇਰਾਬੱਸੀ ਨੂੰ ਬੈਸਟ ਕਲੱਬ ਐਲਾਨਿਆ ਗਿਆ ਜਦਕਿ ਮੋਹਾਲੀ ਕਲੱਬ ਦੇ ਪ੍ਰਧਾਨ ਅਮਿਤ ਨਰੂਲਾ ਨੂੰ ਬੈਸਟ ਪ੍ਰਧਾਨ ਵਜੋਂ ਸਨਮਾਨਿਤ ਕੀਤਾ ਗਿਆ ।ਲਾਇਨਜ ਕਲੱਬ ਇੰਟਰਨੈਸ਼ਨਲ ਰੀਜਨ-9 ਦੇ ਪੀ.ਆਰ.ਉ. ਲਾਇਨ ਕਰਮ ਸਿੰਘ ਨੇ ਦੱਸਿਆ ਕਿ ਲਾਇਨਜ ਕਲੱਬ ਇੰਟਰਨੈਸ਼ਨਲ ਦੇ ਮਲਟੀਪਲ ਸਾਲਾਨਾ ਐਵਾਰਡ ਸਮਾਗਮ ਵਿੱਚ ਦਸ ਜ਼ਿਲਿਆਂ ਦੇ ਲਾਇਨਜ ਕਲੱਬਾਂ ਦੇ ਅਹੁਦੇਦਾਰਾਂ ਨੇ ਭਾਗ ਲਿਆ। ਸਮਾਗਮ ਵਿੱਚ ਲਾਇਨਜ ਕਲੱਬਾਂ ਦੇ ਇੰਟਰਨੈਸ਼ਨਲ ਡਾਇਰੈਕਟਰ ਜਤਿੰਦਰ ਚੌਹਾਨ ਨੇ ਬਤੌਰ ਮੁੱਖ ਮਹਿਮਾਨ ਅਤੇ ਦਸ ਜ਼ਿਲਿਆਂ ਦੇ ਡਿਸਟ੍ਰਿਕਟ ਗਵਰਨਰਾਂ ਨੇ ਵਿਸ਼ੇਸ਼ ਮਹਿਮਾਨਾਂ ਵਜੋਂ ਆਪਣੀ ਹਾਜ਼ਰੀ ਲਗਵਾਈ ।ਇਸ ਮੌਕੇ 321-ਐਫ ਦੇ ਜ਼ਿਲ੍ਹਾ ਗਵਰਨਰ ਰਵਿੰਦਰ ਸੱਗਰ ਨੂੰ ਮਲਟੀਪਲ ਚੇਅਰਮੈਨ ਬਣਾਉਣ ਦਾ ਐਲਾਨ ਕੀਤਾ ਗਿਆ।ਰੀਜਨ ਚੇਅਰਮੈਨ ਕੇ.ਪੀ. ਸ਼ਰਮਾ ਨੇ ਕਿਹਾ ਕਿ ਇਹ ਐਵਾਰਡ ਉਨ੍ਹਾਂ ਦੀ ਸਮੁੱਚੀ ਟੀਮ ਦੇ ਸਹਿਯੋਗ ਨਾਲ ਹੀ ਹਾਸਿਲ ਹੋਇਆ ਹੈ। ਉਨ੍ਹਾਂ ਨੇ ਆਪਣੀ ਸਾਰੀ ਟੀਮ ਅਤੇ ਲਾਇਨਜ਼ ਲੀਡਰਸ਼ਿਪ ਦਾ ਧੰਨਵਾਦ ਕੀਤਾ।ਇਸ ਮੌਕੇ ਲਾਇਨ ਨਕੇਸ਼ ਗਰਗ , ਜ਼ਿਲ੍ਹਾ ਗਵਰਨਰ ਅੰਮ੍ਰਿਤਪਾਲ ਸਿੰਘ ਜੰਡੂ , ਉਪ ਗਵਰਨਰ-1 ਅਜੈ ਕੁਮਾਰ ਗੋਇਲ ਅਤੇ ਉਪ ਗਵਰਨਰ -2 ਨਰੇਸ਼ ਗੋਇਲ ਤੋਂ ਇਲਾਵਾ ਦਸ ਜ਼ਿਲ੍ਹਿਆਂ ਦੇ ਸੀਨੀਅਰ ਅਹੁਦੇਦਾਰਾਂ ਨੇ ਆਪਣੀ ਹਾਜ਼ਰੀ ਦਰਜ ਕਰਵਾਈ ਅਤੇ ਸੇਵਾ ਕਾਰਜਾਂ ਵਿੱਚ ਹੋਰ ਵਧੀਆ ਕਾਰਗੁਜ਼ਾਰੀ ਦਿਖਾਉਣ ਦਾ ਭਰੋਸਾ ਦਿੱਤਾ ।

# ਹੈਰੋਇਨ ਸਮੇਤ ਔਰਤ ਕਾਬੂ

**ਕਪੂਰਥਲਾ (ਮਨਜੀਤ ਮਾਨ)** ਢਿਲਵਾਂ ਪੁਲਸ ਨੇ 6 ਗ੍ਰਾਮ ਹੈਰੋਇਨ ਸਮੇਤ ਔਰਤ ਨੂੰ ਕਾਬੂ ਕੀਤਾ ਹੈ। ਇਸ ਸਬੰਧੀ ਥਾਣਾ ਮੁਖੀ ਢਿਲਵਾਂ ,ਮਨਜੀਤ ਸਿੰਘ, ਏ ਐਸ ਆਈ ਪਰਮਜੀਤ ਸਿੰਘ ਨੇ ਦੱਸਿਆ ਕਿ ਪੁਲਸ ਪਾਰਟੀ ਗਸ਼ਤ ਵਾ ਤਲਾਸ਼ ਭੇੜੈ ਪੁਰਸ਼ਾਂ ਦੇ ਸਬੰਧ ਵਿੱਚ ਪਿੰਡ,ਗੁਡਾਣਾ, ਸਾਹਪੁਰਪੀਰਾ ਆਦਿ ਨੂੰ ਜਾ ਰਹੇ ਸਨ ਕਿ ਜਦੋਂ ਪੁਲਸ ਪਾਰਟੀ ਪੁਰਾਣਾ ਪੁੱਲ ਵੱਲ ਦੀ ਗੁਡਾਣਾ ਨੂੰ ਜਾ ਰਹੀ ਸੀ ਤਾਂ ਪੁਰਾਣਾ ਪੁੱਲ ਦੇ ਨੇੜੇ ਇੱਕ ਔਰਤ ਖੜੀ ਦਿਖਾਈ ਦਿੱਤੀ, ਜਿਸ ਨੇ ਗੱਡੀ ਦੇਖ ਕਿ ਅੱਖ ਬਚਾ ਕਿ ਆਪਣੇ ਸੱਜੇ ਹੱਥ ਵਿੱਚ ਫੜਿਆ ਇੱਕ ਵਜਨਦਾਰ ਲਿਫਾਫਾ ਸੜਕ ਕਿਨਾਰੇ ਘਾਹ 'ਤੇ ਸੁੱਟ ਦਿੱਤਾ। ਉਸ ਔਰਤ ਨੂੰ ਕਾਬੂ ਕਰਕੇ ਉਸ ਵੱਲੋ ਸੁੱਟੇ ਲਿਫਾਫੇ ਵਿੱਚੋ 06 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ। ਪੁਲਸ ਨੇ ਉਕਤ ਔਰਤ ਪਰਮਜੀਤ ਕੌਰ ਵਾਸੀ ਡੋਗਰਾਂਵਾਲ 'ਤੇ ਕੇਸ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਬਲੱਡ ਡੋਨਰਜ਼ ਕੌਂਸਲ ਨੇ ਪ੍ਰਿੰਸੀਪਲ ਦੀ ਯਾਦਗਾਰੀ ਤਸਵੀਰ ਸਥਾਪਤ ਕੀਤੀ

**ਨਵਾਂਸ਼ਹਿਰ (ਮਨੋਜ ਲਾਡੀ)**- ਸਥਾਨਕ ਪ੍ਰਸਿੱਧ ਸਮਾਜ ਸੇਵੀ ਸੰਸਥਾ ਬਲੱਡ ਡੋਨਰਜ਼ ਕੌਂਸਲ ਨੇ ਇਲਾਕੇ ਦੇ ਸੰਸਥਾਪਕ, ਪ੍ਰਸਿੱਧ ਸਿੱਖਿਆ ਸ਼ਾਸਤਰੀ ਸਵ: ਪ੍ਰਿੰਸੀਪਲ ਨੰਦ ਲਾਲ ਦੀਆਂ ਵਿਦਿਅਕ ਖੇਤਰ ਵਿੱਚ ਸੇਵਾਵਾਂ



ਨੂੰ ਯਾਦ ਕਰਦਿਆਂ ਉਹਨਾਂ ਦੀ ਯਾਦਗਾਰੀ ਤਸਵੀਰ ਪੱਕੇ ਤੌਰ 'ਤੇ ਭੱਟੀ ਮੈਮੋਰੀਅਲ ਹਾਲ ਵਿੱਚ ਸਥਾਪਤ ਕੀਤੀ ਹੈ। ਸ਼ਹਿਰ ਦੇ ਇੱਕ ਵਿੱਤੀ-ਸਹਿਯੋਗੀ ਪਰਵਾਰ ਨੇ ਬੀ.ਡੀ.ਸੀ ਨਾਲ ਸਹਿਯੋਗ ਕਰਦਿਆਂ ਉੱਘੇ ਸਿੱਖਿਆ ਸ਼ਾਸਤਰੀ ਦੀਆਂ ਸੇਵਾਵਾਂ ਪ੍ਰਤੀ ਸ਼ਰਧਾ ਦਾ ਪ੍ਰਗਟਾਵਾ ਕੀਤਾ ਹੈ। ਉਹਨਾਂ ਨੇ ਬਤੌਰ ਸੰਸਥਾਪਕ ਪ੍ਰਿੰਸੀਪਲ ਬਾਰਾਂ ਸਾਲ ਸਮਰਪਤ ਸੇਵਾ ਕੀਤੀ ਤੇ ਉਹ ਉਸ ਵੇਲੇ ਪੰਜਾਬ ਵਿਧਾਨ ਪ੍ਰੀਸ਼ਦ ਦੇ ਮੈਂਬਰ ਵੀ ਚੁਣੇ ਗਏ। ਵਿਚਾਰ ਚਰਚਾ ਦੌਰਾਨ ਬੁਲਾਰਿਆਂ ਨੇ ਕਿਹਾ ਕਿ ਅੱਜ ਪ੍ਰਿੰਸੀਪਲ ਨੰਦ ਲਾਲ ਦੀ ਤਸਵੀਰ ਸਥਾਪਤ ਕਰਦਿਆਂ ਸਾਨੂੰ ਸਭ ਨੂੰ ਵਿਸ਼ੇਸ਼ ਸਕੂਨ ਮਿਲਿਆ ਹੈ ।ਯਾਦਗਾਰੀ ਤਸਵੀਰ ਦੀ ਸਥਾਪਤੀ ਵੇਲੇ ਐਸ.ਕੇ.ਸਰੀਨ, ਜੇ.ਐਸ.ਗਿੱਦਾ, ਪ੍ਰਵੇਸ਼ ਕੁਮਾਰ, ਸੁਰਿੰਦਰ ਕੌਰ ਤੂਰ ,ਅੰਜੂ ਸਰੀਨ, ਡਾ.ਅਜੇ ਬੱਗਾ, ਨਰਿੰਦਰ ਸਿੰਘ ਭਾਰਟਾ, ਯੁਵਰਾਜ ਕਾਲੀਆ, ਗੌਰਵ ਸਰੀਨ, ਮੈਨੇਜਰ ਮਨਮੀਤ ਸਿੰਘ, ਪ੍ਰਿੰਸੀਪਲ ਬਿਕਰਮਜੀਤ ਸਿੰਘ, ਨਰਿੰਦਰਪਾਲ ਤੂਰ, ਅਮਰਜੀਤ ਸਿੰਘ ਬਿੱਲਾ ਤੇ ਸਟਾਫ ਹਾਜ਼ਰ ਸੀ।

# ਪੰਜਾਬ ਸਰਕਾਰ ਦੀ ਘੁਰਕੀ ਤੋਂ ਬਾਅਦ ਬੀ ਬੀ ਐੱਮ ਬੀ ਨੇ ਸਿਨੇਮਾ ਟਾਕੀਜ਼ ਦਾ ਮਲਬਾ ਚੁੱਕਣਾ ਕੀਤਾ ਸ਼ੁਰੂ

**ਨੰਗਲ (ਸੁਰਜੀਤ ਸਿੰਘ)**- ਪੰਜਾਬ ਸਰਕਾਰ ਵੱਲੋਂ ਬੀ ਬੀ ਐੱਮ ਬੀ ਨੂੰ 2 ਮਈ ਨੂੰ ਅਲਟੀਮੇਟਮ ਦਿੱਤਾ ਗਿਆ ਸੀ ਕਿ ਉਹ ਸਿਨੇਮਾ ਟਾਕੀਜ਼ ਵਾਲੀ ਥਾਂ 'ਤੇ ਪਏ ਮਲਵੇ ਨੂੰ 2 ਜੂਨ ਤੋਂ ਪਹਿਲਾਂ ਪਹਿਲਾਂ ਖ਼ੁਦ ਚੁੱਕ ਲਵੇ ਨਹੀਂ ਤਾਂ ਉਕਤ ਥਾਂ 'ਤੇ ਪੰਜਾਬ ਸਰਕਾਰ ਆਪਣੇ ਪੱਧਰ 'ਤੇ ਸਫਾਈ ਕਰਵਾ ਦਵੇਗੀ। ਉਸ ਮੌਕੇ ਬੀ ਬੀ ਐੱਮ ਬੀ ਅਧਿਕਾਰੀਆਂ ਨੇ ਵੀ ਇੱਕ ਮਹੀਨੇ ਦਾ ਸਮਾਂ ਮੰਗਦਿਆਂ ਇੱਕ ਟਿੱਪਰ ਮਲਵੇ ਦਾ 2 ਮਈ ਨੂੰ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਸ੍ਰੀ ਗੁਰੂ ਰਵਿਦਾਸ ਆਯੁਰਵੈਦਿਕ ਯੂਨੀਵਰਸਿਟੀ ਪੰਜਾਬ ਚੇਅਰਮੈਨ ਡਾ. ਸੰਜੀਵ ਗੌਤਮ ਤੇ ਸਥਾਨਕ ਲੋਕਾਂ ਦੀ ਮਦਦ ਨਾਲ ਚੁੱਕਣ ਦੀ ਸ਼ੁਰੂਆਤ ਕਰ ਦਿੱਤੀ ਸੀ।ਜਿਸ ਤੋਂ ਬਾਅਦ ਸ਼ਾਮ ਸਮੇਂ ਉਕਤ ਮਲਵੇ ਕੋਲ ਖੜ੍ਹੇ ਹੋ ਕੇ ਹਲਕਾ ਵਿਧਾਇਕ ਅਤੇ ਪੰਜਾਬ ਦੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਸੀ ਕਿ ਉਹ ਉਕਤ ਥਾਂ ਨੂੰ ਸਾਫ ਕਰਵਾ ਕੇ ਇੱਥੇ ਦੁਸਹਿਰੇ ਦਾ ਪਰਵ ਮਨਾਉਣਗੇ। ਹਾਲੇ ਦਿੱਤੇ ਗਏ ਅਲਟੀਮੇਟਮ ਨੂੰ ਇੱਕ ਹਫਤੇ ਦਾ ਸਮਾਂ ਬਾਕੀ ਸੀ ਕਿ ਬੀ ਬੀ ਐੱਮ ਬੀ ਨੇ 26 ਮਈ ਨੂੰ ਹੀ ਉਕਤ ਥਾਂ 'ਤੇ ਆਪਣਾ ਲੋਡਰ ਅਤੇ ਟਿੱਪਰ ਲਗਾ ਕੇ ਮਲਵਾ ਚੁਕਵਾਉਣ ਦਾ ਕੰਮ ਸ਼ੁਰੂ ਕਰ ਦਿੱਤਾ। ਮੌਕੇ 'ਤੇ ਮੌਜੂਦ ਚੇਅਰਮੈਨ ਡਾ. ਸੰਜੀਵ ਗੌਤਮ ਨੇ ਕਿਹਾ ਕਿ ਬੀ ਬੀ ਐੱਮ ਬੀ ਦੇ ਦਫਤਰ ਤੇ ਕਾਲੋਨੀਆਂ ਪੰਜਾਬ ਸਰਕਾਰ ਦੀ ਜਗ੍ਹਾ 'ਤੇ ਸਥਾਪਿਤ ਹਨ। ਇਨ੍ਹਾਂ ਵੱਲੋਂ ਲੋਕਾਂ ਕੋਲੋਂ ਲਈ ਲੀਜ਼ ਜੋ ਪੰਜਾਬ ਸਰਕਾਰ ਨੂੰ ਬੀ



ਬੀ ਐੱਮ ਬੀ ਨੇ ਜਮ੍ਹਾ ਕਰਵਾਉਣੀ ਹੁੰਦੀ ਸੀ, ਦਾ ਵੀ ਹਿਸਾਬ ਹਾਲੇ ਇਨ੍ਹਾਂ ਕੋਲੋਂ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਲੋਕਾਂ ਦੇ ਮਨੋਰੰਜਨ ਦਾ ਸਾਧਨ ਵੀ ਉਸ ਸਮੇਂ ਦੇ ਲੀਡਰਾਂ ਦੀ ਸ਼ਹਿ 'ਤੇ ਆਪਣਾ ਦਬਦਬਾ ਬਣਾ ਕੇ ਰੱਖਣ ਲਈ ਬੀ ਬੀ ਐੱਮ ਬੀ ਵੱਲੋਂ ਗੈਰ ਕਾਨੂੰਨੀ ਤਰੀਕੇ ਨਾਲ ਤੁੜਵਾਇਆ ਗਿਆ ਸੀ। ਹਾਲਾਂਕਿ ਸਿਨੇਮਾ ਹਾਲ ਨੂੰ ਤੋੜਨ ਦੇ ਕੋਈ ਵੀ ਫਰਮਾਨ ਜਾਰੀ ਨਹੀਂ ਹੋਏ ਸੀ।ਡਾ. ਸੰਜੀਵ ਗੌਤਮ ਨੇ ਕਿਹਾ ਕਿ ਲੋਕਾਂ ਨੂੰ ਘਬਰਾਉਣ ਦੀ ਕੋਈ ਜ਼ਰੂਰਤ ਨਹੀਂ ਹੈ। ਪੁਰਾਣੇ ਲੀਡਰ ਤੇ ਹਰਿਆਣਾ ਦੇ ਅਫਸਰ ਲੋਕਾਂ ਨੂੰ ਪਹਿਲਾਂ ਦਬਾਉਂਦੇ ਰਹੇ ਪਰ ਹੁਣ ਸਮਾਂ ਬਦਲ ਚੁੱਕਿਆ ਹੈ, ਲੋਕ ਜਾਗਰੂਕ ਹੋ ਚੁੱਕੇ ਤੇ ਸਾਡੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਾਲ ਨਾਲ ਸਾਰੇ ਮੰਤਰੀ ਇਸ ਗੱਲ ਇਹ ਗੱਲ ਬੋਲ ਚੁੱਕੇ ਹਨ ਕਿ ਬੀ ਬੀ ਐੱਮ ਬੀ ਵਿੱਚ ਜਿੱਥੇ ਪੰਜਾਬ ਸਰਕਾਰ ਦਾ 60 ਫੀਸਦੀ ਹਿੱਸਾ ਹੈ, ਉੱਥੇ ਹੀ ਮੰਤਰੀ ਬੈਂਸ ਵਿਧਾਨ ਸਭਾ ਸੈਸ਼ਨ ਦੌਰਾਨ ਬੋਲ ਚੁੱਕੇ ਹਨ ਕਿ ਬੀ ਬੀ ਐੱਮ ਬੀ ਨੇ ਪੰਜਾਬ ਸਰਕਾਰ ਦੀ ਸੈਂਕੜੇ ਏਕੜ ਜ਼ਮੀਨ 'ਤੇ ਕਬਜ਼ਾ ਕੀਤਾ ਹੋਇਆ ਹੈ। ਦੂਜੇ ਪਾਸੇ ਰੋਜ਼ਾਨਾ ਇਨ੍ਹਾਂ ਦੇ ਦਫਤਰਾਂ, ਕਮਿਊਨਿਟੀ ਸੈਂਟਰ, ਵਰਕਸ਼ਾਪਾਂ ਵਿੱਚ ਹੋ ਰਹੀਆਂ ਚੋਰੀਆਂ ਇਸ ਗੱਲ ਦਾ ਪੁਖਤਾ ਸਬੂਤ ਹੈ ਕਿ ਇਹ ਅਫਸਰ ਭਾਖੜਾ ਬਿਆਸ ਪ੍ਰਬੰਧ ਬੋਰਡ ਪ੍ਰਾਜੈਕਟ ਨੂੰ ਲੈ ਕੇ ਕਿੰਨੇ ਕੁ ਜ਼ਿੰਮੇਵਾਰ ਹਨ। ਡਾ. ਗੌਤਮ ਨੇ ਕਿਹਾ ਕਿ ਪਹਿਲੀ ਵਾਰ ਹੋਇਆ ਹੈ ਕਿ 12 ਹਜ਼ਾਰ ਤੋਂ ਵੱਧ ਨਸ਼ਾ ਤਸਕਰ ਪੰਜਾਬ ਪੁਲਸ ਨੇ ਸਲਾਖਾਂ ਪਿੱਛੇ ਡੱਕੇ ਹਨ । ਉਨ੍ਹਾਂ ਸਥਾਨਕ ਦੁਕਾਨਦਾਰਾਂ ਨੂੰ ਅਪੀਲ ਕੀਤੀ ਹੈ ਕਿ ਸੜਕਾਂ 'ਤੇ ਗੈਰ ਕਾਨੂੰਨੀ ਤਰੀਕੇ ਨਾਲ ਉਸਾਰੀ ਨਾ ਕਰਨ। ਇਸ ਮੌਕੇ ਸੈਣੀ ਫੌਜੀ, ਸਰਪੰਚ ਪੰਮੂ ਢਿੱਲੋਂ ਤੇ ਹੋਰ ਪਾਰਟੀ ਵਰਕਰ ਦੀ ਮੌਜੂਦ ਸਨ।

# ਇਪਟਾ ਕਪੂਰਥਲਾ ਨੇ ਇਪਟਾ ਦੀ 82ਵੀਂ ਵਰ੍ਹੇਗੰਢ ਮਨਾਈ



**ਕਪੂਰਥਲਾ** : ਇਪਟਾ ਕਪੂਰਥਲਾ ਵਲੋਂ ਲੋਕ ਕਲਾ ਮੰਚ ਦੇ ਸਹਿਯੋਗ ਨਾਲ ਇੰਡੀਅਨ ਪੀਪਲਜ਼ ਥਿਏਟਰ ਐਸੋਸੀਏਸ਼ਨ (ਇਪਟਾ) ਦੀ 82ਵੀਂ ਵਰ੍ਹੇਗੰਢ ਰੂਪੋਵਾਲੀ ਰੰਗਮੰਚ ਭਵਨ, ਨਾਨਕਸਰ ਨਗਰ, ਆਰ.ਸੀ.ਐਫ. ਕਪੂਰਥਲਾ ਵਿਖੇ ਉਤਸ਼ਾਹ ਨਾਲ ਮਨਾਈ ਗਈ। ਸਮਾਗਮ ਦੌਰਾਨ ਵਿਸ਼ੇਸ਼ ਮਹਿਮਾਨਾਂ ਵਜੋਂ ਸਤਨਾਮ ਮੂਧਲ ਸੰਪਾਦਕ ਰੰਗਕਰਮੀ ਮੈਗਜ਼ੀਨ, ਫਿਲਮ ਅਦਾਕਾਰਾ ਮੈਡਮ ਇੰਦਰਜੀਤ ਲੋਟੇ ਅਤੇ ਲੋਕ ਗਾਇਕ ਰਾਜੇਸ਼ ਪੁਰੀ ਸ਼ਾਮਲ ਹੋਏ। ਇਸ ਤੋਂ ਪਹਿਲਾਂ ਝੰਡਾ ਲਹਿਰਾਉਣ ਦੀ ਰਸਮ ਇੰਦਰਜੀਤ ਰੂਪੋਵਾਲੀ ਨੈਸ਼ਨਲ ਸਹਾਇਕ ਸਕੱਤਰ ਅਤੇ ਜਰਨਲ ਸਕੱਤਰ ਇਪਟਾ ਪੰਜਾਬ ਵਲੋਂ ਨਿਭਾਈ ਗਈ। ਬੁਲਾਰਿਆਂ ਨੇ ਭਾਰਤ-ਪਾਕ ਦਰਮਿਆਨ ਬਣੇ ਤਨਾਅਪੂਰਨ ਹਾਲਾਤ ਨੂੰ ਦੇਖਦੇ ਹੋਏ 'ਜੰਗ ਨਹੀਂ ਅਮਨ' ਦੀ ਗੱਲ ਕਰਦਿਆਂ ਸ਼ਾਂਤੀ ਦਾ ਸੁਨੇਹਾ ਦਿੱਤਾ। ਸਮਾਗਮ ਦੌਰਾਨ ਰਣਜੀਤ ਸਪਨਾ ਰੰਗਕਰਮੀ ਤੇ ਲੋਕ ਗਾਇਕ ਨੂੰ ਰੇਲ ਕੋਚ ਫੈਕਟਰੀ ਕਪੂਰਥਲਾਂ ਤੋਂ ਸੇਵਾ ਮੁਕਤੀ ਮੌਕੇ ਵਿਸ਼ੇਸ਼ ਸਨਮਾਨ ਨਾਲ ਨਿਵਾਜਿਆ ਗਿਆ। ਲੋਕ ਕਲਾ ਮੰਚ ਵਲੋਂ ਨਾਟਕ 'ਜੰਜ਼ੀਰੇਂ' ਦੀ ਪ੍ਰਭਾਵਸ਼ਾਲੀ ਪੇਸ਼ਕਾਰੀ ਦਿੱਤੀ ਗਈ। ਜਿਸ ਦੇ ਲੇਖਕ ਅਤੇ ਨਿਰਦੇਸ਼ਕ ਨੀਰਜ਼ ਕੌਸ਼ਿਕ ਸਨ। ਮੁੱਖ ਕਿਰਦਾਰ ਐਸ.ਪੀ. ਸਿੰਘ, ਭਰਤ ਵਿਰਦੀ, ਸਾਹਿਲ ਵਲੋਂ ਨਿਭਾਏ ਗਏ। ਡਾ. ਹਰਭਜਨ ਸਿੰਘ ਨੇ ਇਪਟਾ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਇਸ ਤੋਂ ਇਲਾਵਾ ਲੋਕ ਸੰਗੀਤ ਅਤੇ ਕੋਰੀਓਗਰਾਫੀ ਦੀਆਂ ਖ਼ੂਬਸੂਰਤ ਪੇਸ਼ਕਾਰੀਆਂ ਦਿੱਤੀਆਂ ਗਈਆਂ। ਸਟੇਜ ਦੀ ਭੂਮਿਕਾ ਦੀਪਕ ਨਾਹਰ ਨੇ ਨਿਭਾਈ। ਸਮਾਗਮ ਦਾ ਪ੍ਰਬੰਧ ਸਰਬਜੀਤ ਰੂਪੋਵਾਲੀ, ਕਸ਼ਮੀਰ ਬਜਰੌਰ, ਸ਼ਰਨਜੀਤ ਸੋਹਲ, ਆਂਚਲ, ਸਵਰਾਜ ਕੌਰ, ਅਨਿਲ ਕੁਮਾਰ ਤੇ ਜਸਵੰਤ ਮਜਬੂਰ ਨੇ ਕੀਤਾ। ਅੰਤ ਵਿੱਚ ਇਪਟਾ ਕਪੂਰਥਲਾ ਦੇ ਪ੍ਰਧਾਨ ਡਾ. ਹਰਭਜਨ ਸਿੰਘ ਨੇ ਆਏ ਹੋਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ।

# ਪੜ੍ਹਾਈ ਦੇ ਖੇਤਰ 'ਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਦਾ ਕੀਤਾ ਸਨਮਾਨ

**ਕਾਲਾ ਸੰਘਿਆਂ (ਮਨਜੀਤ ਮਾਨ)**- ਸਰਕਾਰੀ ਹਾਈ ਸਕੂਲ ਤਲਵੰਡੀ ਭਰੋ (ਨਕੋਦਰ 2) ਵਿੱਚ ਅੱਠਵੀਂ ਦਸਵੀਂ ਅਤੇ ਬਾਰਵੀਂ ਕਲਾਸ ਦੇ ਸ਼ੈਸਨ 2024-25 ਦੇ 80% ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ ਹੋਣਹਾਰ ਵਿਦਿਆਰਥੀਆਂ ਦਾ ਸਨਮਾਨ ਕੀਤਾ ਗਿਆ। ਹੈੱਡਮਾਸਟਰ ਕਮਲਜੀਤ ਸਿੰਘ ਅਤੇ ਸਮੂਹ ਸਟਾਫ ਐਸ ਐਮ ਸੀ ਕਮੇਟੀ ਅਤੇ ਚੇਅਰਮੈਨ ਲਖਵੀਰ ਸਿੰਘ ਗਿੱਲ ਗ੍ਰਾਮ ਪੰਚਾਇਤ ਅਤੇ ਸਰਪੰਚ ਹਰਪ੍ਰੀਤ ਸਿੰਘ ਹੈਪੀ (ਸਮਾਜ ਸੇਵੀ), ਬਲਵਿੰਦਰ ਸਿੰਘ ਖਹਿਰਾ, ਮਨਜਿੰਦਰ ਸਿੰਘ ਖਹਿਰਾ ਸ਼ਾਮਲ ਹੋਏ ਇਸ ਸਕੂਲ ਦੇ ਰਹਿ ਚੁੱਕੇ




ਵਿੱਦਿਆਰਥੀ ਅਮਨਦੀਪ ਕੁਮਾਰ,ਐਸ ਐਚ ਓ, ਸੁਭਾਨਪੁਰ, ਜ਼ਿਲ੍ਹਾ ਕਪੂਰਥਲਾ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ ਅਤੇ ਵਿੱਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਪੜ੍ਹਾਈ ਲਈ ਪ੍ਰੇਰਿਤ ਕੀਤਾ ਅਤੇ ਯੁੱਧ ਨਸ਼ਿਆਂ ਵਿਰੁੱਧ ਅਧੀਨ ਇਸ ਬੁਰਾਈ ਤੋਂ ਦੂਰ ਰਹਿਣ ਲਈ ਸੁਨੇਹਾ ਦਿੱਤਾ।ਇਸ ਸਮਾਰੋਹ ਵਿੱਚ ਅੱਠਵੀਂ ਕਲਾਸ ਦੇ ਮੰਨਤ ਗਿੱਲ, ਸੁਨੀਤਾ ,ਮੰਨਤ ਸਿੱਧੂ, ਇਮਾਨਤੀ ਅਰਸ਼ਦੀਪ ਕੌਰ,ਤਰਨਜੀਤ ਕੌਰ, ਸ਼ਿਵਾਨੀ,ਰਾਜਵੀਰ ਸਿੰਘ, ਰਣਵੀਰ, ਨਮਨ, ਸਮੇਤ ਨੌਂ ਵਿੱਦਿਆਰਥੀ ਅਤੇ ਦੱਸਵੀਂ ਕਲਾਸ ਦੇ ਸਿਮਰਨਜੀਤ ਕੌਰ, ਜਸਪ੍ਰੀਤ ਕੌਰ ,ਸਿਮਰਨ ਕੌਰ,ਕੋਮਲਪ੍ਰੀਤ ਕੌਰ, ਯੋਗਿਤਾ ਸਮੇਤ ਪੰਜ ਵਿਦਿਆਰਥੀ ਅਤੇ ਬਾਰਵੀਂ ਕਲਾਸ ਦੀ ਸਿਮਰਨਜੀਤ ਕੌਰ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਸਮਾਗਮ ਲਈ ਵਿਸ਼ੇਸ਼ ਸਹਿਯੋਗ ਦੇਣ ਵਾਲੇ ਪਰਮਿੰਦਰ ਸਿੰਘ ਅਟਵਾਲ ਸਪੁੱਤਰ ਦਲਬੀਰ ਸਿੰਘ ਅਟਵਾਲ ਕੈਨੇਡਾ ਨਿਵਾਸੀ ਦਾ ਧੰਨਵਾਦ ਕੀਤਾ ਗਿਆ।ਅੰਤ ਵਿੱਚ ਇਸ ਸਕੂਲ ਦੇ ਰਹਿ ਚੁੱਕੇ ਵਿੱਦਿਆਰਥੀ ਮਨਦੀਪ ਕੁਮਾਰ ਸਿੱਧੂ ਅਤੇ ਕੁਲਦੀਪ ਕੌਰ ਪ੍ਰਾਇਮਰੀ ਟੀਚਰਾਂ ਨੂੰ ਵੀ ਸਨਮਾਨਤ ਕੀਤਾ ਗਿਆ।

# ਪ੍ਰਿੰਸੀਪਲ ਅੰਗਦ ਦੇਵ ਮਹਿਤਾ ਦੀ ਅੰਤਮ ਅਰਦਾਸ ਮੌਕੇ ਭਾਵਭਿੰਨੀਆਂ ਸ਼ਰਧਾਂਜਲੀਆਂ

**ਮਹਿਤਪੁਰ (ਰਾਜਾ)** ਪਿਛਲੇਂ ਦਿਨੀਂ ਆਪਣੇ ਸਵਾਸਾਂ ਦੀ ਪੂੰਜੀ ਨੂੰ ਪੂਰਾ ਕਰਦੇ ਹੋਏ ਪ੍ਰਿੰਸੀਪਲ ਅੰਗਦ ਦੇਵ ਮਹਿਤਾ ਜੋ ਆਪਣੇ ਪਰਵਾਰਕ ਮੈਂਬਰ ਅਜੀਤ ਸਮਾਚਾਰ ਦੇ ਪੱਤਰਕਾਰ ਵਿਕਰਮ ਮਹਿਤਾ, ਪਤਨੀ ਵੀਨਾ ਮਹਿਤਾ, ਵੱਡੇ ਭਰਾ ਰਣਵੀਰ ਕੁਮਾਰ ਮਹਿਤਾ, ਸੁਨੀਲ ਮਹਿਤਾ, ਗੁੰਜਨ ਮਹਿਤਾ, ਪੂਨਮ ਮਹਿਤਾ, ਆਦਿ ਨੂੰ ਸਦੀਵੀ ਵਿਛੋੜਾ ਦੇ ਕੇ ਗੁਰ ਚਰਨਾਂ ਵਿੱਚ ਜਾ ਬਿਰਾਜੇ। ਜਿਨ੍ਹਾਂ ਦੀ ਅੰਤਿਮ ਸ਼ਾਂਤੀ ਲਈ ਸ੍ਰੀ ਗਰੁੜ ਪ੍ਰਾਣ ਦੇ ਪਾਠ ਦਾ ਭੋਗ ਸੇਤੀਆ



ਰਿਸੋਰਟਸ ਮਹਿਤਪੁਰ ਵਿਖੇ ਪਾਏ ਗਏ। ਉਪਰੰਤ ਸ਼ਰਧਾਂਜਲੀ ਸਮਾਗਮ ਕਰਵਾਇਆ ਗਿਆ।ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ, ਹਲਕਾ ਇੰਚਾਰਜ ਪਿੰਦਰ ਪੰਡੋਰੀ, ਰਾਣਾ ਹਰਦੀਪ ਸਿੰਘ, ਅਕਾਲੀ ਦਲ ਤੋਂ ਬਚਿੱਤਰ ਸਿੰਘ ਕੁਹਾੜ, ਸ਼ਿਵ ਪ੍ਰਕਾਸ਼, ਰਮੇਸ਼ ਵਰਮਾ ਆਦਿ ਨੇ ਵਿਛੜੀ ਹੋਈ ਰੂਹ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਉਨ੍ਹਾ ਕਿਹਾ ਕਿ ਪ੍ਰਿੰਸੀਪਲ ਅੰਗਦ ਦੇਵ ਮਹਿਤਾ ਇੱਕ ਚੰਗੀ ਸ਼ਖਸ਼ੀਅਤ ਸਨ, ਜਿਨ੍ਹਾਂ ਨੇ ਲੰਮਾ ਸਮਾਂ ਨੌਜਵਾਨੀ ਦੇ ਭਵਿੱਖ ਵਿੱਚ ਗੁਜ਼ਾਰਿਆ ਅਤੇ ਬੱਚਿਆਂ ਨੂੰ ਚੰਗੀ ਸਿੱਖਿਆ ਦੇ ਵੱਖ-ਵੱਖ ਮੁਕਾਮ 'ਤੇ ਪਹੁੰਚਾਇਆ। ਇਸ ਮੌਕੇ ਡੀ.ਐਸ.ਪੀ ਓਂਕਾਰ ਸਿੰਘ ਬਰਾੜ, ਐਸ.ਐਚ.ਓ ਬਲਬੀਰ ਸਿੰਘ, ਨਗਰ ਪੰਚਾਇਤ ਮਹਿਤਪੁਰ ਦੇ ਪ੍ਰਧਾਨ ਰਮੇਸ਼ ਮਹੇ, ਉੱਪ ਪ੍ਰਧਾਨ ਮਹਿੰਦਰਪਾਲ ਸਿੰਘ ਟੁਰਨਾ, ਬਲਜਿੰਦਰ ਸਿੰਘ ਕੰਗ, ਦਲਜੀਤ ਕਾਹਲੋ, ਪ੍ਰਧਾਨ ਅਸ਼ੋਕ ਚੌਹਾਨ, ਰਜਿੰਦਰ ਸਿੰਘ ਸੋਨੂੰ, ਕਮਲ ਹੀਰ, ਮਨੋਜ ਚੋਪੜਾ, ਕੌਂਸਲਰ ਕ੍ਰਾਂਤੀਜੀਤ ਚੌਹਾਨ, ਕਸ਼ਮੀਰੀ ਲਾਲ, ਪ੍ਰਸ਼ੋਤਮ ਲਾਲ, ਅਸ਼ੋਕ ਕਾਮਰੇਡ , ਦੀਪਕ ਸੂਦ, ਸੁਰਜੀਤ ਮਾਨ, ਰਾਜੇਸ਼ ਮਹਿਤਾ, ਹਰਭਜਨ ਸਿੰਘ ਰਾਜਾ, ਅੰਬਾ ਮੱਟੂ, ਦਰਸ਼ਨ ਸਿੰਘ ਕੋਮਲ, ਕੇਸ਼ੀ ਕਾਮਰੇਡ, ਕਮਲ ਹੀਰ, ਨਰੇਸ਼ ਛਿੱਬਰ, ਟੋਨੀ ਅਨੇਜਾ, ਮਾਸਟਰ ਲਖਵਿੰਦਰ ਸਿੰਘ ਸਮਰਾ, ਸੁਖਵਿੰਦਰ ਸਿੰਘ, ਮਲਕ ਮਹਿਤਾ, ਰਜੇਸ਼ ਮਹਿਤਾ, ਸੀਟਾ ਵਰਮਾ, ਰਾਜਿੰਦਰ ਮਹਿਤਾ, ਕੌਂਸਲਰ ਕਮਲ ਕਿਸ਼ੋਰ, ਇਲਾਕੇ ਦੀਆ ਰਾਜਨੀਤਿਕ, ਧਾਰਮਿਕ ਤੇ ਇਲਾਕਾ ਨਿਵਾਸੀਆਂ ਨੇ ਹਾਜਰੀ ਭਰੀ ।

# ਮਾਓਵਾਦੀਆਂ ਦਾ ਧੱਕੇ ਨਾਲ ਅੰਤਮ ਸੰਸਕਾਰ ਗ਼ੈਰਕਾਨੂੰਨੀ : ਜਮਹੂਰੀ ਫਰੰਟ

**ਜਲੰਧਰ**: ਇੱਥੇ ਪ੍ਰੈੱਸ ਬਿਆਨ ਜਾਰੀ ਕਰਕੇ ਓਪਰੇਸ਼ਨ ਗਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਦੇ ਕਨਵੀਨਰਾਂ ਡਾ. ਪਰਮਿੰਦਰ ਸਿੰਘ, ਪ੍ਰੋਫੈਸਰ ਏ.ਕੇ.ਮਲੇਰੀ, ਬੂਟਾ ਸਿੰਘ ਮਹਿਮੂਦਪੁਰ ਅਤੇ ਯਸ਼ਪਾਲ ਨੇ ਛੱਤੀਸਗੜ੍ਹ ਪੁਲਸ ਵੱਲੋਂ ਸੀ ਪੀ ਆਈ (ਮਾਓਵਾਦੀ) ਦੇ ਜਨਰਲ ਸਕੱਤਰ ਕੇਸ਼ਵ ਰਾਓ ਅਤੇ ਸੱਤ ਹੋਰ ਮਾਓਵਾਦੀਆਂ ਦੀਆਂ ਲਾਸ਼ਾਂ ਉਨ੍ਹਾਂ ਦੇ ਵਾਰਸਾਂ ਨੂੰ ਅੰਤਮ ਸੰਸਕਾਰ ਲਈ ਨਾ ਦੇਣ ਅਤੇ ਪਰਵਾਰਾਂ ਦੀ ਸਹਿਮਤੀ ਲਏ ਤੋਂ ਬਿਨਾਂ ਹੀ ਨਰਾਇਣਪੁਰ ਵਿਚ ਉਨ੍ਹਾਂ ਦਾ ਸਸਕਾਰ ਕਰ ਦੇਣ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਤੇਲੰਗਾਨਾ ਅਤੇ ਆਂਧਰਾ ਪ੍ਰਦੇਸ਼ ਨਾਲ ਸੰਬੰਧਤ ਪਰਵਾਰ ਆਪਣੇ ਪਰਵਾਰ ਮੈਂਬਰਾਂ ਦੀਆਂ ਲਾਸ਼ਾਂ ਲੈਣ ਲਈ ਪਿਛਲੇ ਚਾਰ ਦਿਨਾਂ ਤੋਂ ਨਰਾਇਣਪੁਰ ਵਿਚ ਸਨ ਅਤੇ ਪੁਲਸ-ਪ੍ਰਸ਼ਾਸਨਿਕ ਅਧਿਕਾਰੀਆਂ ਵੱਲੋਂ ਲਾਸ਼ਾਂ ਉਨ੍ਹਾਂ ਦੇ ਸਪੁਰਦ ਕਰਨ ਦੀ ਬਜਾਏ ਵੱਖ-ਵੱਖ ਬਹਾਨੇ ਬਣਾ ਕੇ ਟਾਲ-ਮਟੋਲ ਕੀਤੀ ਗਈ। ਬੀਤੇ ਕੱਲ੍ਹ ਇਹ ਝੂਠ ਬੋਲ ਕੇ ਪੁਲਸ ਵੱਲੋਂ ਜ਼ਬਰਦਸਤੀ ਲਾਸ਼ਾਂ ਜਲਾ ਦਿੱਤੀਆਂ ਗਈਆਂ ਕਿ ਲਾਸ਼ਾਂ ਗਲ-ਸੜ ਰਹੀਆਂ ਸਨ ਜਿਨ੍ਹਾਂ ਨੂੰ ਲੈਣ ਲਈ ਕਾਨੂੰਨੀ ਵਾਰਸਾਂ ਵੱਲੋਂ ਪ੍ਰਸ਼ਾਸਨਿਕ ਤੱਕ ਪਹੁੰਚ ਨਹੀਂ ਕੀਤੀ ਗਈ। ਆਗੂਆਂ ਕਿਹਾ ਕਿ ਪੁਲਸ ਦੀ ਇਹ ਕਹਾਣੀ 'ਮੁਕਾਬਲੇ' ਦੀ ਕਹਾਣੀ ਵਾਂਗ ਪੂਰੀ ਤਰ੍ਹਾਂ ਝੂਠੀ ਅਤੇ ਮਨਘੜਤ ਹੈ ਕਿਉਂਕਿ ਕਾ. ਕੇਸ਼ਵ ਰਾਓ ਦੇ ਭਰਾ ਨੰਬਾਲਾ ਰਾਮ ਪ੍ਰਸਾਦ ਅਤੇ ਹੋਰ ਰਿਸ਼ਤੇਦਾਰਾਂ ਸਮੇਤ ਪੰਜ ਮਾਓਵਾਦੀਆਂ ਦੇ ਵਾਰਸਾਂ ਨੇ ਲਾਸ਼ਾਂ ਸੰਬੰਧਤ ਪਰਵਾਰਾਂ ਦੇ ਸਪੁਰਦ ਕੀਤੇ ਜਾਣ ਦਾ ਆਦੇਸ਼ ਆਂਧਰਾ ਪ੍ਰਦੇਸ਼ ਹਾਈਕੋਰਟ ਤੋਂ ਜਾਰੀ ਕਰਵਾ ਕੇ ਪੁਲਸ ਅਧਿਕਾਰੀਆਂ ਅੱਗੇ ਬਾਕਾਇਦਾ ਆਪਣੇ ਸ਼ਨਾਖਤੀ ਦਸਤਾਵੇਜ਼ ਪੇਸ਼ ਕਰ ਦਿੱਤੇ ਸਨ ਅਤੇ ਉਨ੍ਹਾਂ ਵੱਲੋਂ ਪੁਲਸ ਅਧਿਕਾਰੀਆਂ ਦੀ ਟਾਲ-ਮਟੋਲ ਵਿਰੁੱਧ ਨਰਾਇਣਪੁਰ ਪੁਲਸ ਦੇ ਸਦਰ ਮੁਕਾਮ ਅੱਗੇ ਮੁਜ਼ਾਹਰਾ ਵੀ ਕੀਤਾ ਗਿਆ। ਕਈ ਟੀ.ਵੀ. ਚੈਨਲਾਂ ਵੱਲੋਂ ਪਰਵਾਰਕ ਮੈਂਬਰਾਂ ਨਾਲ ਇੰਟਰਵਿਊ ਕੀਤੀਆਂ ਗਈਆਂ। ਇਸ ਤੋਂ ਇਲਾਵਾ, ਮਨੁੱਖੀ ਹੱਕਾਂ ਦੀ ਉੱਘੀ ਕਾਰਕੁਨ ਬੇਲਾ ਭਾਟੀਆ ਦਿਨ-ਰਾਤ ਉੱਥੇ ਮੌਜੂਦ ਰਹੀ ਅਤੇ ਉਸ ਵੱਲੋਂ ਲਾਸ਼ਾਂ ਲੈਣ ਦੀ ਕੋਸ਼ਿਸ਼ 'ਚ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਵਾਰ-ਵਾਰ ਸੰਪਰਕ ਕਰਕੇ ਪਰਵਾਰਾਂ ਦੀ ਮੱਦਦ ਕੀਤੀ ਗਈ। ਕਨਵੀਨਰਾਂ ਨੇ ਕਿਹਾ ਕਿ ਮੌਤ ਉਪਰੰਤ ਹਰ ਮਨੁੱਖ ਆਪਣੀਆਂ ਸਮਾਜਿਕ-ਸੱਭਿਆਚਾਰਕ ਰਵਾਇਤਾਂ ਅਨੁਸਾਰ ਮਾਣ-ਸਨਮਾਨ ਨਾਲ ਅੰਤਮ ਸੰਸਕਾਰ ਕੀਤੇ ਜਾਣ ਦਾ ਹੱਕਦਾਰ ਹੈ। ਛੱਤੀਸਗੜ੍ਹ ਪੁਲਸ ਨੇ ਨਾ ਸਿਰਫ਼ ਝੂਠਾ ਮੁਕਾਬਲਾ ਬਣਾ ਕੇ 27 ਮਾਓਵਾਦੀਆਂ ਦਾ ਗ਼ੈਰ-ਅਦਾਲਤੀ ਕਤਲ ਕੀਤਾ ਹੈ, ਸਗੋਂ ਉਨ੍ਹਾਂ ਨੇ ਪਰਵਾਰਾਂ ਦਾ ਆਪਣੇ ਪਰਵਾਰਕ ਮੈਂਬਰ ਦਾ ਅੰਤਮ ਸੰਸਕਾਰ ਕਰਨ ਦੇ ਹੱਕ ਦਾ ਘਾਣ ਵੀ ਕੀਤਾ ਹੈ। ਪੁਲਸ ਅਧਿਕਾਰੀਆਂ ਵੱਲੋਂ ਵਾਰਸਾਂ ਨੂੰ 'ਸਪੁਰਦਨਾਮੇ' ਉੱਪਰ ਦਸਖਤ ਕਰਨ ਦੀ ਕਾਗਜ਼ੀ ਕਾਰਵਾਈ 'ਚ ਉਲਝਾ ਕੇ ਦੂਜੇ ਪਾਸੇ ਚੁੱਪ-ਚੁਪੀਤੇ ਲਾਸ਼ਾਂ ਸਾੜ ਦਿੱਤੀਆਂ ਗਈਆਂ ।ਚਾਰ ਦਿਨ ਤੱਕ ਲਾਸ਼ਾਂ ਨੂੰ ਬਿਨਾਂ ਫਰੀਜ਼ਰ ਤੋਂ ਖੁੱਲ੍ਹੀ ਸ਼ੈੱਡ ਹੇਠ ਗਲ-ਸੜ ਜਾਣ ਲਈ ਛੱਡ ਕੇ ਮ੍ਰਿਤਕ ਮਨੁੱਖੀ ਸਰੀਰਾਂ ਦੀ ਬੇਹੁਰਮਤੀ ਕਰਨ ਦਾ ਅਤਿ ਘਿਣਾਉਣਾ ਗੁਨਾਹ ਕੀਤਾ ਗਿਆ ਹੈ । ਇਹ ਪੁਲਸ ਦੀ ਕਥਿਤ ਮੁਕਾਬਲੇ ਦੀ ਸਚਾਈ ਨੂੰ ਸਾਹਮਣੇ ਆਉਣ ਤੋਂ ਰੋਕਣ ਅਤੇ ਆਪਣੇ ਗੁਨਾਹ ਉੱਪਰ ਪਰਦਾ ਪਾਉਣ ਦੀ ਅਤਿ ਨਿੰਦਣਯੋਗ ਕਾਰਵਾਈ ਹੈ। ਉਨ੍ਹਾਂ ਮੰਗ ਕੀਤੀ ਕਿ ਹਾਈਕੋਰਟ ਦੇ ਆਦੇਸ਼ਾਂ ਦੀਆਂ ਧੱਜੀਆਂ ਉਡਾਉਣ ਵਾਲੇ ਪੁਲਸ ਅਧਿਕਾਰੀਆਂ ਵਿਰੁੱਧ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇ, ਬਸਤਰ ਪੁਲਸ ਦੀਆਂ ਮਨਮਾਨੀਆਂ ਨੂੰ ਨੱਥ ਪਾਈ ਜਾਵੇ ਅਤੇ ਓਪਰੇਸ਼ਨ ਕਗਾਰ ਤੁਰੰਤ ਬੰਦ ਕੀਤਾ ਜਾਵੇ।

# ਕੰਧਾਲਾ ਜੱਟਾਂ 'ਚ ਸ਼ਿਵ ਸੈਨਾ ਸੂਰਿਆਵੰਸ਼ੀ ਦੀ ਮੀਟਿੰਗ



**ਅੱਡਾ ਸਰਾਂ (ਜਸਵੀਰ ਕਾਜਲ)**- ਸ਼ਿਵ ਸੈਨਾ ਸੂਰਿਆਂ ਵੰਨਸੀ ਦੇ ਆਲ ਇੰਡੀਆ ਚੈਅਰਮੈਨ ਸੁਨੀਲ ਭਸੀਨ ਅਤੇ ਆਲ ਇੰਡੀਆ ਪ੍ਰਭਾਰੀ ਸਜੀਵ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਅਤੇ ਸ਼ਿਵ ਸੈਨਾ ਸੂਰਿਆਂ ਵੰਨਸੀ ਦੇ ਆਲ ਇੰਡੀਆ ਵਾਇਸ ਚੇਅਰਮੈਨ ਮੁਨੀਸ਼ ਘਈ ਦੀ ਰਹਿਨੁਮਾਈ ਹੇਠ ਪਿੰਡ ਕੰਧਾਲਾ ਜੱਟਾਂ ਵਿਖੇ ਮੀਟਿੰਗ ਹੋਈ। ਇਸ ਮੀਟਿੰਗ ਵਿੱਚ ਪਾਰਟੀ ਦੇ ਉਕਤ ਆਗੂਆਂ ਵਲੋਂ ਪਾਰਟੀ ਦੀਆਂ ਗਤੀਵਿਧੀਆਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਪੰਜਾਬ ਸਰਕਾਰ ਵਲੋਂ ਚਲਾਈ ਗਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਦੀ ਸ਼ਲਾਘਾ ਕੀਤੀ ਅਤੇ ਇਹ ਮੁਹਿੰਮ ਰੈਗੂਲਰ ਕਰਨ ਮੰਗ ਕੀਤੀ ਗਈ। ਇਸ ਮੌਕੇ ਉਨਾਂ ਟਾਂਡਾ ਤੋਂ ਹੁਸ਼ਿਆਰਪੁਰ ਨੂੰ ਜਾਂਦੀ ਹਾਈਵੇ ਟੁੱਟੀ ਹੋਈ ਸੜਕ ਅਤੇ ਇਸ ਸੜਕ 'ਤੇ ਪਏ ਡੂੰਘੇ ਟੋਇਆਂ ਨੂੰ ਦੇਖਦੇ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਮੰਗ ਕੀਤੀ ਕਿ ਇਸ ਸੜਕ ਨੂੰ ਬਣਾਇਆ ਜਾਵੇ ਤਾਂ ਜੋ ਕੋਈ ਅਣਸੁਖਾਵੀਂ ਘਟਨਾ ਨਾ ਵਾਪਰ ਸਕੇ।

28 May PAGE-9.qxd 5/27/2025 11:15 PM Page 1



# ਪਹਿਲੀ ਪੁਜ਼ੀਸ਼ਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਚੈੱਕ ਤਕਸੀਮ

**ਮਹਿਤਪੁਰ (ਰਾਜਾ)** ਡਾ. ਮੁਨਸ਼ੀ ਰਾਮ ਅਤੇ ਬਲਕਾਰ ਸਿੰਘ ਸੰਧੂ ਐਜੂਕੇਸ਼ਨ ਵੈਲਫੇਅਰ ਸੁਸਾਇਟੀ (ਰਜਿ) ਸੰਗੋਵਾਲ ਵੱਲੋਂ ਪਹਿਲਾਂ ਦੀ ਤਰ੍ਹਾਂ ਤਿੰਨ ਸਕੂਲਾਂ 'ਚ ਕਲਾਸ ਵਿੱਚੋਂ ਫਸਟ ਆਉਣ ਵਾਲੇ ਵਿਦਿਆਰਥੀਆਂ ਨੂੰ ਚੈੱਕ ਤਕਸੀਮ ਕੀਤੇ ਗਏ।ਜਿਸ ਵਿੱਚ ਕੁਆਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸੰਗੋਵਾਲ ਵਿਖੇ ਦਸਵੀਂ ਵਿੱਚੋਂ ਫਸਟ ਆਉਣ ਵਾਲਾ ਵਿਦਿਆਰਥੀ ਹਰਪ੍ਰੀਤ ਸਿੰਘ ਜੋ ਕਿ 79% ਅੰਕ ਲੈ ਕੇ ਕਲਾਸ 'ਚੋਂ ਪਹਿਲੇ ਸਥਾਨ 'ਤੇ ਰਿਹਾ ਨੂੰ 30000 ਰੁਪਏ ਦਾ ਚੈੱਕ ਦਿੱਤਾ ਗਿਆ। ਦੂਸਰਾ ਐਚ ਪੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਸੰਗੋਵਾਲ ਦਾ ਵਿਦਿਆਰਥੀ ਭੁਪਿੰਦਰ ਵਾਲੀਆ 93% ਅੰਕ ਲੈ ਕੇ ਆਪਣੀ ਕਲਾਸ 'ਚੋਂ ਪਹਿਲੇ ਸਥਾਨ 'ਤੇ ਰਿਹਾ ਨੂੰ ਵੀ 30000 ਰੁਪਏ ਦਾ ਚੈੱਕ ਦਿੱਤਾ ਗਿਆ। ਗੌਰਮੈਂਟ ਪ੍ਰਾਇਮਰੀ ਸਕੂਲ 'ਚੋਂ ਵੀ ਪੰਜਵੀਂ ਕਲਾਸ 'ਚ ਫਸਟ ਆਉਣ ਵਾਲੇ ਵਿਦਿਆਰਥੀ ਰਾਜਵੀਰ ਸਿੰਘ ਜੋ ਕਿ 95.2% ਅੰਕ ਲੈ ਕੇ ਫਸਟ ਆਇਆ ਉਸ ਨੂੰ 15000 ਦਾ ਚੈੱਕ ਦਿੱਤਾ ਗਿਆ, ਗੁਰਮੀਤ ਸਿੰਘ ਕਨੇਡਾ ਨਿਵਾਸੀ ਦੇ ਸਹਿਯੋਗ ਨਾਲ ਹੀ ਇਹਨਾਂ ਵਿਦਿਆਰਥੀਆਂ ਨੂੰ ਚੈੱਕ ਤਕਸੀਮ ਕੀਤੇ ਗਏ। ਇਹ ਸੰਸਥਾ ਹਰ ਸਾਲ 10 ਸਕੂਲਾਂ 'ਚ ਬੱਚਿਆਂ ਦੀ ਹੌਸਲਾ ਅਫਜਾਈ ਕਰਦੀ ਰਹੀ ਹੈ। ਇਸ ਮੌਕੇ ਸੁਸਾਇਟੀ ਦੇ ਪ੍ਰਧਾਨ ਡਾ. ਗੁਰਪਾਲ ਸਿੰਘ, ਪਾਲ ਬਾਗਪੁਰ, ਜਸਪਾਲ ਸਿੰਘ ਮਰੋਕ, ਨਿਰਮਲ ਸਿੰਘ, ਇੰਸਪੈਕਟਰ ਰਣਜੀਤ ਸਿੰਘ, ਸੁਲੱਖਣ ਸਿੰਘ, ਹਰਭਜਨ ਸਿੰਘ ਪ੍ਰਧਾਨ, ਗੁਰਦੇਵ ਸਿੰਘ, ਐਕਸ਼ੀਆਨ, ਹਰਜਿੰਦਰ ਸਿੰਘ ਅਤੇ ਮਨਿੰਦਰ ਸਿੰਘ ਆਦਿ ਹਾਜ਼ਰ ਸਨ।



# ਪ੍ਰਾਚੀਨ ਸ਼ਿਵ ਮੰਦਰ 'ਚ ਮਨਾਈ ਸ਼ਨੀ ਜੈਅੰਤੀ

**ਲੋਹੀਆਂ ਖਾਸ (ਯੋਗੇਸ਼ਵਰ, ਰੀਨਾ ਸ਼ਰਮਾ)** : ਬ੍ਰਹਮਲੀਨ ਮਹੰਤ ਸ਼ਾਂਤੀ ਗਿਰੀ ਮਹਾਰਾਜ ਤੇ ਬ੍ਰਹਮਲੀਨ ਮਹੰਤ ਵਰਿੰਦਰ ਗਿਰੀ ਮਹਾਰਾਜ ਤੇ ਪ੍ਰਾਚੀਨ ਸ਼ਿਵ ਮੰਦਿਰ ਮੌਜੂਦਾ ਲੋਹੀਆਂ ਖਾਸ ਦੇ ਗੱਦੀਨਸ਼ੀਨ ਮਹਾਂ ਮੰਡਲੇਸ਼ਵਰ ਮਹੰਤ ਸ਼ਿਪਰਾ ਗਿਰੀ ਮਹਾਰਾਜ ਦੀ ਅਗਵਾਈ 'ਚ ਮੰਗਲਵਾਰ ਨੂੰ ਸ੍ਰੀ ਸ਼ਨੀ ਜਯੰਤੀ ਬੜੀ ਧੂਮ-ਧਾਮ ਨਾਲ ਤੇ ਬੜੀ ਸ਼ਰਧਾ ਭਾਵਨਾ ਨਾਲ ਮਨਾਈ ਗਈ। ਭਗਵਾਨ ਸ਼ਨੀ ਦੇਵ ਦੀ ਪੂਜਾ ਝੰਡੇ ਦੀ ਰਸਮ ਨਾਲ ਸ਼ੁਰੂਆਤ ਕੀਤੀ ਗਈ। ਸੁੰਦਰਕਾਂਡ ਜੀ ਦਾ ਪਾਠ, ਕੀਰਤਨ ਤੇ ਹਵਨ ਵੀ ਕੀਤਾ ਗਿਆ।ਲੰਗਰ ਪ੍ਰਸ਼ਾਦ ਵੀ ਅਟੁੱਟ ਵਰਤਾਇਆ ਗਿਆ।ਜ਼ਿਕਰਯੋਗ ਹੈ ਕਿ ਇਸ ਮੰਦਰ ਵਿੱਚ ਕੋਈ ਪ੍ਰਧਾਨ ਕੋਈ ਸੈਕਟਰੀ ਨਹੀਂ ਸਾਰੇ ਸੇਵਾਦਾਰ ਹੀ ਹਨ ਤੇ ਸਾਰੇ ਭਗਤ ਸੱਭ ਕੁਝ ਰਲ ਮਿਲ ਕੇ ਪਿਆਰ ਤੇ ਭਗਤੀ ਭਾਵ ਨਾਲ ਕਰਦੇ ਹਨ।ਇਸ ਮੌਕੇ ਪੰਡਿਤ ਵਿਸ਼ਨੂੰ ਸ਼ਾਸਤਰੀ, ਰਘਵੀਰ ਸ਼ਰਮਾ, ਰੂਪੇਸ਼ ਕੁਮਾਰ ਸੰਦੀ, ਮੰਨੂੰ ਸ਼ਾਹ, ਆਰਜੂ ਅਰੋੜਾ, ਪਵਨ ਗਾਂਧੀ ਪ੍ਰਧਾਨ ਗਊਸ਼ਾਲਾ ਲੋਹੀਆਂ ਖਾਸ, ਖਜਾਨਚੀ ਦਾਸ, ਬਬਲਾ ਗੁਪਤਾ, ਦਰਸ਼ਨ ਕੁਮਾਰ ਸੰਦੀ ਪ੍ਰਧਾਨ ਬ੍ਰਾਹਮਣ ਸਭਾ ਲੋਹੀਆਂ ਖਾਸ, ਪਿਆਰਾ ਲਾਲ ਵਰਮਾ, ਵਰਿੰਦਰ ਗੁਪਤਾ, ਪ੍ਰਸ਼ੋਤਮ ਲਾਲ ਗੁਪਤਾ, ਮਿੰਟੂ ਗੁਪਤਾ, ਪੰਡਿਤ ਧਰਮਰਾਜ, ਲਖਨ ਵਰਮਾ, ਯੋਗੇਸ਼ਵਰ, ਸ਼ਾਲੂ ਸੱਦੀ, ਮਨੀ ਗਾਂਧੀ, ਬੈਨੀ ਅਰੋੜਾ, ਇੰਦਰਜੀਤ ਬਾਬਲਾ, ਹਨੀ ਸ਼ਰਮਾ, ਸ਼ਿਵ ਸੱਦੀ, ਸੋਨੂੰ ਸ਼ਰਮਾ, ਸੰਤੋਖ ਸਿੰਘ, ਅਸ਼ਵਨੀ ਕੰਡਾ, ਵਿਜੈ ਕੁਮਾਰ ਕੰਡਾ ਸਮੇਤ ਹੋਰ ਸ਼ਰਧਾਲੂ ਹਾਜ਼ਰ ਸਨ।



# ਖੇਤੀ ਮਸ਼ੀਨਰੀ ਦਾ ਡਰਾਅ ਅੱਜ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਡਿਪਟੀ ਕਮਿਸ਼ਨਰ, ਐੱਸ.ਏ.ਐੱਸ ਨਗਰ ਸ਼੍ਰੀਮਤੀ ਕੋਮਲ ਮਿੱਤਲ ਦੀ ਪ੍ਰਧਾਨਗੀ ਹੇਠ ਪਰਾਲੀ ਪ੍ਰਬੰਧਨ ਲਈ ਲੋੜੀਦੀਂ ਮਸ਼ੀਨਰੀ ਲਈ ਦਿੱਤੀਆਂ ਗਈਆਂ ਆਨਲਾਈਨ ਅਰਜ਼ੀਆਂ ਨਾਲ ਸਬੰਧਤ ਕਿਸਾਨਾਂ ਦੀ ਚੋਣ ਕਰਨ ਲਈ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਐੱਸ. ਏ. ਐੱਸ. ਨਗਰ ਵਿਖੇ ਮਿਤੀ 28 ਮਈ ਨੂੰ ਸ਼ਾਮ 4:30 ਵਜੇ ਆਨਲਾਈਨ ਪੋਰਟਲ ਰਾਹੀਂ ਡਰਾਅ ਕੱਢਿਆ ਜਾਵੇਗਾ। ਇਸ ਮੌਕੇ ਡਾ. ਗੁਰਮੇਲ ਸਿੰਘ ਮੁੱਖ ਖੇਤੀਬਾੜੀ ਅਫਸਰ -ਕਮ- ਜ਼ਿਲ੍ਹਾ ਪੱਧਰੀ ਕਾਰਜਕਾਰੀ ਐਗਜੀਕਿਊਟਿਵ ਕਮੇਟੀ ਐੱਸ. ਏ. ਐੱਸ. ਨਗਰ ਨੇ ਦੱਸਿਆ ਕਿ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਪਰਾਲੀ ਪ੍ਰਬੰਧਨ ਹਿੱਤ ਸਬਸਿਡੀ ਅਧੀਨ ਖੇਤੀ ਮਸ਼ੀਨਾਂ ਦੀ ਵੰਡ ਅਤੇ ਆਈ ਈ ਸੀ ਕੰਪੋਨੈਂਟ ਅਧੀਨ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ। ਸੀ ਆਰ ਐੱਮ ਪੋਰਟਲ 'ਤੇ ਕਿਸਾਨਾਂ ਪਾਸੋਂ ਸਾਲ 2025-26 ਦੌਰਾਨ 260 ਵਿਅਕਤੀਗਤ, 01 ਸਹਿਕਾਰੀ ਸਭਾ, 01 ਐੱਫ ਪੀ ਓ ਅਤੇ 30 ਨਿੱਜੀ ਕਿਸਾਨ ਬਤੌਰ ਪੈਂਡੂ ਉਦਮੀਆਂ ਵੱਲੋਂ ਕੁੱਲ 292 ਆਨਲਾਈਨ ਅਰਜ਼ੀਆਂ ਪ੍ਰਾਪਤ ਹੋਈਆਂ ਸਨ, ਜਿਸ ਵਿੱਚੋਂ ਉਨ੍ਹਾਂ ਵੱਲੋਂ ਦਿੱਤੀ ਤਰਜੀਹ ਦੇ ਆਧਾਰ 'ਤੇ ਮਸ਼ੀਨਾਂ ਦਾ ਡਰਾਅ ਕੱਢਿਆ ਜਾਵੇਗਾ।

# ਜਿੰਪਾ ਨੇ ਸਿਧਦੇਸ਼ਵਰ ਸ਼ਿਵ ਮੰਦਰ ਵਿਖੇ ਝੰਡਾ ਚੜ੍ਹਾਉਣ ਦੀ ਰਸਮ ਅਦਾ ਕੀਤੀ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)** ਸ੍ਰੀ ਸਿਧਦੇਸ਼ਵਰ ਸ਼ਿਵ ਮੰਦਰ, ਬੱਸੀ ਗੁਲਾਮ ਹੁਸੈਨ, ਹੁਸ਼ਿਆਰਪੁਰ ਵਿਖੇ ਅੱਜ ਅਧਿਆਤਮਿਕ ਪ੍ਰਮੁੱਖ ਸਵਾਮੀ ਉਦਯਗਿਰੀ ਮਹਾਰਾਜ ਦੇ ਆਸ਼ੀਰਵਾਦ ਨਾਲ ਝੰਡਾ ਚੜ੍ਹਾਉਣ ਦੀ ਰਸਮ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਵੱਲੋਂ ਅਦਾ ਕੀਤੀ ਗਈ।ਇਸ ਮੌਕੇ ਉਨ੍ਹਾਂ ਨੇ ਕਿਹਾ ਕਿ ਬ੍ਰਹਮਲੀਨ ਸਵਾਮੀ ਵਸੰਤਗਿਰੀ ਮਹਾਰਾਜ ਦੇ ਪਰਮ ਸ਼ਿਸ਼ ਸਵਾਮੀ ਉਦਯਗਿਰੀ ਆਪਣੇ ਗੁਰੂਦੇਵ ਵੱਲੋਂ ਦਰਸਾਏ ਗਏ ਅਧਿਆਤਮਿਕ ਮਾਰਗ 'ਤੇ ਤੁਰ ਕੇ ਮਨੁੱਖਤਾ ਦੀ ਸੇਵਾ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਉਦਯਗਿਰੀ ਵਿਸ਼ਵ ਸ਼ਾਂਤੀ, ਸਰਵਭੌਮ ਭਲਾਈ ਅਤੇ ਰਾਸ਼ਟਰ ਹਿੱਤ ਲਈ ਕਈ ਯੱਗ ਕਰ ਚੁੱਕੇ ਹਨ।ਉਨ੍ਹਾਂ ਭਗਤਜਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਸਾਡਾ ਕਰਤੱਵ ਹੈ ਕਿ ਮਹਾਰਾਜ ਦੁਆਰਾ 1101 ਕੁੰਡ ਬਣਾ ਕੇ ਵਿਦਵਾਨਾਂ ਅਤੇ ਭਗਤਜਨਾਂ ਦੁਆਰਾ ਕੀਤੇ ਜਾਣ ਵਾਲੇ ਰੁਦ੍ਰਕੋਟੀ ਮਹਾਯੱਗ ਦਾ ਜੋ ਸੰਕਲਪ ਲਿਆ ਗਿਆ ਹੈ, ਉਸ ਯੱਗ ਵਿਚ ਅਸੀਂ ਆਪਣੀ ਤਨ, ਮਨ ਅਤੇ ਧਨ ਨਾਲ ਸਹਿਯੋਗ ਕਰੀਏ ਅਤੇ ਭਾਗ ਲਈਏ।ਇਸ ਮੌਕੇ ਸ੍ਰੀ ਸਿਧਦੇਸ਼ਵਰ ਸ਼ਿਵ ਮੰਦਰ ਟਰੱਸਟ ਦੇ ਜਨਰਲ ਸਕੱਤਰ ਅਨੁਰਾਗ ਸੂਦ ਨੇ ਕਿਹਾ ਕਿ ਅੱਜ ਪੂਰੇ ਸੰਸਾਰ ਵਿਚ ਜੰਗਾਂ ਦੇ ਜੋ ਹਾਲਾਤ ਬਣੇ ਹੋਏ ਹਨ ਅਤੇ ਹਰ ਥਾਂ ਅਸ਼ਾਂਤੀ ਛਾਈ ਹੋਈ ਹੈ, ਉਨ੍ਹਾਂ ਹਾਲਾਤ ਤੋਂ ਬਚਣ ਲਈ ਹੀ ਸਵਾਮੀ ਉਦਯਗਿਰੀ ਵੇਦਾਂ ਵਿਚ ਦਰਸਾਏ ਯੱਗ -ਹਵਨ-ਅਨੁਸ਼ਠਾਨ, ਪਰਮਾਰਥ ਅਤੇ ਮਨੁੱਖਤਾ ਦੀ ਸੇਵਾ ਦੇ ਮਾਰਗ ਨੂੰ ਅਪਣਾਉਣ ਦਾ ਸੰਦੇਸ਼ ਦੇ ਰਹੇ ਹਨ।ਇਸੇ ਕਾਰਨ ਉਹ 19 ਫਰਵਰੀ 2026 ਨੂੰ ਰੁਦ੍ਰਕੋਟੀ ਮਹਾ ਯੱਗ ਕਰਨ ਜਾ ਰਹੇ ਹਨ।ਇਸ ਮੌਕੇ ਕੌਂਸਲਰ ਸੁਰਿੰਦਰ ਸਿੱਧੂ, ਪ੍ਰਿੰਸੀਪਲ ਆਰਤੀ ਮਹਿਤਾ, ਡਾ. ਹਰਸ਼ਵਿੰਦਰ ਸਿੰਘ ਪਠਾਣੀਆ, ਰਾਜਨ ਸੈਣੀ, ਮਨੀਸ਼ ਤਲਵਾਰ, ਦੀਪਿਕਾ ਪਲਾਹਾ, ਅਮਨਦੀਪ, ਅਵਤਾਰ ਸਿੰਘ, ਪ੍ਰਦੀਪ ਸਿੰਘ, ਸੰਸਾਰ ਸਿੰਘ, ਨਰਿੰਦਰ ਸਿੰਘ ਅਤੇ ਹੋਰ ਭਗਤਜਨ ਮੌਜੂਦ ਸਨ।



# ਖ਼ਾਲਸਾ ਕਾਲਜ ਦੇ ਨਤੀਜੇ ਸ਼ਾਨਦਾਰ ਰਹੇ

**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)** ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਗੜ੍ਹਸ਼ੰਕਰ ਵਿਖੇ ਐਜੂਕੇਸ਼ਨ ਵਿਭਾਗ 'ਚ ਚੱਲ ਰਹੇ ਚਾਰ ਸਾਲਾ ਇੰਟਗ੍ਰੇਟਿਡ ਕੋਰਸਾਂ ਬੀ.ਐੱਸ.ਸੀ. ਬੀ.ਐੱਡ. ਅਤੇ ਬੀ.ਏ. ਬੀ.ਐੱਡ ਦੇ ਸੱਤਵੇਂ ਸਮੈਸਟਰ ਦੇ ਨਤੀਜੇ ਸ਼ਾਨਦਾਰ ਰਹੇ ਹਨ। ਪ੍ਰਿੰਸੀਪਲ ਡਾ. ਅਮਨਦੀਪ ਹੀਰਾ ਨੇ ਦੱਸਿਆ ਕਿ ਨਤੀਜੇ 100 ਫੀਸਦੀ ਰਹੇ ਹਨ। ਉਨ੍ਹਾਂ ਦੱਸਿਆ ਕਿ ਬੀ.ਐੱਸ.ਸੀ. ਬੀ.ਐੱਡ. ਸੱਤਵੇਂ ਸਮੈਸਟਰ ਦੇ ਨਤੀਜੇ ਵਿਚ ਦੀਕਸ਼ਾ ਰਾਣੀ ਨੇ 90.14 ਫੀਸਦੀ ਅੰਕ ਲੈ ਕੇ ਪਹਿਲਾ ਸਥਾਨ, ਅੰਕਿਤਾ ਰਾਣਾ ਨੇ 88.57 ਫੀਸਦੀ ਅੰਕ ਲੈ ਕੇ ਦੂਜਾ ਸਥਾਨ ਅਤੇ ਰਮਨਦੀਪ ਨੇ 87.28 ਫੀਸਦੀ ਅੰਕ ਲੈ ਕੇ ਤੀਜਾ ਸਥਾਨ ਹਾਸਿਲ ਕੀਤਾ ਹੈ। ਇਸੇ ਤਰ੍ਹਾਂ ਬੀ.ਏ. ਬੀ.ਐੱਡ ਸੱਤਵੇਂ ਸਮੈਸਟਰ ਦੇ ਨਤੀਜੇ ਵਿਚ ਵਿਦਿਆਰਥਣ ਦਿਵਿਆ ਰਾਣਾ ਨੇ 81.2 ਫੀਸਦੀ ਅੰਕ ਲੈ ਕੇ ਕਲਾਸ ਵਿਚੋਂ ਪਹਿਲਾ, ਨਵਦੀਪ ਕੌਰ ਨੇ 79.8 ਫੀਸਦੀ ਅੰਕ ਲੈ ਕੇ ਦੂਜਾ ਸਥਾਨ ਅਤੇ ਤਰਨਜੀਤ ਕੌਰ ਨੇ 79.7 ਫੀਸਦੀ ਅੰਕ ਲੈ ਕੇ ਤੀਜਾ ਸਥਾਨ ਹਾਸਿਲ ਕੀਤਾ ਹੈ। ਪ੍ਰਿੰਸੀਪਲ ਨੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਤੇ ਸਟਾਫ਼ ਨੂੰ ਵਧਾਈ ਦਿੱਤੀ ਤੇ ਵਿਦਿਆਰਥੀਆਂ ਨੂੰ ਭਵਿੱਖ ਵਿਚ ਹੋਰ ਮੱਲਾਂ ਮਾਰਨ ਲਈ ਪ੍ਰੇਰਿਤ ਕੀਤਾ।



# ਮੋਹਾਲੀ ਵਿਖੇ ਵਿਜੇ ਤਿਰੰਗਾ ਯਾਤਰਾ ਦਾ ਸ਼ਾਨਦਾਰ ਪ੍ਰਦਰਸ਼ਨ



**ਮੋਹਾਲੀ, (ਗੁਰਜੀਤ ਬਿੱਲਾ)**

ਭਾਰਤ ਵਿਰੋਧੀ ਤਾਕਤਾਂ ਵੱਲੋਂ ਕਸ਼ਮੀਰ ਦੇ ਪਹਿਲਗਾਮ ਇਲਾਕੇ ਵਿੱਚ ਹੋਏ ਅੱਤਵਾਦੀ ਹਮਲੇ ਵਿੱਚ ਨਿਰਦੋਸ਼ ਲੋਕਾਂ ਦੀ ਮੌਤ ਤੋਂ ਉਪਰੰਤ, ਦੇਸ਼ ਦੀ ਸਰਕਾਰ ਅਤੇ ਸੁਰੱਖਿਆ ਬਲਾਂ ਵੱਲੋਂ ਪਾਕਿਸਤਾਨ ਸਥਿਤ ਅੱਤਵਾਦੀ ਠਿਕਾਣਿਆਂ 'ਤੇ ਕੀਤੀ ਗਈ ਜਵਾਬੀ ਕਾਰਵਾਈ ਨੂੰ ਨਮਨ ਕਰਦਿਆਂ ਮੋਹਾਲੀ ਵਿਖੇ ਇੱਕ ਸ਼ਾਨਦਾਰ ਵਿਜੇ ਤਿਰੰਗਾ ਯਾਤਰਾ ਦਾ ਆਯੋਜਨ ਕੀਤਾ ਗਿਆ।ਇਹ ਯਾਤਰਾ ਸਥਾਨਕ ਸੈਕਟਰ 78 ਸਥਿਤ ਰਤਨ ਕਾਲਜ ਤੋਂ ਸ਼ੁਰੂ ਹੋਈ।ਇਸ ਵਿੱਚ ਵੱਖ-ਵੱਖ ਧਰਮਾਂ, ਜਾਤੀਆਂ ਅਤੇ ਸਮਾਜਕ ਵਰਗਾਂ ਦੇ ਪ੍ਰਤਿਨਿਧੀਆਂ ਨੇ ਵੱਡੀ ਗਿਣਤੀ ਵਿੱਚ ਭਾਗ ਲਿਆ।ਪੰਚ-ਸਰਪੰਚ, ਨੰਬਰਦਾਰ, ਮਿਉਂਸਪਲ ਕੌਂਸਲਰ, ਸਮਾਜਿਕ ਜਥੇਬੰਦੀਆਂ, ਕਸ਼ਮੀਰੀ ਵਿਦਿਆਰਥੀਆਂ ਅਤੇ ਸ਼ਹਿਰ ਵਾਸੀਆਂ ਨੇ ਭਾਰਤ ਮਾਤਾ ਦੀ ਜੈ, ਜੈ ਜਵਾਨ-ਜੈ ਕਿਸਾਨ ਅਤੇ ਭਾਈਚਾਰਕ ਏਕਤਾ ਜ਼ਿੰਦਾਬਾਦ ਦੇ ਨਾਰਿਆਂ ਨਾਲ ਮਹੌਲ ਨੂੰ ਰਾਸ਼ਟਰੀ ਭਾਵਨਾਵਾਂ ਨਾਲ ਗੂੰਜਾ ਦਿੱਤਾ।ਯਾਤਰਾ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਪਰਵਿੰਦਰ ਸਿੰਘ ਸੋਹਾਣਾ ਨੇ ਕਿਹਾ ਕਿ ਅੱਤਵਾਦੀ ਹਮਲੇ ਦੇ ਜਵਾਬ ਵਜੋਂ ਭਾਰਤ ਸਰਕਾਰ ਅਤੇ ਫੌਜ ਵੱਲੋਂ ਜੋ ਸੰਖੇਪ ਪਰ ਰਣਨੀਤਿਕ ਤੌਰ 'ਤੇ ਸੂਝਵਾਨ ਕਦਮ ਚੁੱਕਿਆ ਗਿਆ, ਉਹ ਹਰ ਦੇਸ਼ਵਾਸੀ ਲਈ ਗੌਰਵ ਦਾ ਵਿਸ਼ਾ ਹੈ।ਭਾਜਪਾ ਆਗੂ ਸੁੰਦਰ ਲਾਲ ਅਗਰਵਾਲ ਨੇ ਕਿਹਾ ਕਿ ਇਹ ਯਾਤਰਾ ਕੇਵਲ ਇੱਕ ਰੈਲੀ ਨਹੀਂ, ਸਗੋਂ ਸ਼ਹੀਦਾਂ ਨੂੰ ਸ਼ਰਧਾਂਜਲੀ ਅਤੇ ਅੱਤਵਾਦ ਖਿਲਾਫ਼ ਇੱਕ ਆਵਾਜ਼ ਹੈ।ਕੌਂਸਲਰ ਹਰਜਿੰਦਰ ਕੌਰ ਬੈਦਵਾਣ ਨੇ ਕਿਹਾ ਕਿ ਸਾਡੀ ਭਾਈਚਾਰਕ ਏਕਤਾ ਹੀ ਅੱਤਵਾਦੀਆਂ ਨੂੰ ਸਭ ਤੋਂ ਵੱਡਾ ਜਵਾਬ ਹੈ।ਸਾਬਕਾ ਕੌਂਸਲਰ ਅਸ਼ੋਕ ਝਾਅ ਨੇ ਕਿਹਾ ਕਿ ਭਾਰਤ ਨੇ ਪਾਕਿਸਤਾਨ ਵੱਲੋਂ ਸਮਰਥਿਤ ਇਸ ਅੱਤਵਾਦੀ ਹਮਲੇ ਦਾ ਕਰਾਰਾ ਜਵਾਬ ਦਿੱਤਾ ਹੈ ਅਤੇ ਅੱਗੇ ਵੀ ਇਸੇ ਤਰ੍ਹਾਂ ਪੂਰਾ ਭਾਰਤ ਇੱਕਜੁੱਟ ਹੋ ਕੇ ਪਾਕਿਸਤਾਨ ਦਾ ਜਵਾਬ ਦਿੰਦਾ ਰਹੇਗਾ।ਇਸ ਯਾਤਰਾ ਵਿੱਚ ਸ਼ਹਿਰ ਦੇ ਵੱਡੇ ਗਿਣਤੀ ਪਤਵੰਤੇ ਸੱਜਣ ਹਾਜ਼ਰ ਹੋਏ ਜਿਨਾਂ ਵਿੱਚ ਪ੍ਰਦੀਪ ਭਰਾਜ, ਮਨਜੀਤ ਸਿੰਘ ਮਾਨ, ਬਲਵਿੰਦਰ ਸਿੰਘ ਲਖਨੌਰ, ਐਡਵੋਕੇਟ ਗਗਨਦੀਪ ਸਿੰਘ ਸੋਹਾਣਾ, ਅਮਨ ਪੂਨੀਆਂ, ਬਲਵਿੰਦਰ ਸਿੰਘ ਮੋਟੇਮਾਜਰਾ, ਹੈਪੀ ਸਨੇਟਾ, ਹਰਿੰਦਰ ਸਿੰਘ ਸੁੱਖਗੜ੍ਹ, ਕੈਪਟਨ ਰਮਨਦੀਪ ਸਿੰਘ ਬਾਵਾ, ਕੁਲਦੀਪ ਸਿੰਘ, ਸਤਿੰਦਰ ਸਿੰਘ ਮੌਜਪੁਰ, ਹਰਜੀਤ ਸਿੰਘ ਸੇਖੋਂ, ਜੀਤੀ ਭਾਰਤਪੁਰ, ਰਵਿੰਦਰ ਕਮਾਰ ਬੈਰਮਪੁਰ, ਜਸਵੰਤ ਸਿੰਘ ਰਾਏਪੁਰ, ਤਰਨ ਧਾਲੀਵਾਲ, ਮਲਕੀਤ ਸਿੰਘ ਸਰਪੰਚ ਦਾਊਂ, ਜਤਿੰਦਰਪਾਲ ਸਿੰਘ ਸ਼ਾਮਲ ਸਨ।

# ਖੰਬੇ ਨਾਲ ਮਰੇ ਨੌਜਵਾਨ ਦੇ ਪਰਵਾਰ ਦੀ ਸਰਕਾਰ ਕਰੇ ਮਾਲੀ ਮਦਦ : ਚੌਹਾਨ

**ਹੁਸ਼ਿਆਰਪੁਰ (ਓ ਪੀ ਰਾਣਾ, ਬਲਵੀਰ ਸਿੰਘ ਸੈਣੀ)**- ਬਹੁਜਨ ਸਮਾਜ ਪਾਰਟੀ ਪੰਜਾਬ ਦੇ ਜਨਰਲ ਸਕੱਤਰ ਭਗਵਾਨ ਸਿੰਘ ਚੌਹਾਨ ਨੇ ਪਿਛਲੇ ਦਿਨੀਂ ਤੇਜ ਮੀਂਹ ਹਨੇਰੀ ਦੌਰਾਨ ਬਿਜਲੀ ਦਾ ਖੰਬਾ ਡਿਗਣ ਨਾਲ ਐਕਟਿਵਾ 'ਤੇ ਕੰਮ ਤੋਂ ਘਰ ਪਰਤ ਰਹੇ ਨੌਜਵਾਨ ਦੀ ਹੋਈ ਮੌਤ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਤੁਰੰਤ ਪਰਵਾਰ ਨੂੰ ਮਾਲੀ ਸਹਾਇਤਾ ਪ੍ਰਦਾਨ ਕਰੇ ।ਉਨਾਂ ਕਿਹਾ ਕਿ ਪਿਛਲੇ ਦਿਨੀ ਤੇਜ ਹਨੇਰੀ ਅਤੇ ਮੀਂਹ ਬਹੁਤ ਲੋਕਾਂ ਲਈ ਆਫਤ ਤੇ ਕਹਿਰ ਬਣ ਕੇ ਡਿੱਗਿਆ ਹੈ।



ਉਨਾਂ ਦੱਸਿਆ ਕਿ ਹਰਿਆਣਾ ਇਲਾਕੇ ਦੇ ਪਿੰਡ ਕੋਠੇ ਖੋਜੀਆਂ ਦਾ ਨੌਜਵਾਨ ਸੁਖਵਿੰਦਰ (ਰਾਜਾ ) ਪੁੱਤਰ ਰਾਮ ਲਾਲ ਜੋ ਕਿ ਆਪਣੀ ਐਕਟਿਵਾ 'ਤੇ ਕੰਮ ਤੋਂ ਘਰ ਵਾਪਸ ਜਾ ਰਿਹਾ ਸੀ , ਤੇਜ ਹਨੇਰੀ ਤੂਫਾਨ ਨਾਲ ਬਿਜਲੀ ਦੇ ਦੋ ਖੰਬੇ ਹੇਠਾਂ ਡਿੱਗ ਗਏ ਜਿਨ੍ਹਾਂ ਵਿਚੋਂ ਇਕ ਖੰਬਾ ਸੁਖਵਿੰਦਰ ਦੇ ਉੱਪਰ ਡਿਗ ਗਿਆ ਜਿਸ ਕਾਰਨ ਉਸਦੇ ਸਿਰ ਵਿੱਚ ਗੰਭੀਰ ਸੱਟ ਲੱਗਣ ਨਾਲ ਉਸਦੀ ਮੌਕੇ 'ਤੇ ਮੌਤ ਹੋ ਗਈ।ਚੌਹਾਨ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਮ੍ਰਿਤਕ ਸੁਖਵਿੰਦਰ ਦੇ ਪਰਵਾਰ ਦੀ ਤੁਰੰਤ ਮਾਲੀ ਮਦਦ ਕੀਤੀ ਜਾਵੇ ਅਤੇ ਉਸਦੇ ਪਰਵਾਰਕ ਮੈਂਬਰ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ।

# ਸ੍ਰੀ ਸੁਖਮਨੀ ਗਰੁੱਪ ਨੇ ਹਿਮਾਚਲ ਪ੍ਰਦੇਸ਼ ਟੂਰਿਜ਼ਮ ਕਾਰਪੋਰੇਸ਼ਨ ਨਾਲ ਕੀਤਾ ਸਮਝੌਤਾ

**ਡੇਰਾ ਬੱਸੀ (ਵਿਨੈ ਕੁਮਾਰ ਜੈਨ)**

ਉਦਯੋਗ ਅਤੇ ਅਕਾਦਮਿਕ ਸਹਿਯੋਗ ਨੂੰ ਮਜਬੂਤ ਬਣਾਉਣ ਵੱਲ ਇਕ ਮਹੱਤਵਪੂਰਨ ਕਦਮ ਚੁੱਕਦਿਆਂ, ਸ੍ਰੀ ਸੁਖਮਣੀ ਗਰੁੱਪ ਆਫ ਇੰਸਟੀਟਿਊਸਨਜ ਨੇ ਹਿਮਾਚਲ ਪ੍ਰਦੇਸ਼ ਟੂਰਿਜਮ ਡਿਵੈਲਪਮੈਂਟ ਕਾਰਪੋਰੇਸ਼ਨ ਨਾਲ ਇੱਕ ਐਮ.ਓ.ਯੂ. ਸਾਈਨ ਕੀਤਾ ਹੈ। ਇਹ ਮਹੱਤਵਪੂਰਨ ਸਮਝੌਤਾ ਵਿਦਿਆਰਥੀਆਂ ਲਈ ਹਿਮਾਚਲ ਪ੍ਰਦੇਸ਼ ਦੇ ਸਰਕਾਰੀ ਹੋਟਲਾਂ ਅਤੇ ਪਰਟਨ ਸਹੂਲਤਾਂ ਵਿੱਚ ਰੋਮਾਂਚਕ ਟ੍ਰੇਨਿੰਗ ਅਤੇ ਇੰਟਰਨਸ਼ਿਪ ਮੌਕੇ ਮੁਹੱਈਆ ਕਰਵਾਉਣ ਦੀ ਯੋਜਨਾ ਹੈ। ਇਹ ਐਮ.ਓ.ਯੂ. ਹਿਮਾਚਲ ਭਵਨ, ਸੈਕਟਰ 28, ਚੰਡੀਗੜ੍ਹ ਵਿੱਚ ਮਿਸਟਰ ਰਸਪਾਲ ਸਿੰਘ, ਚੀਫ ਐਡਮਿਨਿਸਟਰੇਟਰ ਅਤੇ ਡਾ. ਪਰਦੀਪ ਸ਼ਰਮਾ ਦੁਆਰਾ, ਮਿਸਟਰ ਸੰਦੀਪ ਠਾਕੁਰ ਦੀ ਹਾਜਰੀ ਵਿੱਚ ਸਾਈਨ ਕੀਤਾ ਗਿਆ। ਸ੍ਰੀ ਸੁਖਮਣੀ ਗਰੁੱਪ ਦੇ ਚੇਅਰਮੈਨ ਕਵਲਜੀਤ ਸਿੰਘ ਅਤੇ ਡਾਇਰੈਕਟਰ ਦਮਨਜੀਤ ਸਿੰਘ ਨੇ ਇਸ ਭਾਗੀਦਾਰੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਸਹਿਯੋਗ ਅਕਾਦਮਿਕ ਗਿਆਨ ਅਤੇ ਉਦਯੋਗ ਦੀਆਂ ਉਮੀਦਾਂ ਦਰਮਿਆਨ ਦੇ ਅੰਤਰ ਨੂੰ ਘਟਾਉਣ ਦੀ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਉਨ੍ਹਾਂ ਕਿਹਾ, "ਇਹ ਸਾਡਿਆਂ ਵਿਦਿਆਰਥੀਆਂ ਨੂੰ ਸੱਚੀ ਦੁਨੀਆ ਦੇ ਅਨੁਭਵ ਦੇਣ ਦੇ ਨਾਲ-ਨਾਲ ਸਥਾਨਕ ਟੈਲੰਟ ਦੇ ਵਿਕਾਸ ਨੂੰ ਸਮਰਥਨ ਦਿੰਦਾ ਹੈ ਅਤੇ ਦੇ ਰਾਜ ਵਿੱਚ ਪਰਟਨ ਨੂੰ ਉਤਸ਼ਾਹਤ ਕਰਨ ਦੇ ਉਦੇਸ਼ ਨੂੰ ਵੀ ਮਜਬੂਤ ਕਰਦਾ ਹੈ।



# ਕਪੂਰਥਲਾ ਜ਼ਿਲ੍ਹੇ ਦੇ 8 ਹੋਰ ਪਿੰਡਾਂ 'ਚ ਪੁੱਜੀ ਨਸ਼ਾ ਮੁਕਤੀ ਯਾਤਰਾ

**ਕਪੂਰਥਲਾ (ਬਲਵੀਰ ਸ਼ਾਲ੍ਹਾਪੁਰੀ)**

ਪੰਜਾਬ ਸਰਕਾਰ ਵੱਲੋਂ ਨਸ਼ੇ ਨੂੰ ਖਤਮ ਕਰਨ ਦੇ ਮਕਸਦ ਨਾਲ ਸ਼ੁਰੂ ਕੀਤੀ ਗਈ ਨਸ਼ਾ ਮੁਕਤੀ ਯਾਤਰਾ ਅੱਜ ਕਪੂਰਥਲਾ ਜ਼ਿਲ੍ਹੇ ਦੇ 6 ਹੋਰ ਪਿੰਡਾਂ ਵਿਚ ਪੁੱਜੀ।ਕਪੂਰਥਲਾ ਜ਼ਿਲ੍ਹੇ ਦੇ ਪਿੰਡਾਂ ਬਿਹਾਰੀਪੁਰ, ਭਾਣੋਲੰਗਾ,ਦਰਵੇਸ਼ ਪਿੰਡ, ਜਗਤਪੁਰ ਜੱਟਾਂ, ਉੱਚਾ ਪਿੰਡ, ਭੈਣੀ ਹੁਸੈ ਖਾਂ, ਛੰਨਾ ਸ਼ੇਰ ਸਿੰਘ, ਖਿਜਰਪੁਰ ਵਿਖੇ ਵੱਡੀ ਗਿਣਤੀ ਵਿਚ ਲੋਕਾਂ ਨੇ ਪੰਜਾਬ ਸਰਕਾਰ ਵਲੋਂ ਨਸ਼ੇ ਦੇ ਖਾਤਮੇ ਲਈ ਵਿੱਢੀ ਗਈ ਲੜਾਈ ਨੂੰ ਪੂਰਨ ਸਮਰਥਨ ਦੇਣ ਦਾ ਐਲਾਨ ਕੀਤਾ। ਕਪੂਰਥਲਾ ਹਲਕੇ ਦੇ ਪਿੰਡਾਂ ਵਿਚ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਲਲਿਤ ਸਕਲਾਨੀ, ਸੁਲਤਾਨਪੁਰ ਲੋਧੀ ਹਲਕੇ ਦੇ ਪਿੰਡਾਂ ਵਿਚ ਚੇਅਰਮੈਨ ਨਗਰ ਸੁਧਾਰ ਟਰੱਸਟ ਕਪੂਰਥਲਾ ਸੱਜਣ ਸਿੰਘ ਚੀਮਾ, ਫਗਵਾੜਾ ਹਲਕੇ ਵਿੱਚ ਆਮ ਆਦਮੀ ਪਾਰਟੀ ਦੇ ਬੁਲਾਰੇ ਹਰਨੂਰ ਸਿੰਘ ਹਰਜੀ ਮਾਨ ਨੇ ਨਸ਼ਾ ਮੁਕਤੀ ਯਾਤਰਾ ਦੀ ਅਗਵਾਈ ਕੀਤੀ ਤੇ ਲੋਕਾਂ ਨੂੰ ਨਸ਼ੇ ਵਿਰੁੱਧ ਲੜਾਈ ਵਿਚ ਭਾਗੀਦਾਰੀ ਦਾ ਅਹਿਦ ਦਿਵਾਇਆ। ਸਭਾਵਾਂ ਦੌਰਾਨ ਲੋਕਾਂ ਨੂੰ ਨਸ਼ੇ ਦੇ ਮਾੜੇ ਅਸਰ ਬਾਰੇ ਜਾਗਰੂਕ ਕਰਦਾ ਲਿਟਰੇਟਰ ਤੇ ਟੀ- ਸ਼ਰਟਾਂ ਦੀ ਵੀ ਵੰਡ ਕੀਤੀ ਗਈ।



# ਵਿੱਤ ਮੰਤਰੀ ਨੇ ਪ੍ਰੈੱਸ ਕਲੱਬ ਨੂੰ 5 ਲੱਖ ਰੁਪਏ ਦਿੱਤੀ ਗ੍ਰਾਂਟ

**ਮੋਹਾਲੀ (ਗੁਰਜੀਤ ਬਿੱਲਾ)**- ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਮੋਹਾਲੀ ਪ੍ਰੈਸ ਕਲੱਬ ਦੇ ਤਾਜਪੋਸ਼ੀ ਸਮਾਗਮ ਵਿੱਚ ਸ਼ਿਰਕਤ ਕਰਦਿਆਂ ਮੋਹਾਲੀ ਪ੍ਰੈਸ ਕਲੱਬ ਦੀ ਸਾਲ ਦੇ ਅੰਦਰ-ਅੰਦਰ ਯਕੀਨੀ ਤੌਰ ਉਤੇ ਇਮਾਰਤ ਬਣਾਉਣ ਲਈ ਜਲਦ ਹੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਮੁਲਾਕਾਤ ਕਰਕੇ ਇਸ ਦਾ ਠੋਸ ਹੱਲ ਕਰਵਾਉਣ ਦਾ ਐਲਾਨ ਕੀਤਾ।ਇਥੇ ਫੇਜ਼ -5 ਸਥਿਤ ਹੋਟਲ ਜੌਡੀਐਕ ਵਿਖੇ ਮੋਹਾਲੀ ਪ੍ਰੈਸ ਕਲੱਬ ਦੇ ਕਰਵਾਏ 'ਤਾਜਪੋਸ਼ੀ ਸਮਾਗਮ' ਵਿਚ ਨਵੀਂ ਚੁਣੀ ਗਵਰਨਿੰਗ ਬਾਡੀ ਟੀਮ ਨੂੰ ਵਧਾਈ ਦਿੰਦਿਆਂ ਮੁੱਖ ਮਹਿਮਾਨ, ਪੰਜਾਬ ਦੇ ਖ਼ਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਮੈਨੂੰ ਬੜੀ ਖੁਸ਼ੀ ਹੈ ਕਿ ਮੋਹਾਲੀ ਪ੍ਰੈਸ ਕਲੱਬ ਵਲੋਂ ਹਰ ਸਾਲ ਲੋਕਤੰਤਰਿਕ ਅਤੇ ਨਿਰਪੱਖ ਤਰੀਕੇ ਨਾਲ ਆਪਣੀ ਟੀਮ ਦੀ ਚੋਣ ਬਾਕਾਇਦਾ ਚੋਣ ਕਮਿਸ਼ਨਰ ਦੀ ਦੇਖ-ਰੇਖ ਵਿਚ ਕਰਵਾਈ ਜਾਂਦੀ ਹੈ, ਜਿਸ ਲਈ ਮੈਂ ਪ੍ਰਧਾਨ ਸੁਖਦੇਵ ਸਿੰਘ ਪਟਵਾਰੀ ਅਤੇ ਪੂਰੀ ਟੀਮ ਨੂੰ ਮੁਬਾਰਕਵਾਦ ਦਿੰਦਾ ਹਾਂ। ਉਨ੍ਹਾਂ ਕਿਹਾ ਕਿ ਮੀਡੀਆ ਸਮਾਜ ਦਾ ਅਹਿਮ ਅੰਗ ਹੈ। ਸਮਾਜ ਵਿੱਚ ਜੋ ਵੀ ਵਾਪਰਦਾ ਹੈ, ਮੀਡੀਆ ਹੀ ਉਸ ਨੂੰ ਲੋਕਾਂ ਦੇ ਸਾਹਮਣੇ ਲਿਆਉਂਦਾ ਹੈ, ਇਸ ਲਈ ਮੀਡੀਆ ਦੀ ਜ਼ਿੰਮੇਵਾਰੀ ਬਹੁਤ ਵੱਡੀ ਹੈ।ਵਿੱਤ ਮੰਤਰੀ ਨੇ ਕਲੱਬ ਬਣਾਉਣ ਲਈ ਵਿੱਤੀ ਮੱਦਦ ਦੇਣ ਦਾ ਵੀ ਭਰੋਸਾ ਦਿੱਤਾ। ਇਸ ਦੌਰਾਨ ਉਹਨਾਂ ਮੋਹਾਲੀ ਪ੍ਰੈਸ ਕਲੱਬ ਨੂੰ ਆਪਣੇ ਅਖ਼ਤਿਆਰੀ ਕੋਟੇ ਵਿਚ 5 ਲੱਖ ਰੁਪਏ ਗ੍ਰਾਂਟ ਦੇਣ ਦਾ ਐਲਾਨ ਕੀਤਾ ਤੇਂ ਕਲੱਬ ਦਾ ਸੋਵੀਨਾਰ ਵੀ ਰਿਲੀਜ਼ ਕੀਤਾ ਗਿਆ।ਵਾਟਰ ਸਪਲਾਈ ਤੇ ਸੈਨੀਟੇਸ਼ਨ ਪੰਜਾਬ ਦੇ ਚੇਅਰਮੈਨ ਡਾ. ਸੰਨੀ ਆਹਲੂਵਾਲੀਆ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਮੂਲੀਅਤ ਕੀਤੀ। ਉਹਨਾਂ ਕਿਹਾ ਕਿ ਮੀਡੀਆ ਦਾ ਸਾਡੇ ਸਮਾਜ ਵਿਚ ਯੋਗਦਾਨ ਨੂੰ ਭੁਲਾਇਆ ਨਹੀਂ ਜਾ ਸਕਦਾ, ਕਿਉਂਕਿ ਸ਼ਹਿਰ ਅਤੇ ਦੁਨੀਆ ਦੀ ਹਰ ਖਬਰ ਮੀਡੀਆ ਰਾਹੀਂ ਹੀ ਪਤਾ ਲੱਗਦੀ ਹੈ।ਇਸ ਮੌਕੇ ਮੋਹਾਲੀ ਪ੍ਰੈਸ ਕਲੱਬ ਦੀ ਨਵੀਂ ਚੁਣੀ ਗਵਰਨਿੰਗ ਬਾਡੀ ਟੀਮ ਵਿੱਚ ਸੁਖਦੇਵ ਸਿੰਘ ਪਟਵਾਰੀ ਪ੍ਰਧਾਨ, ਗੁਰਮੀਤ ਸਿੰਘ ਸ਼ਾਹੀ ਜਨਰਲ ਸਕੱਤਰ, ਸੁਸ਼ੀਲ ਗਰਚਾ ਸੀਨੀਅਰ ਮੀਤ ਪ੍ਰਧਾਨ, ਮਨਜੀਤ ਸਿੰਘ ਚਾਨਾ ਤੇ ਵਿਜੇ ਪਾਲ ਮੀਤ ਪ੍ਰਧਾਨ, ਰਾਜੀਵ ਤਨੇਜਾ ਖ਼ਜ਼ਾਨਚੀ, ਨੀਲਮ ਠਾਕੁਰ ਜਥੇਬੰਦਕ ਸਕੱਤਰ, ਡਾ. ਰਵਿੰਦਰ ਕੌਰ ਤੇ ਵਿਜੇ ਕੁਮਾਰ ਜੁਆਇੰਟ ਸਕੱਤਰ ਸ਼ਾਮਲ ਸਨ, ਜਿਨ੍ਹਾਂ ਨੂੰ ਨਵੀਂ ਜ਼ਿੰਮੇਵਾਰੀ ਸੰਭਾਲਣ 'ਤੇ ਵਧਾਈ ਦਿੱਤੀ ਗਈ।ਇਸ ਮੌਕੇ ਨਾਹਰ ਸਿੰਘ ਧਾਲੀਵਾਲ, ਪਾਲ ਸਿੰਘ ਕੰਸਾਲਾ, ਅਰੁਣ ਨਾਭਾ, ਹਰਬੰਸ ਸਿੰਘ ਬਾਗੜੀ, ਸੁਖਵਿੰਦਰ ਸਿੰਘ ਮਨੌਲੀ, ਗੁਰਮੀਤ ਸਿੰਘ ਰੰਧਾਵਾ, ਅਮਨਦੀਪ ਗਿੱਲ, ਸੰਦੀਪ ਬਿੰਦਰਾ, ਸੁਖਵਿੰਦਰ ਸ਼ਾਨ, ਦਵਿੰਦਰ ਸਿੰਘ ਏਆਈਆਰ, ਰਾਜੀਵ ਸਚਦੇਵਾ, ਪਰਵੇਸ਼ ਚੌਹਾਨ, ਉਜਲ ਸਿੰਘ, ਮਾਇਆ ਰਾਮ, ਪ੍ਰਿਤਪਾਲ ਸੋਢੀ, ਅਨਿਲ ਗਰਗ, ਰਮੇਸ਼ ਸਚਦੇਵਾ, ਹਰਮਿੰਦਰ ਸਿੰਘ ਨਾਗਪਾਲ, ਸੁਭਾਸ਼ ਵੈਟਸਨ, ਤਰਲੋਚਨ ਸਿੰਘ, ਰਾਜੀਵ ਵਸ਼ਿਸ਼ਟ, ਗੁਰਨਾਮ ਸਾਗਰ, ਗੁਰਜੀਤ ਸਿੰਘ, ਰਣਜੀਤ ਸਿੰਘ ਧਾਲੀਵਾਲ, ਕੁਲਵੰਤ ਸਿੰਘ ਕੋਟਲੀ, ਪ੍ਰਵੀਨ ਕੁਮਾਰ, ਜਸਵਿੰਦਰ ਸਿੰਘ ਆਦਿ ਵੀ ਮੌਜੂਦ ਸਨ।



# ਬੱਚਿਆਂ ਨੂੰ ਨਸ਼ੇ ਵਰਗੀਆਂ ਅਲਾਮਤਾਂ ਤੋਂ ਹਮੇਸ਼ਾ ਸੁਚੇਤ ਰੱਖਣਾ ਚਾਹੀਦੈ : ਚਮਨ ਸਿੰਘ

**ਨਵਾਂਸ਼ਹਿਰ, (ਕੁਲਵਿੰਦਰ ਸਿੰਘ ਦੁਰਗਾਪੁਰੀਆ)**

ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਮੁੱਢਲਾ ਸਿਹਤ ਕੇਂਦਰ ਮੁਜ਼ੱਫਰਪੁਰ ਦੇ ਸੀਨੀਅਰ ਮੈਡੀਕਲ ਅਫ਼ਸਰ ਡਾ. ਗੀਤਾਂਜਲੀ ਸਿੰਘ ਅਤੇ ਸਮੁਦਾਇਕ ਸਿਹਤ ਕੇਂਦਰ, ਰਾਹੋਂ ਦੇ ਸੀਨੀਅਰ ਮੈਡੀਕਲ ਅਫਸਰ ਡਾ. ਸੋਨੀਆ ਦੀ ਯੋਗ ਰਹਿਨੁਮਾਈ ਹੇਠ ਸਮੁਦਾਇਕ ਸਿਹਤ ਕੇਂਦਰ, ਰਾਹੋਂ ਵਿਖੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਜਾਗਰੂਕਤਾ ਕੈਂਪ ਆਯੋਜਿਤ ਕੀਤਾ ਗਿਆ।ਇਸ ਮੌਕੇ ਰੈੱਡ ਕਰਾਸ ਨਸ਼ਾ ਛੁਡਾਓ ਅਤੇ ਪੁਨਰਵਾਸ ਕੇਂਦਰ ਦੇ ਪ੍ਰੋਜੈਕਟ ਡਾਇਰੈਕਟਰ ਚਮਨ ਸਿੰਘ ਨੇ ਕਿਹਾ ਕਿ ਯੁੱਧ ਨਸ਼ਿਆਂ ਵਿਰੁੱਧ ਪੂਰੇ ਸਮਾਜ ਦੀ ਮੁਹਿਮ ਹੈ ਅਤੇ ਸਾਰੇ ਸਮਾਜ ਦਾ ਸਹਿਯੋਗ ਜ਼ਰੂਰੀ ਹੈ। ਉਨਾਂ ਨੇ ਕਿਹਾ ਕਿ ਸਾਨੂੰ ਆਪਣੇ ਬੱਚਿਆਂ ਦੀ ਵੀ ਲਗਾਤਾਰ ਕੌਂਸਲਿੰਗ ਕਰਦੇ ਰਹਿਣਾ ਚਾਹੀਦਾ ਹੈ ਅਤੇ ਬੱਚਿਆਂ ਨਾਲ ਨਿੱਘਾ ਰਿਸ਼ਤਾ ਰੱਖਦੇ ਹੋਏ ਉਨ੍ਹਾਂ ਨੂੰ ਨਸ਼ੇ ਦੀਆਂ ਮਾੜੀਆਂ ਅਲਾਮਤਾਂ ਤੋਂ ਹਮੇਸ਼ਾ ਸੁਚੇਤ ਰੱਖਣਾ ਚਾਹੀਦਾ ਹੈ। ਉਨ੍ਹਾਂ ਨੇ ਲੋਕਾਂ ਨੂੰ ਜ਼ਿੰਦਗੀ 'ਚ ਆਉਣ ਵਾਲੀਆਂ ਸਮੱਸਿਆ ਬਾਰੇ ਜਾਣੂ ਕਰਵਾਇਆ ਅਤੇ ਕਿਹਾ ਕਿ ਜੇਕਰ ਉਨ੍ਹਾਂ ਨੂੰ ਕੋਈ ਵੀ ਸਮੱਸਿਆ ਪੇਸ਼ ਆਉਂਦੀ ਹੈ ਤਾਂ ਉਹ ਉਸਨੂੰ ਖੁੱਲ੍ਹ ਕੇ ਸਾਂਝਾ ਕਰਨ।ਇਸ ਮੌਕੇ ਸਮੁਦਾਇਕ ਸਿਹਤ ਕੇਂਦਰ, ਰਾਹੋਂ ਦੇ ਸੀਨੀਅਰ ਮੈਡੀਕਲ ਅਫਸਰ ਡਾ. ਸੋਨੀਆ ਨੇ ਨਸ਼ੇ ਦੀ ਵਰਤੋਂ ਨਾਲ ਹੋਣ ਵਾਲੀਆਂ ਬਿਮਾਰੀਆਂ ਬਾਰੇ ਵਿਸਥਾਰਪੂਰਵਕ ਦੱਸਿਆ। ਉਨ੍ਹਾਂ ਕਿਹਾ ਨਸ਼ਾ ਕਿਸੇ ਵੀ ਸਮੱਸਿਆ ਦਾ ਹੱਲ ਨਹੀਂ ਹੈ। ਨਸ਼ੇ ਦੀ ਆਦਤ ਮਨੁੱਖ ਨੂੰ ਸਰੀਰਕ ਅਤੇ ਮਾਨਸਿਕ ਰੋਗੀ ਬਣਾ ਦਿੰਦੀ ਹੈ।ਬਲਾਕ ਐਕਸਟੈਂਸ਼ਨ ਐਜੂਕੇਟਰ ਮਨਿੰਦਰ ਸਿੰਘ ਨੇ ਕਿਹਾ ਕਿ ਸਾਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਖੇਡਾਂ ਵਿੱਚ ਆਪਣੀ ਦਿਲਚਸਪੀ ਵਧਾਉਣੀ ਚਾਹੀਦੀ ਹੈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸੁਖਜੀਤ ਕੁਮਾਰ, ਡਾ. ਰਿਤੂ ਦੀਪਤੀ, ਡਾ. ਗੁਰਪਿੰਦਰ ਕੌਰ, ਓਟ ਕੌਂਸਲਰ ਹਰਪ੍ਰੀਤ ਸਿੰਘ ਸਮੇਤ ਹੋਰ ਸਿਹਤ ਅਧਿਕਾਰੀ ਅਤੇ ਕਰਮਚਾਰੀ ਹਾਜ਼ਰ ਸਨ।



# ਮਾਲਿਕ ਸਾਹਿਬ ਜੋਤ ਮਹਾਰਾਜ ਨੇ ਨੇਤਰਦਾਨ ਪ੍ਰਣ ਪੱਤਰ ਭਰਿਆ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਰੋਟਰੀ ਆਈ ਬੈਂਕ ਅਤੇ ਕੋਰਨਿਅਲ ਟ੍ਰਾਂਸਪਲਾਂਟੇਸ਼ਨ ਸੋਸਾਇਟੀ (ਰਜਿ.) ਵੱਲੋਂ ਪਿੰਡ ਕਾਂਟੀਆਂ ਵਿੱਖੇ ਨੇਤਰਦਾਨ ਸੰਬੰਧੀ ਜਾਗਰੂਕਤਾ ਫਲੈਕਸ ਬੋਰਡ ਲਗਵਾਏ ਗਏ, ਜਿਨ੍ਹਾਂ ਨੂੰ ਮਾਲਿਕ ਸਾਹਿਬ ਜੋਤ ਜੀ ਮਹਾਰਾਜ ਵੱਲੋਂ ਵਿਧੀਵਤ ਤੌਰ 'ਤੇ ਰਿਲੀਜ਼ ਕੀਤਾ ਗਿਆ ਅਤੇ ਸੰਗਤ ਨੂੰ ਨੇਤਰਦਾਨ ਬਾਰੇ ਜਾਗਰੂਕ ਵੀ ਕੀਤਾ ਗਿਆ। ਮਾਲਿਕ ਸਾਹਿਬ ਜੋਤ ਜੀ ਮਹਾਰਾਜ ਨੇ ਸੰਗਤ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਨੇਤਰਦਾਨ ਨੂੰ ਆਪਣੀ ਜ਼ਿੰਦਗੀ ਦਾ ਅਟੁੱਟ ਹਿੱਸਾ ਬਣਾਓ, ਤਾਂ ਕਿ ਜੋ ਜੋ ਲੋਕ ਹਨ੍ਹੇਰੀ ਜਿੰਦਗੀ ਜੀਅ ਰਹੇ ਹਨ, ਉਹ ਵੀ ਰੋਸ਼ਨੀ ਪ੍ਰਾਪਤ ਕਰ ਸਕਣ ਅਤੇ ਪਰਮਾਤਮਾ ਵੱਲੋਂ ਬਣਾਏ ਇਸ ਸੁੰਦਰ ਸੰਸਾਰ ਨੂੰ ਦੇਖ ਸਕਣ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਸੁਪਨਾ ਹੈ ਕਿ ਦੁਨੀਆ ਵਿੱਚ ਕੋਈ ਵੀ ਵਿਅਕਤੀ ਕੌਰਨਿਅਲ ਅੰਨ੍ਹੇਪਨ ਨਾਲ ਪੀੜਤ ਨਾ ਰਹੇ। ਇਨ੍ਹਾਂ ਹੀ ਵਿਚਾਰਾਂ ਨਾਲ ਉਨ੍ਹਾਂ ਨੇ ਆਪਣੇ ਹੱਥੀਂ ਨੇਤਰਦਾਨ ਪ੍ਰਣ ਪੱਤਰ ਭਰਿਆ ਅਤੇ ਸੰਗਤ ਨੂੰ ਵੀ ਇਹ ਪ੍ਰਣ ਪੱਤਰ ਭਰ ਕੇ ਪੁੰਨ ਦੇ ਹੱਕਦਾਰ ਬਣਨ ਦੀ ਅਪੀਲ ਕੀਤੀ। ਜੇ..ਬੀ. ਬਹਿਲ ਨੇ ਦੱਸਿਆ ਕਿ ਜੇ ਕਿਤੇ ਤੁਹਾਡੇ ਆਪਣੇ ਪਿਆਰੇ ਦੀ ਮੌਤ ਹੋ ਜਾਂਦੀ ਹੈ ਤਾਂ ਉਸ ਉਪਰੰਤ 6 ਤੋਂ 8 ਘੰਟਿਆਂ ਤੱਕ ਅੱਖਾਂ ਜਿੰਦਾ ਰਹਿੰਦੀਆਂ ਹਨ। ਜਿਨ੍ਹਾਂ ਨੇ ਨੇਤਰਦਾਨ ਪ੍ਰਣ ਪੱਤਰ ਭਰਿਆ ਹੋਇਆ ਹੋਵੇ, ਉਨ੍ਹਾਂ ਦੇ ਪਰਵਾਰਕ ਮੈਂਬਰ ਅੱਖਾਂ ਦਾਨ ਸੰਬੰਧੀ ਕਿਸੇ ਵੀ ਸੋਸਾਇਟੀ ਮੈਂਬਰ ਨਾਲ ਸੰਪਰਕ ਕਰ ਸਕਦੇ ਹਨ। ਜੇ ਕਿਸੇ ਨੇ ਪ੍ਰਣ ਪੱਤਰ ਨਾ ਵੀ ਭਰਿਆ ਹੋਵੇ, ਉਹ ਵੀ ਅੱਖਾਂ ਦਾਨ ਕਰ ਸਕਦਾ ਹੈ। ਬਹਿਲ ਨੇ ਕਿਹਾ ਕਿ ਅਗਰ ਤੁਹਾਡੇ ਆਸ ਪਾਸ ਕੋਈ ਵੀ ਵਿਅਕਤੀ ਅੰਨੇਪਣ ਤੋਂ ਪੀੜਤ ਹੈ ਤਾਂ ਇਲਾਜ ਲੀ ਤੁਰੰਤ ਸੁਸਾਇਟੀ ਨਾਲ ਸੰਪਰਕ ਕੀਤਾ ਜਾਵੇ ਇਹ ਸੇਵਾ ਪੂਰੀ ਤਰ੍ਹਾਂ ਮੁਫ਼ਤ ਹੈ। ਇਸ ਮੌਕੇ ਸਕੱਤਰ ਵੀਨਾ ਚੋਪੜਾ, ਪ੍ਰੋ. ਦਲਜੀਤ ਸਿੰਘ, ਅਸ਼ਵਿਨੀ ਕੁਮਾਰ ਦੱਤਾ, ਰਮਿੰਦਰ ਸਿੰਘ, ਦਿਲਾਵਰ, ਡਾ. ਪਰਮਿੰਦਰ, ਤੇਜਿੰਦਰ ਪਾਲ ਸਿੰਘ ਬਾਜਵਾ, ਬਲਵੀਰ ਚੰਦ, ਅਨਵਰ ਕੁਮਾਰ ਅਤੇ ਹੋਰ ਹਾਜ਼ਰ ਸਨ।



# ਡਿਜੀਟਲ ਪੁਲਸਿੰਗ ਤੇ ਗਵਰਨੈਂਸ 'ਚ ਹਰਿਆਣਾ ਦਾ ਦਬਦਬਾ : ਡਾ. ਮਿਸ਼ਰਾ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**

ਹਰਿਆਣਾ ਨੇ ਡਿਜੀਟਲ ਗਵਰਨੈਂਸ ਅਤੇ ਨਾਗਰਿਕ-ਕੇਂਦ੍ਰਿਤ ਪੁਲਿਸਿੰਗ ਵਿੱਚ ਕੌਮੀ ਪੱਧਰ 'ਤੇ ਇੱਕ ਵਾਰ ਫਿਰ ਆਪਣੀ ਮਜਬੂਤ ਸਥਿਤੀ ਨੂੰ ਬਰਕਰਾਰ ਰੱਖਿਆ ਹੈ। ਅਕਤੂਬਰ 2024 ਤੋਂ ਸੂਬੇ ਨੇ ਪ੍ਰਗਤੀ ਡੈਸ਼ਬੋਰਡ 'ਤੇ ਲਗਾਤਾਰ ਸੌ-ਫੀਸਦੀ ਨੰਬਰ ਹਾਸਲ ਕੀਤੇ ਹਨ, ਜੋ ਡਿਜੀਟਲ ਅਪਰਾਧ ਟ੍ਰੈਕਿੰਗ ਅਤੇ ਡਾਟਾ ਪ੍ਰਬੰਧਨ ਵਿੱਚ ਸੂਬੇ ਦੇ ਸਿਖਰ ਪ੍ਰਦਰਸ਼ਨ ਨੂੰ ਦਰਸ਼ਾਉਂਦਾ ਹੈ। ਜੂਨ, 2021 ਤੋਂ ਪਿਛਲੇ 46 ਮਹੀਨਿਆਂ ਵਿੱਚ ਸੂਬੇ ਨੇ 35 ਵਾਰ ਸਿਖਰ ਸਥਾਨ ਹਾਸਲ ਕਰ ਲਗਾਤਾਰ ਪ੍ਰਭਾਵੀ ਅਤੇ ਪਾਰਦਰਸ਼ੀ ਪੁਲਿਸਿੰਗ ਦੀ ਆਪਣੀ ਪ੍ਰਤੀਬੱਧਤਾ ਜਤਾਈ ਹੈ। ਮੁੱਖ ਸਕੱਤਰ ਅਨੁਰਾਗ ਰਸਤੋਗੀ ਨੇ ਇੱਥੇ ਰਾਜ ਸਰਵੋਚ ਕਮੇਟੀ (ਐਸਏਸੀ) ਦੀ 30ਵੀਂ ਮੀਟਿੰਗ ਦੀ ਅਗਵਾਈ ਕਰਦੇ ਹੋਏ ਅਪਰਾਧ ਅਤੇ ਅਪਰਾਧੀ ਟ੍ਰੈਕਿੰਗ ਨੈਟਵਰਕ ਅਤੇ ਸਿਸਟਮ (ਸੀਸੀਟੀਐਨਐਸ) ਦੀ ਪ੍ਰਗਤੀ ਦੀ ਸਮੀਖਿਆ ਦੌਰਾਨ ਇਹ ਜਾਣਕਾਰੀ ਸਾਹਮਣੇ ਆਈ।ਗ੍ਰਹਿ ਵਿਭਾਗ ਦੀ ਵਧੀਕ ਮੁੱਖ ਸਕੱਤਰ ਡਾ. ਸੁਮਿਤਾ ਮਿਸ਼ਰਾ ਨੇ ਦਸਿਆ ਕਿ ਹਰਿਆਣਾ ਪੁਲਸ ਹਰ ਸਮੇਂ ਪੋਰਟਲ 'ਤੇ ਉਪਲਬਧ ਨਾਗਰਿਕ ਸੇਵਾਵਾਂ ਲਈ ਸੇਵਾ ਦਾ ਅਧਿਕਾਰ (ਆਰਟੀਐਸ) ਡੈਸ਼ਬੋਰਡ 'ਤੇ 10 ਵਿੱਚੋਂ 10 ਨੰਬਰ ਪ੍ਰਾਪਤ ਕਰ ਰਹੀ ਹੈ। ਪਿਛਲੇ 22 ਮਈ ਤੱਕ ਸਰਲ ਪੋਰਟਲ 'ਤੇ ਨਿਰਧਾਰਿਤ ਸਮੇਂ ਦੇ ਅੰਦਰ 69.95 ਲੱਖ ਤੋਂ ਵੱਧ ਬਿਨੈ ਪ੍ਰੋਸੈਸਡ ਕਰ ਕੇ, ਸਮੇਂ 'ਤੇ ਸੇਵਾ ਪ੍ਰਦਾਨ ਕਰਨ ਵਿੱਚ ਹਰਿਆਣਾ ਪੁਲਸ ਸਾਰੇ ਵਿਭਾਗਾਂ ਵਿੱਚ ਪਹਿਲੇ ਸਥਾਨ 'ਤੇ ਹੈ।ਉਨ੍ਹਾਂ ਨੇ ਅੱਗੇ ਦਸਿਆ ਕਿ ਕੁਸ਼ਲਤਾ ਵਿੱਚ ਸੁਧਾਰ ਲਈ ਸੀਸੀਟੀਐਨਐਸ ਪ੍ਰਣਾਲੀ ਵਿੱਚ ਕਈ ਪ੍ਰਮੁੱਖ ਤਕਨੀਕੀ ਸੁਧਾਰਾਂ ਨੂੰ ਏਕੀਕ੍ਰਿਤ ਕੀਤਾ ਗਿਆ ਹੈ। ਇੰਨ੍ਹਾਂ ਵਿੱਚ ਮੇਡਿਕੋ-ਲੀਗਲ ਕੇਸ (ਐਮਐਲਸੀ) ਹੈਂਡਲਿੰਗ, ਪੋਸਟਮਾਰਟਮ ਰਜਿਸਟ੍ਰੇਸ਼ਣ ਅਤੇ ਡਾਕਟਰ ਦੀ ਜਾਣਕਾਰੀ ਦੇ ਪ੍ਰਬੰਧਨ ਨੂੰ ਬਿਹਤਰ ਬਨਾਉਣ ਦੇ ਮਕਦ ਨਾਲ ਪੈਚ-10 ਦੀ ਸਥਾਪਨਾ ਸ਼ਾਮਿਲ ਹੈ। ਪਿਛਲੇ 10 ਜਨਵਰੀ, 2025 ਤੋਂ ਇਸ ਪ੍ਰਣਾਲੀ ਰਾਹੀਂ ਸਬੰਧਿਤ ਕੋਰਟ ਵੱਲੋਂ ਚਾਰਜਸ਼ੀਟ ਤਸਦੀਕ ਦੀ ਪੁਸ਼ਟੀ ਦਾ ਵੀ ਪ੍ਰਾਵਧਾਨ ਕੀਤਾ ਗਿਆ ਹੈ।ਬਿਨਾਂ ਰੁਕਾਵਟ ਡਿਜੀਟਲ ਪ੍ਰਮਾਣੀਕਰਣ ਦੇ ਉਦੇਸ਼ ਨਾਲ ਸਾਰੇ ਪ੍ਰਾਸੰਗਿਕ ਫੋਰਮਾਂ ਅਤੇ ਦਸਤਾਵੇਜਾਂ ਲਈ ਈ-ਸਾਇਨ ਸਹੂਲਤ ਨੂੰ ਜੇਨਰਿਕ ਬਣਾਇਆ ਗਿਆ ਹੈ। ਇਸ ਤੋਂ ਇਲਾਵਾ, ਜਾਂਚ ਅਧਿਕਾਰੀਆਂ ਦੇ ਆਧਾਰ ਕਾਰਡ ਨੂੰ ਉਨ੍ਹਾਂ ਦੇ ਸੀਸੀਟੀਐਮਐਸ ਲਾਗਿਨ ਆਈਡੀ ਨਾਲ ਮੈਚ ਕੀਤਾ ਗਿਆ ਹੈ, ਜਿਸ ਨਾਲ ਹਰੇਕ ਈ-ਸਾਇਨ ਵਰਤੋ ਦੇ ਲਈ ਆਧਾਰ ਨੰਬਰ ਮੈਨੂਅਲ ਰੂਪ ਨਾਲ ਦਰਜ ਕਰਨ ਦੀ ਜਰੂਰਤ ਖਤਮ ਹੋ ਗਈ ਹੈ। ਵਾਹਨ ਚੋਰੀ ਦੇ ਮਾਮਲਿਆਂ ਵਿੱਚ ਐਫਆਈਆਰ ਦੇ ਸਵੈਚਾਲਿਤ ਰਜਿਸਟ੍ਰੇਸ਼ਣ ਲਈ ਈ-ਐਫਆਈਆਰ ਮਾਡੀਯੂਲ ਹੁਣ ਪੂਰੀ ਤਰ੍ਹਾ ਨਾਲ ਕਿਰਿਆਸ਼ੀਲ ਹੈ। ਇਸ ਤੋਂ ਇਲਾਵਾ, ਦੁਰਘਟਨਾ ਨਾਲ ਮੌਤ ਦੇ ਮਾਮਲਿਆਂ ਨਾਲ ਜੁੜੇ ਈਮੇਲ ਸੀਸੀਟੀਐਨਐਸ ਪਲੇਟਫਾਰਮ ਨਾਲ ਡਿਪਟੀ ਕਮਿਸ਼ਨਰਾਂ ਨੂੰ ਸਵੈਚਾਲਿਤ ਰੂਪ ਨਾਲ ਸਬੰਧਿਤ ਭੇਜੇ ਜਾਂਦੇ ਹਨ। ਮੀਟਿੰਗ ਵਿੱਚ ਪੁਲਸ ਡਾਇਰੈਕਟਰ ਜਨਰਲ ਸ਼ਤਰੂਜੀਤ ਕਪੂਰ ਤੋਂ ਇਲਾਵਾ ਐਨਆਈਸੀ, ਕੌਮੀ ਅਪਰਾਧ ਰਿਕਾਰਡ ਬਿਊਰੋ (ਐਨਸੀਆਰਬੀ), ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਅਭਿਯੋਜਨ ਵਿਭਾਗ ਦੇ ਸੀਨੀਅਰ ਅਧਿਕਾਰੀ ਮੌਜੂਦ ਸਨ।

# ਖ਼ਾਲਸਾ ਸਕੂਲ ਦੇ ਸਾਲ 1970-72 ਬੈਚ ਦੇ ਵਿਦਿਆਰਥੀਆਂ ਦੀ ਹੋਈ ਇਕੱਤਰਤਾ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**

ਸ੍ਰੀ ਅਨੰਦਪੁਰ ਸਾਹਿਬ ਇਲਾਕੇ 'ਚ ਇਕ ਨਿਵੇਕਲਾ ਉਪਰਾਲਾ ਕੀਤਾ ਗਿਆ ਜਿਸ ਵਿੱਚ ਸਾਲ 1970-72 ਤੱਕ ਦੇ ਐਸ ਜੀ ਐਸ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਪੜ੍ਹ ਚੁੱਕੇ ਸਹਿਪਾਠੀ ਦੋਸਤਾਂ ਦੀ ਇਕ ਵਿਸ਼ੇਸ਼ ਇਕੱਤਰਤਾ ਹੋਟਲ ਵਾਈਟ ਸਿਟੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਕੀਤੀ ਗਈ।ਇਸ ਇਕੱਤਰਤਾ ਦਾ ਨਿਰੋਲ ਮਕਸਦ ਪੁਰਾਣੇ ਸਾਥੀਆਂ ਨਾਲ ਮੇਲ ਜੋਲ ਅਤੇ ਪੁਰਾਣੀਆਂ ਯਾਦਾਂ ਨੂੰ ਤਾਜ਼ਾ ਕਰਨਾ ਸੀ।ਇਸ ਸੰਬੰਧੀ ਗੱਲ ਕਰਦਿਆਂ ਉੱਘੇ ਖੇਡ ਪ੍ਰੇਮੀ ਅਤੇ ਨਾਮਵਰ ਐਂਕਰ ਗੁਰਮਿੰਦਰ ਸਿੰਘ ਭੁੱਲਰ ਨੇ ਦੱਸਿਆ ਕਿ 1970-72 'ਚ ਸਕੂਲ ਛੱਡਣ ਦੇ ਬਾਅਦ ਇਕੱਠੇ ਹੋਏ ਪੁਰਾਣੇ ਸਹਿਪਾਠੀ ਆਪਣੀਆਂ ਪਤਨੀਆਂ ਸਮੇਤ ਹਾਜ਼ਰ ਹੋਏ ਜਿਸ ਵਿੱਚ ਐਸ ਜੀ ਐਸ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਸ੍ਰੀ ਅਨੰਦਪੁਰ ਸਾਹਿਬ ਦੇ ਮੌਜੂਦਾ ਮੁਖੀ ਪ੍ਰਿੰਸੀਪਲ ਸੁਖਪਾਲ ਕੌਰ ਵਾਲੀਆ ਬਤੌਰ ਮੁੱਖ ਮਹਿਮਾਨ ਹਾਜ਼ਰ ਹੋਏ।ਇਕੱਤਰਤਾ ਦੀ ਖਾਸੀਅਤ ਇਹ ਸੀ ਕਿ ਇਸ ਬੈਚ ਦੇ ਵਿਦਿਆਰਥੀਆਂ ਨੇ ਆਪਣੇ ਮਿੱਤਰਾਂ ਦੇ ਨਾਲ ਪੁਰਾਣੀਆਂ ਯਾਦਾਂ ਸਾਂਝੀਆਂ ਕੀਤੀਆਂ ਅਤੇ ਵਿਛੜ ਚੁੱਕੇ ਸਾਥੀਆਂ ਲਈ ਦੁੱਖ ਪ੍ਰਗਟ ਕੀਤਾ।ਇਸ ਮੌਕੇ ਸਭ ਸਾਥੀਆਂ ਨੇ ਆਪਣੀਆਂ ਪ੍ਰਾਪਤੀਆਂ ਅਤੇ ਆਪਣੇ ਪਰਵਾਰਾਂ ਬਾਰੇ ਵਿਸਥਾਰ ਨਾਲ ਦੱਸਿਆ। ਇਸ ਮੌਕੇ ਇੰਜੀਨੀਅਰ ਮੇਜਰ ਸਿੰਘ ਐਕਸ ਚੇਅਰਮੈਨ ਸੀ ਈ ਏ, ਇੰਜੀਨੀਅਰ ਕੁਲਵੰਤ ਸਿੰਘ, ਇੰਜੀਨੀਅਰ ਹਰਮੀਤ ਸਿੰਘ, ਮੇਜਰ ਕਿਰਪਾਲ ਸਿੰਘ, ਤਜਿੰਦਰ ਸਿੰਘ ਵਾਲੀਆ, ਪ੍ਰਿੰਸੀਪਲ ਨਿਰੰਜਨ ਸਿੰਘ, ਨੰਬਰਦਾਰ ਹਰਪਾਲ ਸਿੰਘ, ਤਜਿੰਦਰ ਸਿੰਘ, ਸੁਖਦੇਵ ਸਿੰਘ ਕੀਰਤਪੁਰ ਸਾਹਿਬ, ਅਵਤਾਰ ਸਿੰਘ, ਹਰਚਰਨਜੀਤ ਸਿੰਘ, ਜਰਨੈਲ ਸਿੰਘ, ਸੁਰਜੀਤ ਸਿੰਘ, ਮੈਡਮ ਬਲਵੀਰ ਕੌਰ ਭੁੱਲਰ, ਜਸਵਿੰਦਰ ਕੌਰ, ਪੁਸ਼ਵਿੰਦਰ ਕੌਰ, ਰਿਟਾਇਰਡ ਪ੍ਰਿੰਸੀਪਲ ਪਰਮਿੰਦਰ ਕੌਰ, ਸ਼ੀਲਾ ਜੈਸਵਾਲ ਅਤੇ ਹੋਰ ਉਸ ਬੈਚ ਦੇ ਸਾਥੀ ਹਾਜ਼ਰ ਸਨ।



## 'ਇਕ ਦਿਨ ਡੀ ਸੀ/ਐੱਸ ਐੱਸ ਪੀ ਦੇ ਸੰਗ'

# ਮੈਰਿਟ 'ਚ ਆਉਣ ਵਾਲੀਆਂ 6 ਵਿਦਿਆਰਥਣਾਂ ਦੇ ਸੁਪਨਿਆਂ ਨੂੰ ਮਿਲੇ ਖੰਭ

**ਕਪੂਰਥਲਾ, (ਪ੍ਰੀਤ ਸੰਗੋਜਲਾ)**

10ਵੀਂ ਤੇ 12ਵੀਂ ਜਮਾਤ ਦੇ ਨਤੀਜਿਆਂ ਵਿੱਚ ਮੈਰਿਟ ਵਿਚ ਆਉਣ ਵਾਲੀਆਂ ਸਰਕਾਰੀ ਸਕੂਲਾਂ ਦੀਆਂ 6 ਵਿਦਿਆਰਥਣਾਂ ਦੇ ਸੁਪਨਿਆਂ ਨੂੰ ਡਿਪਟੀ ਕਮਿਸ਼ਨਰ ਅਮਿਤ ਕੁਮਾਰ ਪੰਚਾਲ ਤੇ ਐਸ.ਐਸ.ਪੀ. ਕਪੂਰਥਲਾ ਗੌਰਵ ਤੂਰਾ ਦੀ ਸੁਚੱਜੀ ਅਗਵਾਈ ਨੇ ਖੰਭ ਲਾ ਦਿੱਤੇ।ਪੰਜਾਬ ਸਰਕਾਰ ਵਲੋਂ ਮੈਰਿਟ ਵਿਚ ਆਉਣ ਵਾਲੇ ਵਿਦਿਆਰਥੀਆਂ ਲਈ ਸ਼ੁਰੂ ਕੀਤੇ ਪ੍ਰੋਗਰਾਮ 'ਇਕ ਦਿਨ ਡੀ.ਸੀ. ਤੇ ਐਸ.ਐਸ.ਪੀ. ਸੰਗ' ਪ੍ਰੋਗਰਾਮ ਤਹਿਤ ਜਿਲ੍ਹੇ ਦੀਆਂ 6 ਵਿਦਿਆਰਥਣਾਂ ਨੇ ਸਾਰਾ ਦਿਨ ਡਿਪਟੀ ਕਮਿਸ਼ਨਰ ਤੇ ਐਸ.ਐਸ.ਪੀ ਨਾਲ ਰਹਿਕੇ ਦਫਤਰੀ ਕੰਮਕਾਜ ਨੂੰ ਨੇੜੇ ਤੋਂ ਦੇਖਿਆ।ਉਹ ਬੱਚੇ ਜੋ ਆਪਣੇ ਘਰ ਤੋਂ ਕੇਵਲ ਸਕੂਲ ਤੱਕ ਦਾ ਹੀ ਰਾਸਤਾ ਜਾਣਦੇ ਸਨ, ਨੂੰ ਡਿਪਟੀ ਕਮਿਸ਼ਨਰ ਤੇ ਐਸ.ਐਸ.ਪੀ. ਨਾਲ ਬੈਠਕੇ ਦਫਤਰ ਦੇ ਕੰਮਕਾਜ ਵੇਖਣ, ਲੋਕਾਂ ਦੇ ਮਸਲੇ ਸੁਣਨ ਤੇ ਉਨ੍ਹਾਂ ਦੇ ਹੱਲ ਦੀ ਵਿਧੀ ਬਾਰੇ ਜਾਨਣ ਦਾ ਮੌਕਾ ਮਿਲਿਆ। ਜਿਨ੍ਹਾਂ 'ਚ ਦਸਵੀਂ ਜਮਾਤ ਦੀਆਂ ਵਿਦਿਆਰਥਣਾਂ ਮਨਪ੍ਰੀਤ ਕੌਰ ਸਰਕਾਰੀ ਸਕੂਲ ਹਰਬੰਸਪੁਰ ਫਗਵਾੜਾ, ਕਮਲਜੀਤ ਕੌਰ ਸਰਕਾਰੀ ਸਕੂਲ ਰਿਹਾਣਾ ਜੱਟਾਂ ਤੇ ਅੰਜਲੀ ਕੁਮਾਰੀ ਸਰਕਾਰੀ ਸਕੂਲ ਫਗਵਾੜਾ (ਕੰਨਿਆ) ਸ਼ਾਮਲ ਸਨ।ਇਸੇ ਤਰ੍ਹਾਂ 12ਵੀਂ ਜਮਾਤ ਦੇ ਨਤੀਜਿਆਂ 'ਚ ਮੈਰਿਟ ਵਿਚ ਆਉਣ ਵਾਲੀਆਂ ਵਿਦਿਆਰਥਣਾਂ ਅੰਕਿਤਾ ਸ਼ਰਮਾ ਜੀ ਬੀ ਐਚ ਐਸ ਸਰਕਾਰੀ ਸਕੂਲ ਕਾਲਾ ਸੰਘਿਆਂ, ਰਵਨੀਤ ਕੌਰ ਸਰਕਾਰੀ ਸਕੂਲ ਬੇਗੋਵਾਲ (ਕੰਨਿਆ), ਤਾਨੀਆ ਸਿੰਘ ਸਰਕਾਰੀ ਸਕੂਲ ਬੇਗੋਵਾਲ (ਕੰਨਿਆ) ਸ਼ਾਮਲ ਸਨ।ਡਿਪਟੀ ਕਮਿਸ਼ਨਰ ਨੇ ਕਿਹਾ 'ਇਸ ਪ੍ਰੋਗਰਾਮ ਦਾ ਮਕਸਦ ਲਾਇਕ ਬੱਚਿਆਂ ਨੂੰ ਉਨ੍ਹਾਂ ਦੇ ਸੁਪਨੇ ਦੀ ਪੂਰਤੀ ਲਈ ਅਗਵਾਈ ਦੇਣਾ ਹੈ'।ਵਿਦਿਆਰਥਣਾਂ ਨੇ ਡਿਪਟੀ ਕਮਿਸ਼ਨਰ ਤੇ ਐਸ.ਐਸ.ਪੀ. ਕੋਲੋਂ ਇਸ ਮੁਕਾਮ ਤੱਕ ਪੁੱਜਣ ਦੇ ਰਾਸਤੇ ਵਿਚ ਆਈਆਂ ਔਕੜਾਂ ਬਾਰੇ ਸਵਾਲ ਕੀਤੇ ਤੇ ਅਧਿਕਾਰੀਆਂ ਵਲੋਂ ਵਿਸਥਾਰ ਵਿਚ ਆਪਣਾ ਤਜ਼ਰਬਾ ਸਾਂਝਾ ਕੀਤਾ ਗਿਆ।ਡਿਪਟੀ ਕਮਿਸ਼ਨਰ ਨੇ ਆਪਣਾ ਯੂ.ਪੀ.ਐਸ.ਸੀ. ਟੈਸਟ ਪਾਸ ਕਰਨ ਦਾ ਸਫਰ ਸਾਂਝਾ ਕਰਦਿਆਂ ਬੱਚਿਆਂ ਨੂੰ ਕਰੜੀ ਮਿਹਨਤ ਕਰਨ ਤੇ ਕਦੇ ਵੀ ਹਾਰ ਨਾ ਮੰਨਣ ਦਾ ਗੁਰ ਮੰਤਰ ਦਿੱਤਾ।ਐਸ.ਐਸ.ਪੀ.ਤੂਰਾ ਨੇ ਬੱਚਿਆਂ ਨਾਲ ਆਪਣਾ ਆਈ.ਪੀ.ਐਸ. ਬਣਨ ਬਾਰੇ ਦੱਸਿਆ ਕਿ ਕਿਵੇਂ ਉਹ ਆਈ ਆਈ ਟੀ ਦਿੱਲੀ ਤੋਂ ਪੜ੍ਹਾਈ ਕਰਕੇ ਰੇਲਵੇ ਵਿੱਚ ਅਫਸਰ ਤੇ ਫਿਰ ਆਈ ਪੀ ਐਸ ਬਣੇ।ਡਿਪਟੀ ਕਮਿਸ਼ਨਰ ਤੇ ਐਸ ਐਸ ਪੀ ਦਫਤਰ ਵਿਖੇ ਵਿਦਿਆਰਥਣਾਂ ਸਾਰਾ ਦਿਨ ਦਫਤਰੀ ਕੰਮਕਾਜ ਨੂੰ ਨੇੜਿਓਂ ਵੇਖਿਆ। ਉਨ੍ਹਾਂ ਹੜ੍ਹ ਰੋਕੂ ਪ੍ਰਬੰਧਾਂ ਸਬੰਧੀ ਮੀਟਿੰਗ ਦੀ ਕਾਰਵਾਈ ਦੇਖੀ।



# ਸੰਗੋਵਾਲ ਵਿਖੇ ਪਹਿਲੀ ਪੁਜ਼ੀਸ਼ਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਚੈੱਕ ਤਕਸੀਮ

**ਮਹਿਤਪੁਰ (ਰਾਜਾ)** ਡਾ: ਮੁਣਸ਼ੀ ਰਾਮ ਅਤੇ ਬਲਕਾਰ ਸਿੰਘ ਸੰਧੂ ਐਜੂਕੇਸ਼ਨ ਵੈਲਫੇਅਰ ਸੋਸਾਇਟੀ (ਰਜਿ) ਸੰਗੋਵਾਲ ਵੱਲੋਂ ਪਹਿਲਾਂ ਦੀ ਤਰ੍ਹਾਂ ਤਿੰਨ ਸਕੂਲਾਂ ਵਿੱਚ ਕਲਾਸ ਵਿੱਚੋਂ ਫਸਟ ਆਉਣ ਵਾਲੇ ਵਿਦਿਆਰਥੀਆਂ ਨੂੰ ਚੈੱਕ ਤਕਸੀਮ ਕੀਤੇ ਗਏ। ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸੰਗੋਵਾਲ ਵਿਖੇ ਦਸਵੀਂ ਵਿੱਚੋਂ ਫਸਟ ਆਉਣ ਵਾਲੇ ਵਿਦਿਆਰਥੀ ਹਰਪ੍ਰੀਤ ਸਿੰਘ ਸਪੁੱਤਰ ਕਰਨਰਾਜ ਸਿੰਘ ਜੋ ਕਿ 79% ਅੰਕ ਲੈ ਕੇ ਕਲਾਸ ਵਿੱਚੋਂ ਪਹਿਲੇ ਸਥਾਨ 'ਤੇ ਰਿਹਾ ਨੂੰ 30000 ਰੁਪਏ ਦਾ ਚੈੱਕ ਦਿੱਤਾ ਗਿਆ। ਦੂਸਰਾ ਐਚ ਪੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਸੰਗੋਵਾਲ ਦਾ ਵਿਦਿਆਰਥੀ ਭੁਪਿੰਦਰ ਵਾਲੀਆ ਸਪੁੱਤਰ ਰਮਨ ਕੁਮਾਰ 93% ਅੰਕ ਲੈ ਕੇ ਆਪਣੀ ਕਲਾਸ ਵਿੱਚੋਂ ਪਹਿਲੇ ਸਥਾਨ 'ਤੇ ਰਿਹਾ ਨੂੰ ਵੀ 30000 ਰੁਪਏ ਦਾ ਚੈੱਕ ਦਿੱਤਾ ਗਿਆ। ਗੌਰਮੈਂਟ ਪ੍ਰਾਇਮਰੀ ਸਕੂਲ ਵਿੱਚੋਂ ਪੰਜਵੀਂ ਕਲਾਸ ਵਿੱਚ ਫਸਟ ਆਉਣ ਵਾਲੇ ਵਿਦਿਆਰਥੀ ਰਾਜਵੀਰ ਸਿੰਘ ਸਪੁੱਤਰ ਨਿਰਮਲ ਸਿੰਘ ਜੋ ਕਿ 95.2% ਅੰਕ ਲੈ ਕੇ ਫਸਟ ਆਇਆ ਉਸ ਨੂੰ 15000 ਦਾ ਚੈੱਕ ਦਿੱਤਾ ਗਿਆ। ਗੁਰਮੀਤ ਸਿੰਘ ਕਨੇਡਾ ਨਿਵਾਸੀ ਦੇ ਸਹਿਯੋਗ ਨਾਲ ਹੀ ਇਹਨਾਂ ਵਿਦਿਆਰਥੀਆਂ ਨੂੰ ਚੈੱਕ ਤਕਸੀਮ ਕੀਤੇ ਗਏ। ਇਹ ਸੰਸਥਾ ਹਰ ਸਾਲ 10 ਸਕੂਲਾਂ ਵਿੱਚ ਬੱਚਿਆਂ ਦੀ ਹੌਸਲਾ ਅਫਜਾਈ ਕਰਦੀ ਆ ਰਹੀ ਹੈ। ਪ੍ਰਿੰਸੀਪਲ ਮਨਪ੍ਰੀਤ ਰਾਮ ਤੇ ਸਮੂਹ ਸਟਾਫ਼ ਨੇ ਇਸ ਮਾਨਮਤੇ ਉਪਰਾਲੇ ਦਾ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਸੋਸਾਇਟੀ ਦੇ ਪ੍ਰਧਾਨ ਡਾ: ਗੁਰਪਾਲ ਸਿੰਘ, ਪਾਲ ਬਾਗਪੁਰ, ਜਸਪਾਲ ਸਿੰਘ ਮਰੋਕ, ਨਿਰਮਲ ਸਿੰਘ, ਇੰਸਪੈਕਟਰ ਰਣਜੀਤ ਸਿੰਘ, ਸੁਲੱਖਣ ਸਿੰਘ, ਹਰਭਜਨ ਸਿੰਘ ਪ੍ਰਧਾਨ, ਗੁਰਦੇਵ ਸਿੰਘ, ਐਕਸੀਅਨ, ਹਰਜਿੰਦਰ ਸਿੰਘ ਅਤੇ ਮਨਿੰਦਰ ਸਿੰਘ ਆਦਿ ਹਾਜ਼ਰ ਸਨ।




# ਸਿੱਧੂ ਜਠੇਰਿਆਂ ਦਾ ਸਾਲਾਨਾ ਜੋੜ ਮੇਲਾ ਧੂਮ-ਧਾਮ ਨਾਲ ਮਨਾਇਆ

**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)**

ਸੇਵਾਦਾਰ ਸਤਨਾਮ ਸਿੰਘ ਕਮਲ ਸਿੱਧੂ ਨੇ ਦੱਸਿਆ ਕਿ ਸਿੱਧੂ ਜਠੇਰੇ ਸੇਵਾ ਵੈਲਫੇਅਰ ਕਮੇਟੀ ਤੇ ਸਮੂਹ ਸੰਗਤ ਐਨ ਆਰ ਆਈ ਵੀਰਾਂ ਦੇ ਸਹਿਯੋਗ ਨਾਲ ਸਿੱਧੂ ਜਠੇਰਿਆਂ ਦਾ ਸਾਲਾਨਾ ਜੋੜ ਮੇਲਾ ਧੂਮ ਧਾਮ ਨਾਲ ਮਨਾਇਆ ਗਿਆ।ਸਭ ਤੋ ਪਹਿਲਾਂ ਸਵੇਰੇ ਮੂਰਤੀਆਂ ਦੇ ਇਸ਼ਨਾਨ ਕਰਵਾਏ, ਵਸਤਰ ਬਦਲੇ ਗਏ, ਨਿਸ਼ਾਨ ਸਾਹਿਬ ਚੜ੍ਹਾਇਆ ਗਿਆ ਅਤੇ ਹੋਰ ਰਸਮਾਂ ਨਿਭਾਈਆਂ ਗਈਆਂ। ਸੇਠ ਪ੍ਰਤਾਪ ਬੰਗਾ ਦੀ ਡਾਕਟਰਾਂ ਦੀ ਟੀਮ ਵਲੋਂ ਮੁਫਤ ਮੈਡੀਕਲ ਚੈਅਕੱਪ ਕੈਂਪ ਲਗਾਇਆ ਅਤੇ ਦਵਾਈਆਂ ਵੀ ਮੁਫਤ ਦਿੱਤੀਆਂ ਗਈਆਂ। ਠੰਡੇ ਮਿੱਠੇ ਜਲ ਤੇ ਜਲ ਜੀਰੇ ਦੀ ਛਬੀਲ ਇੰਦਰਜੀਤ ਸਿੰਘ ਸਿੱਧੂ , ਸਤਪਾਲ ਸਿੱਧੂ ਲੁਧਿਆਣਾ ਵਾਲਿਆਂ ਵਲੋਂ ਲਗਾਈ ਗਈ।ਬਲਵੀਰ ਸਿੰਘ ਸਿੱਧੂ ਵਲੋਂ ਜਲੇਬੀਆਂ ਦਾ ਲੰਗਰ ਹਰ ਸਾਲ ਦੀ ਲਗਾਇਆ ਗਿਆ। ਜੱਜ ਹਰਭਜਨ ਸਿੰਘ ਸਿੱਧੂ ਨੇ ਵਡੇਰਿਆਂ ਦਾ ਅਸ਼ੀਰਵਾਦ ਪ੍ਰਪਾਤ ਕੀਤਾ। ਐਨ ਆਰ ਆਈ ਚੂਹੜ ਸਿੰਘ ਸਿੱਧੂ ਪਿੰਡ ਸਤਨੌਰ ਯੂ ਐਸ ਏ ਨੇ 10 ਮਰਲੇ ਜਗ੍ਹਾ ਵਾਸਤੇ 5ਲੱਖ ਦਾਨ ਦਿੱਤੇ। ਵਿਚ ਗੀਟਾ ਸਿੱਧੂ, ਯੁਵਰਾਜ ਸਿੱਧੂ, ਰਾਜ ਕੁਮਾਰ ਰਾਜੂ,ਕਮਲ ਕਟਾਣਿਆ, ਕੌਰ ਸੀਸਟਰ,ਗੋਲਡਨ ਗਿੱਲ,ਕੁਲਵਿੰਦਰ ਸੈਪਲੇ ਤੋਂ ਇਲਾਵਾ ਬਹੁਤ ਸਾਰੇ ਕਲਾਕਾਰਾਂ ਵਲੋਂ ਧਾਰਮਿਕ ਪ੍ਰੋਗਰਾਮ ਪੇਸ਼ ਕੀਤਾ ਗਿਆ। ਇਸ ਮੌਕੇ ਤੇ ਸਿੱਧੂ ਜਠੇਰੇ ਸੇਵਾ ਵੈਲਫੇਅਰ ਕਮੇਟੀ ਵਲੋ ਸੰਗਤਾ ਦਾ ਧੰਨਵਾਦ ਕੀਤਾ ਅਤੇ ਸਿਰੋਪੇ ਦੇਕੇ ਮਾਣ ਸਨਮਾਨ ਵੀ ਦਿਤਾ ਗਿਆ। ਇਸ ਮੌਕੇ ਬਾਬਾ ਮਦਨ ਸ਼ਾਹ ਪਿੰਡ ਭੀਣ, ਬਾਬਾ ਪੂਰਨ, ਬਾਬਾ ਮਦਨ ਲਾਲ ਰਾਣੀਪੁਰ,ਬਾਬਾ ਬਲਦੇਵ ਸੈਣੀ, ਬਾਬਾ ਕੁਲਵੀਰ ਸ਼ਾਹ, ਬਾਬਾ ਬਲਵੀਰ ਬਿੱਲਾ, ਬਾਬਾ ਬਿੱਲਾ, ਬਾਬਾ ਕਮਲ ਦਾਸ,ਵਿਜੈ ਮੱਲਪੁਰੀ, ਅਵਤਾਰ ਸਿੰਘ ਸਿੱਧੂ, ਜਗਤਾਰ ਸਿੰਘ ਸਿੱਧੂ,ਪਰਗਣ ਸਿੰਘ,ਮਦਨ ਲਾਲ,ਦਰਸ਼ਨ ਕੁਮਾਰ,ਕਸ਼ਮੀਰ ਸਿੰਘ ਸਿੱਧੂ ਆਟੋ ਸਰਵਿਸ, ਨਰਿੰਦਰ ਕੁਮਾਰ ਸਿੱਧੂ ,ਰਣਜੀਤ ਸਿੰਘ ਸਿੱਧੂ ਹਾਜਰ ਸਨ।



# ਭਾਗਵਿੰਦਰ ਸਿੰਘ ਦੇਵਗਨ ਦੀ ਪੁਸਤਕ 'ਤੇਰੇ ਜਾਣ ਤੋਂ ਬਾਅਦ' ਲੋਕ ਅਰਪਣ

■ ਸਾਹਿਤ ਸਭਾਵਾਂ ਦਾ ਸਮਾਜ ਦੀ ਤਰੱਕੀ 'ਚ ਅਹਿਮ ਯੋਗਦਾਨ : ਡਾ. ਆਸ਼ਟ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬੀ ਸਾਹਿਤ ਸਭਾ (ਰਜਿ.) ਪਟਿਆਲਾ ਵੱਲੋਂ ਭਾਸ਼ਾ ਵਿਭਾਗ ਪੰਜਾਬ ਪਟਿਆਲਾ ਦੇ ਲੈਕਚਰ ਹਾਲ ਵਿਖੇ ਉੱਘੇ ਵਿਦਵਾਨ ਤੇ ਪਦਮਸ਼੍ਰੀ ਡਾ. ਰਤਨ ਸਿੰਘ ਜੱਗੀ ਨੂੰ ਸਮਰਪਤ ਸਾਹਿਤਕ ਸਮਾਗਮ ਕੀਤਾ ਗਿਆ। ਇਸ ਸਮਾਗਮ ਦੇ ਪ੍ਰਧਾਨਗੀ ਮੰਡਲ ਵਿੱਚ ਸਭਾ ਦੇ ਪ੍ਰਧਾਨ ਡਾ. ਦਰਸ਼ਨ ਸਿੰਘ ਆਸ਼ਟ, ਸਾਬਕਾ ਆਈ.ਏ.ਐੱਸ. ਤੇ ਡਿਪਟੀ ਕਮਿਸ਼ਨਰ ਸ਼ਿਵਦੁਲਾਰ ਸਿੰਘ ਢਿੱਲੋਂ, ਕਵੀ ਭਾਗਵਿੰਦਰ ਸਿੰਘ ਦੇਵਗਨ, ਉਸਤਾਦ ਗ਼ਜ਼ਲਗੋ ਤੇ ਸਾਹਿਤਕ ਰਿਸਾਲੇ 'ਸੂਲ ਸੁਰਾਹੀ' ਦੇ ਸੰਪਾਦਕ ਬਲਬੀਰ ਸਿੰਘ ਸੈਣੀ, ਉੱਘੀ ਲੇਖਿਕਾ ਤੇ ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਦੇ ਸਟੇਟ ਐਵਾਰਡੀ ਡਾ. ਗੁਰਪ੍ਰੀਤ ਕੌਰ ਸੈਣੀ, ਬਹੁਪੱਖੀ ਲੇਖਕ ਧਰਮ ਕੰਮੇਆਣਾ ਤੇ ਖੋਜਾਰਥਣ ਜਸਪ੍ਰੀਤ ਕੌਰ ਸ਼ਾਮਲ ਹੋਏ। ਸਮਾਗਮ ਦੇ ਆਰੰਭ ਵਿੱਚ ਪੁੱਜੇ ਲੇਖਕਾਂ ਦਾ ਸੁਆਗਤ ਕਰਦਿਆਂ ਸਭਾ ਦੇ ਪ੍ਰਧਾਨ ਡਾ. ਦਰਸ਼ਨ ਸਿੰਘ 'ਆਸ਼ਟ' ਨੇ ਭਾਗਵਿੰਦਰ ਸਿੰਘ ਦੇਵਗਨ ਦੀ ਪੁਸਤਕ ਦੇ ਹਵਾਲੇ ਨਾਲ ਕਿਹਾ ਕਿ ਸਾਹਿਤ ਸਭਾਵਾਂ ਸਮਾਜ ਦੀ ਬਹੁਪੱਖੀ ਤਰੱਕੀ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਅ ਰਹੀਆਂ ਹਨ। ਸ਼ਿਵਦੁਲਾਰ ਸਿੰਘ ਢਿੱਲੋਂ ਦਾ ਮਤ ਸੀ ਕਿ ਸਾਹਿਤਕਾਰਾਂ ਦੀਆਂ ਲਿਖਤਾਂ ਵਿੱਚ ਕਿਰਤ ਦੀ ਸਾਰਥਿਕਤਾ ਉਜਾਗਰ ਹੋਣੀ ਚਾਹੀਦੀ ਹੈ ਤੇ ਦਿਖਾਵੇ ਦੀ ਦੁਨੀਆ ਦਾ ਖੰਡਨ ਹੋਣਾ ਚਾਹੀਦਾ ਹੈ। ਬਲਬੀਰ ਸਿੰਘ ਸੈਣੀ ਨੇ ਆਪਣੀਆਂ ਗ਼ਜ਼ਲਾਂ ਦੇ ਨਮੂਨੇ ਪੇਸ਼ ਕਰਦਿਆਂ ਕਿਹਾ ਕਿ ਦੇਵਗਨ ਦੀ ਸ਼ਾਇਰੀ ਵਰਤਮਾਨ ਸਮੇਂ ਦੀ ਗੱਲ ਕਰਦੀ ਹੈ। ਗੀਤਕਾਰ ਧਰਮ ਕੰਮੇਆਣਾ ਨੇ ਆਪਣੇ ਗੀਤਾਂ ਰਾਹੀਂ ਸਮਾਜ ਦੇ ਦਰਦ ਨੂੰ ਸਮਝਣ ਦੀ ਗੱਲ ਕੀਤੀ, ਜਦੋਂ ਕਿ ਗੁਰਪ੍ਰੀਤ ਕੌਰ ਸੈਣੀ ਪ੍ਰੀਤ ਦਾ ਕਹਿਣਾ ਸੀ ਕਿ ਜਦੋਂ ਕੋਈ ਸ਼ਾਇਰ ਲਿਖਦਾ ਹੈ ਤਾਂ ਉਸ ਵਿੱਚ ਉਸ ਦਾ ਨਿੱਜੀ ਦਰਦ ਛੁਪਿਆ ਹੋਇਆ ਹੁੰਦਾ ਹੈ। ਦੇਵਗਨ ਦੀ ਪੁਸਤਕ ਵਿੱਚ ਮੁੱਖ ਪੇਪਰ ਖੋਜਾਰਥਣ ਜਸਪ੍ਰੀਤ ਕੌਰ ਨੇ ਪੇਪਰ ਪੜ੍ਹਦਿਆਂ ਕਿਹਾ ਕਿ ਦੇਵਗਨ ਕੋਲ ਕਵਿਤਾ ਕਹਿਣ ਦਾ ਹੁਨਰ ਮੌਜੂਦ ਹੈ। ਇਸ ਪੁਸਤਕ ਉੱਪਰ ਵਿਚਾਰ ਚਰਚਾ ਵਿੱਚ ਭਾਗ ਲੈਂਦਿਆਂ ਐੱਮ. ਐੱਸ. ਜੱਗੀ ਨੇ ਕਿਹਾ ਕਿ ਲੇਖਕ ਦੀ ਸ਼ਾਇਰੀ ਵੱਡੇ ਸ਼ਾਇਰਾਂ ਤੋਂ ਪ੍ਰਭਾਵਿਤ ਹੈ, ਜਦੋਂ ਕਿ ਪ੍ਰੋ. ਨਵਸੰਗੀਤ ਤੇ ਭਾਸ਼ਾ ਵਿਭਾਗ ਪੰਜਾਬ ਦੇ ਡਾ. ਮਨਜਿੰਦਰ ਸਿੰਘ ਦਾ ਸਰਬ ਸਾਂਝਾ ਮਤ ਸੀ ਕਿ ਦੇਵਗਨ ਦੀ ਖੁੱਲ੍ਹੀ ਕਵਿਤਾ ਵਿੱਚ ਸੁਨੇਹੇ ਦਾ ਸਾਰਥਿਕ ਸੰਚਾਰ ਹੁੰਦਾ ਹੈ। ਕੁਲਵੰਤ ਸਿੰਘ ਨਾਰੀਕੇ ਤੇ ਜਨਰਲ ਸਕੱਤਰ ਦਵਿੰਦਰ ਪਟਿਆਲਵੀ ਨੇ ਵੀ ਖੁੱਲ੍ਹੀਆਂ ਟਿੱਪਣੀਆਂ ਕੀਤੀਆਂ। ਆਪਣੀ ਪੁਸਤਕ ਸੰਬੰਧੀ ਨਿੱਠ ਕੇ ਹੋਈ ਵਿਚਾਰ ਚਰਚਾ ਉਪਰ ਸੰਤੁਸ਼ਟੀ ਜ਼ਾਹਰ ਕਰਦਿਆਂ ਭਾਗਵਿੰਦਰ ਸਿੰਘ ਦੇਵਗਨ ਨੇ ਕਿਹਾ ਕਿ ਵਿਦਵਾਨਾਂ ਦੀਆਂ ਗੱਲਾਂ ਨੇ ਉਸ ਦੀ ਸ਼ਾਇਰੀ ਬਾਰੇ ਨਵੇਂ ਪੱਖ ਉਜਾਗਰ ਕੀਤੇ ਹਨ। ਸਮਾਗਮ ਦੇ ਦੂਜੇ ਦੌਰ ਵਿੱਚ ਹਰਵਿੰਦਰ ਸਿੰਘ ਵਿੰਦਰ, ਦਵਿੰਦਰ ਪਟਿਆਲਵੀ, ਨਵਦੀਪ ਸਿੰਘ ਮੁੰਡੀ, ਗੋਪਾਲ ਸ਼ਰਮਾ, ਕਿਰਪਾਲ ਸਿੰਘ ਮੂਣਕ, ਭੁਪਿੰਦਰ ਕੌਰ ਵਾਲੀਆ, ਇੰਦਰਪਾਲ ਸਿੰਘ, ਰਾਜਪਾਲ ਕੌਰ ਮਸਤ, ਬਚਨ ਸਿੰਘ ਗੁਰਮ, ਸਤਨਾਮ ਸਿੰਘ ਮੱਟੂ, ਰਾਜੇਸ਼ਵਰ ਕੁਮਾਰ, ਸੁਰਿੰਦਰ ਬੇਦੀ, ਮਾਸਟਰ ਰਾਜ ਸਿੰਘ ਬਧੌਛੀ, ਹਰਚਰਨ ਸਿੰਘ, ਕੇ. ਐੱਸ. ਸੇਖੋਂ, ਜੱਗਾ ਰੰਗੂਵਾਲ, ਬਜਿੰਦਰ ਠਾਕੁਰ ਆਦਿ ਨੇ ਭਾਗ ਲਿਆ। ਬਲਰਾਜ ਪੰਨੂੰ ਨੇ ਆਪਣੀ ਟੀਮ ਸਮੇਤ ਸ਼ਮੂਲੀਅਤ ਕੀਤੀ ਤੇ ਆਡੀਓ ਲਾਇਬ੍ਰੇਰੀ ਦੇ ਮਹੱਤਵ ਬਾਰੇ ਚਰਚਾ ਕੀਤੀ। ਇਸ ਮੌਕੇ ਪ੍ਰਿੰ. ਜਰਨੈਲ ਸਿੰਘ, ਅਮਰਜੀਤ ਸਿੰਘ ਵਾਲੀਆ, ਸ਼ਿਸ਼ੂਪਾਲ ਸੈਣੀ, ਗਗਨਦੀਪ ਸਿੰਘ ਦੇਵਗਨ, ਜੋਗਾ ਸਿੰਘ ਖੀਵਾ, ਆਰ. ਐੱਸ. ਆਨੰਦਪੁਰੀ, ਜੋਗਾ ਸਿੰਘ ਧਨੌਲਾ, ਰਾਜੇਸ਼ ਕੋਟੀਆ, ਜਤਿੰਦਰਪਾਲ ਸਿੰਘ, ਹਰਦੀਪ ਕੌਰ, ਹਰਪਾਲ ਸਿੰਘ, ਪਰਮਜੀਤ ਕੌਰ, ਹਰਪ੍ਰੀਤ ਕੌਰ, ਪ੍ਰਭਜੋਤ ਕੌਰ, ਉਤਮਜੋਤ ਸਿੰਘ, ਪਰਦੀਪ ਸਿੰਘ ਆਦਿ ਸ਼ਾਮਲ ਸਨ। ਇਸ ਦੌਰਾਨ ਸਭਾ ਵੱਲੋਂ ਸ਼ਿਵਦੁਲਾਰ ਸਿੰਘ ਢਿੱਲੋਂ ਤੇ ਬਲਬੀਰ ਸਿੰਘ ਸੈਣੀ ਸਮੇਤ ਕੁਝ ਸ਼ਖ਼ਸੀਅਤਾਂ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ। ਮੰਚ ਸੰਚਾਲਨ ਜਨਰਲ ਸਕੱਤਰ ਦਵਿੰਦਰ ਪਟਿਆਲਵੀ ਨੇ ਬਖ਼ੂਬੀ ਨਿਭਾਇਆ ਤੇ ਸਭਾ ਦੇ ਸਰਪ੍ਰਸਤ ਬਾਬੂ ਸਿੰਘ ਰੈਹਲ ਵੱਲੋਂ ਸਭਨਾਂ ਦਾ ਧੰਨਵਾਦ ਕੀਤਾ ਗਿਆ।

## ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਅਹਿਮਦਪੁਰ ਸਕੂਲ ਦੇ ਬੱਚਿਆਂ ਦੇ ਹੋਏ ਰੂਬਰੂ



**ਮਾਨਸਾ (ਆਤਮਾ ਸਿੰਘ ਪਮਾਰ)**-ਬਲਾਕ ਸਿੱਖਿਆ ਅਫਸਰ ਪ੍ਰਾਇਮਰੀ ਸਤਪਾਲ ਸ਼ਰਮਾ ਸਰਕਾਰੀ ਪ੍ਰਾਇਮਰੀ ਸਕੂਲ ਅਹਿਮਦਪੁਰ ਦੇ ਵਿਦਿਆਰਥੀਆਂ ਨਾਲ ਸਵੇਰ ਦੀ ਸਭਾ ਵਿੱਚ ਰੂ-ਬ-ਰੂ ਹੋਏ।ਉਨ੍ਹਾਂ ਬੱਚਿਆਂ ਨੂੰ ਚੰਗੀਆਂ ਆਦਤਾਂ, ਵਧੀਆ ਰਹਿਣ ਸਹਿਣ ਚੰਗਾ ਖਾਣ-ਪੀਣ ਸੰਬੰਧੀ ਵਿਸ਼ੇਸ਼ ਤੌਰ 'ਤੇ ਪ੍ਰੇਰਤ ਕੀਤਾ।ਉਨ੍ਹਾਂ ਬੱਚਿਆਂ ਕੋਲੋਂ ਉਨ੍ਹਾਂ ਦੇ ਪਿੰਡ ਦਾ ਨਾਂਅ, ਪਿੰਡ ਦੇ ਸਰਪੰਚ ਦਾ ਨਾਂਅ, ਜ਼ਿਲ੍ਹਾ ਤੇ ਤਹਿਸੀਲ ਆਦਿ ਬਾਰੇ ਵੀ ਸਵਾਲ-ਜਵਾਬ ਕੀਤੇ।ਅਧਿਕਾਰੀ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਹਰੇਕ ਹਫਤੇ ਆਪਣੇ ਨਹੁੰ ਕੱਟਣੇ ਚਾਹੀਦੇ ਹਨ ਤਾਂ ਜੁ ਬਿਮਾਰੀਆਂ ਤੋਂ ਬਚਿਆ ਜਾ ਸਕੇ।ਉਨ੍ਹਾਂ ਬੱਚਿਆਂ ਨੂੰ ਰੋਜ਼ਾਨਾ ਪੜ੍ਹਨ ਲਈ ਵੀ ਪ੍ਰੇਰਿਤ ਕੀਤਾ।ਸਕੂਲ ਮੁਖੀ ਅਮਨਦੀਪ ਸ਼ਰਮਾ ਨੇ ਦੱਸਿਆ ਕਿ ਇਸ ਸਕੂਲ ਦੇ 10 ਵਿਦਿਆਰਥੀ ਪਿਛਲੇ ਸਾਲ ਸੂਬਾ ਪੱਧਰੀ ਖੇਡਾਂ 'ਚ ਭਾਗ ਲੈ ਚੁੱਕੇ ਹਨ ਅਤੇ ਸਕੂਲ ਦੇ ਨਤੀਜੇ ਵੀ ਬਹੁਤ ਵਧੀਆ ਹਨ।ਸਕੂਲ ਆਫ ਹੈਪੀਨੈਸ 'ਚ ਆਉਣ 'ਤੇ ਸਕੂਲ ਦੀ ਦਿੱਖ ਹੋਰ ਵੀ ਬਹੁਤ ਵਧੀਆ ਹੋਵੇਗੀ।ਉਨ੍ਹਾਂ ਕਿਹਾ ਕਿ ਇਸ ਵਾਰ ਵੱਡੀ ਗਿਣਤੀ ਵਿੱਚ ਸਕੂਲ ਦੇ ਵਿਦਿਆਰਥੀ ਵੱਖ-ਵੱਖ ਮੁਕਾਬਲਿਆਂ ਵਿੱਚ ਭਾਗ ਲੈਣਗੇ।ਬੀ ਪੀ ਈ ਓ ਵੱਲੋਂ ਸਮੁੱਚੇ ਸਟਾਫ ਨਾਲ ਇੱਕ ਵਿਸ਼ੇਸ਼ ਮੀਟਿੰਗ ਵੀ ਕੀਤੀ ਗਈ।

## ਮਾਊਂਟ ਲਿਟਰਾ ਜ਼ੀ ਵੱਲੋਂ ਬੱਚਿਆਂ ਦਾ ਪਨ ਫਨ ਜੋਏ ਬਠਿੰਡਾ ਦਾ ਟ੍ਰਿਪ




**ਫਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)**-ਸਥਾਨਕ ਮਾਊਂਟ ਲਿਟਰਾ ਜ਼ੀ ਸਕੂਲ ਨੇ ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਇੱਕ ਰੋਜ਼ਾ ਵਾਟਰ ਪਾਰਕ ਤੇ ਐਡਵੈਂਚਰ ਪਾਰਕ 'ਪਨ ਫਨ ਜੋਏ' ਬਠਿੰਡਾ ਟ੍ਰਿਪ ਦਾ ਆਯੋਜਨ ਕੀਤਾ।ਸਕੂਲ ਦੇ ਚੇਅਰਮੈਨ ਇੰਜੀ. ਚਮਨ ਲਾਲ ਗੁਲਾਟੀ ਤੇ ਪ੍ਰਿੰਸੀਪਲ ਡਾ. ਸੁਰੇਸ਼ ਸ਼ਰਮਾ ਨੇ ਟ੍ਰਿਪ ਬੱਸਾਂ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ।ਇਸ ਯਾਤਰਾ ਵਿੱਚ ਨਰਸਰੀ ਤੋਂ 12ਵੀਂ ਜਮਾਤ ਤੱਕ ਦੇ ਸਕੂਲੀ ਵਿਦਿਆਰਥੀਆਂ ਨੇ ਹਿੱਸਾ ਲਿਆ।ਬੱਚੇ ਇਸ ਯਾਤਰਾ 'ਤੇ ਜਾਣ ਲਈ ਉਤਸ਼ਾਹਤ ਸਨ।ਇਸ ਯਾਤਰਾ ਦੌਰਾਨ ਵਿਦਿਆਰਥੀਆਂ ਨੇ ਖੂਬ ਮਸਤੀ ਕੀਤੀ।ਇਸ ਤੋਂ ਇਲਾਵਾ ਬੱਚਿਆਂ ਨੇ ਫਿਲਮ ਦੇਖੀ, ਭੂਤਰੇ ਘਰ ਨੂੰ ਦੇਖਿਆ ਤੇ ਬਹੁਤ ਸਾਰੀਆਂ ਦਿਲਚਸਪ ਗਤੀਵਿਧੀਆਂ ਦਾ ਆਨੰਦ ਮਾਣਿਆ।ਅੰਤ ਵਿੱਚ ਸਕੂਲ ਵਾਪਸ ਆਉਣ 'ਤੇ ਸਕੂਲ ਦੇ ਚੇਅਰਮੈਨ ਇੰਜੀਨੀਅਰ ਚਮਨ ਲਾਲ ਗੁਲਾਟੀ ਤੇ ਪ੍ਰਿੰਸੀਪਲ ਡਾ. ਸੁਰੇਸ਼ ਸ਼ਰਮਾ ਨੇ ਵਿਦਿਆਰਥੀਆਂ ਦਾ ਸਵਾਗਤ ਕੀਤਾ।ਮਾਪਿਆਂ ਨੇ ਵੀ ਸਕੂਲ ਦੇ ਇਸ ਦੌਰੇ ਦੀ ਸ਼ਲਾਘਾ ਕੀਤੀ।ਚੇਅਰਮੈਨ ਇੰਜੀ. ਚਮਨ ਲਾਲ ਗੁਲਾਟੀ ਨੇ ਕਿਹਾ ਕਿ ਸਕੂਲ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਹਮੇਸ਼ਾ ਮੋਹਰੀ ਰਹੇਗਾ ਤੇ ਭਰੋਸਾ ਦਿਵਾਉਂਦਾ ਹੈ ਕਿ ਭਵਿੱਖ ਵਿੱਚ ਵੀ ਅਜਿਹੀਆਂ ਗਤੀਵਿਧੀਆਂ ਦਾ ਆਯੋਜਨ ਜਾਰੀ ਰਹੇਗਾ।

## ਪਿੰਗਲਾ ਆਸ਼ਰਮ ਸਨੌਰ ਵਿਖੇ 11 ਲੜਕੀਆਂ ਦੇ ਵਿਆਹ ਕਰਵਾਏ



**ਪਟਿਆਲਾ, ਸਨੌਰ (ਰਾਜਿੰਦਰ ਥਿੰਦ)**-ਸਮਾਜ ਸੇਵੀ ਸੰਸਥਾ ਆਲ ਇੰਡੀਆ ਪਿੰਗਲਾ ਆਸ਼ਰਮ ਸਨੌਰ ਦੁਆਰਾ 42ਵਾਂ ਸਥਾਪਨਾ ਦਿਵਸ ਮੁਖੀ ਸੰਤ ਬਾਬਾ ਬਲਬੀਰ ਸਿੰਘ ਦੀ ਅਗਵਾਈ 'ਚ ਮਨਾਇਆ ਗਿਆ।ਇਸ ਮੌਕੇ ਪਾਠ ਦੀਆਂ ਲੜੀਆਂ ਦੇ ਸੰਪਟ ਪਾਠ ਦੇ ਭੋਗ ਪਾਏ ਗਏ ਤੇ ਰਾਗੀਆਂ ਦੁਆਰਾ ਕਥਾ ਕੀਰਤਨ ਕੀਤਾ ਗਿਆ।ਇਸ ਮੌਕੇ ਲੋੜਵੰਦ ਪਰਿਵਾਰਾਂ ਦੀਆਂ 11 ਲੜਕੀਆਂ ਦੇ ਵਿਆਹ ਕਰਵਾਏ ਗਏ ਅਤੇ ਉਨ੍ਹਾਂ ਨੂੰ ਘਰੇਲੂ ਜ਼ਰੂਰਤ ਦਾ ਸਾਮਾਨ ਵੀ ਦਿੱਤਾ ਗਿਆ।ਅਨੰਦ ਕਾਰਜ ਦੀ ਰਸਮ ਕੀਰਤਨ ਕਰਨ ਉਪਰੰਤ ਸੰਤ ਮਨਮੋਹਣ ਸਿੰਘ ਬਾਰਨ ਵਾਲਿਆਂ ਦੁਆਰਾ ਨਿਭਾਈ ਗਈ।ਇਸ ਮੌਕੇ ਸੰਤ ਮਨਮੋਹਣ ਸਿੰਘ ਬਾਰਨ ਵਾਲਿਆਂ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ।ਇਸ ਮੌਕੇ ਮੰਚ ਸਕੱਤਰ ਦੀ ਸੇਵਾ ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਕ੍ਰਿਸ਼ਨ ਸਿੰਘ ਸਨੌਰ ਨੇ ਬਾਖੂਬੀ ਨਿਭਾਈ।ਇਸ ਮੌਕੇ ਸੰਤ ਸੁਖਦੇਵ ਸਿੰਘ ਅਮਨ ਨਗਰ ਵਾਲੇ, ਸੰਤ ਬਾਬਾ ਜੈਮਲ ਸਿੰਘ ਅਲੀਪੁਰ ਰਾਈਆਂ ਵਾਲੇ, ਪੰਜਾਬ ਸਿੱਖ ਕੌਂਸਲ ਪ੍ਰਧਾਨ ਮੋਹਣ ਸਿੰਘ ਕਰਤਾਰਪੁਰ, ਸਾਬਕਾ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ, ਮੇਅਰ ਪਟਿਆਲਾ ਕੁੰਦਨ ਗੋਗੀਆ, ਆਰ.ਐੱਸ.ਐੱਸ. ਆਗੂ ਸੰਜੀਵ ਸਿੰਘ ਧੀਮਾਨ, ਸ਼੍ਰੋਮਣੀ ਕਮੇਟੀ ਮੈਂਬਰ ਜਰਨੈਲ ਸਿੰਘ ਕਰਤਾਰਪੁਰ, ਸਿਆਸੀ ਸਕੱਤਰ ਜਗਜੀਤ ਸਿੰਘ ਕੋਹਲੀ, ਸਾਬਕਾ ਡਿਪਟੀ ਮੇਅਰ ਹਰਿੰਦਰ ਕੋਹਲੀ, ਸਟੇਟ ਅਵਾਰਡੀ ਪ੍ਰਿੰਸੀਪਲ ਅਜੀਤ ਸਿੰਘ ਭੱਟੀ ਤੇ ਬੀਬੀ ਰਿੰਕੂ ਮੋਂਗੜੇ ਨੇ ਵੀ ਵਿਆਹਾਂ 'ਚ ਵਿਸ਼ੇਸ਼ ਸਹਿਯੋਗ ਦੇ ਕੇ ਗੁਰੂ ਘਰ 'ਚ ਹਾਜ਼ਰੀ ਲਵਾਈ।

## ਨਸ਼ਿਆਂ ਦੇ ਮੁਕੰਮਲ ਖਾਤਮੇ ਦਾ ਸੁਨੇਹਾ ਘਰ-ਘਰ ਪਹੁੰਚਾਇਆ ਜਾ ਰਿਹੈ : ਵਿਧਾਇਕ ਅਰੋੜਾ



**ਮੋਗਾ (ਇਕਬਾਲ ਸਿੰਘ ਖਹਿਰਾ)**-ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਪਿੰਡ ਡੰਗੋਵਾਲਾ ਗਰਬੀ, ਬਘੇਲੇਵਾਲਾ, ਸੱਦਾ ਸਿੰਘ ਵਾਲਾ ਦੇ ਨਿਵਾਸੀਆਂ ਨੂੰ ਸੱਦਾ ਦਿੱਤਾ ਕਿ ਉਹ ਸਾਂਝੇ ਤੇ ਠੋਸ ਯਤਨਾਂ ਦੇ ਨਾਲ ਨਸ਼ਿਆਂ ਦਾ ਜੜ੍ਹੋਂ ਸਫਾਇਆ ਕਰਨ ਲਈ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਮੁਹਿੰਮ ਵਿੱਚ ਸਰਗਰਮ ਯੋਗਦਾਨ ਪਾਉਣ। ਇਸ ਮੌਕੇ ਉਨ੍ਹਾਂ ਨਾਲ ਮੇਅਰ ਨਗਰ ਨਿਗਮ ਮੋਗਾ ਬਲਜੀਤ ਸਿੰਘ ਚਾਨੀ ਤੇ ਹੋਰ ਵੀ ਮੋਹਤਬਰ ਵਿਅਕਤੀ ਹਾਜ਼ਰ ਸਨ। ਵਿਧਾਇਕ ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਨੂੰ ਖ਼ਤਮ ਕਰਨ ਲਈ ਚਲਾਈ ਜਾ ਰਹੀ ਵਿਸ਼ੇਸ਼ ਮੁਹਿੰਮ ਦੇ ਸਾਰਥਕ ਨਤੀਜੇ ਸਾਹਮਣੇ ਆ ਰਹੇ ਹਨ। ਉਨ੍ਹਾਂ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਵੀ ਜਾਗਰੂਕ ਕੀਤਾ। ਉਨ੍ਹਾਂ ਕਿਹਾ ਕਿ ਨਸ਼ਾ ਮੁਕਤੀ ਯਾਤਰਾਵਾਂ ਸਮੇਂ ਦੀ ਲੋੜ ਹਨ ਅਤੇ ਪੰਜਾਬ ਸਰਕਾਰ ਵੱਲੋਂ ਇਸ ਲੋਕ ਲਹਿਰ ਨੂੰ ਹੋਰ ਮਜ਼ਬੂਤ ਕੀਤਾ ਜਾ ਰਿਹਾ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਆਲੇ-ਦੁਆਲੇ ਨਸ਼ਾ ਵੇਚਣ ਵਾਲਿਆਂ ਦੀ ਸੂਚਨਾ ਪੁਲਸ ਨੂੰ ਦੇਣ ਤਾਂ ਜੋ ਨਸ਼ਿਆਂ ਦੀ ਸਪਲਾਈ ਨੂੰ ਰੋਕਿਆ ਜਾ ਸਕੇ। ਉਨ੍ਹਾਂ ਕਿਹਾ ਕਿ ਨਸ਼ਿਆਂ ਦੀ ਸਮੱਸਿਆ ਨੂੰ ਜੜ੍ਹ ਤੋਂ ਖ਼ਤਮ ਕਰਨ ਲਈ ਸਾਂਝੇ ਉਪਰਾਲੇ ਜ਼ਰੂਰੀ ਹਨ ਤੇ ਜਨਤਕ ਭਾਗੀਦਾਰੀ ਇਸ ਦਿਸ਼ਾ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਅ ਸਕਦੀ ਹੈ। ਇਸ ਮੌਕੇ ਉਨ੍ਹਾਂ ਪੰਚਾਇਤਾਂ, ਪੇਂਡੂ ਡਿਫੈਂਸ ਕਮੇਟੀਆਂ, ਯੂਥ ਕਲੱਬਾਂ ਦੇ ਨੁਮਾਇੰਦਿਆਂ ਨੂੰ ਨਸ਼ਿਆਂ ਦੀ ਦਲਦਲ ਵਿੱਚ ਫਸ ਚੁੱਕੇ ਲੋਕਾਂ ਦੇ ਇਲਾਜ ਤੇ ਮੁੜ ਵਸੇਬੇ ਲਈ ਸਹਿਯੋਗ ਕਰਨ ਦੀ ਅਪੀਲ ਕੀਤੀ। ਇਸ ਉਪਰੰਤ ਵਿਧਾਇਕ ਨੇ ਲੋਕਾਂ ਨੂੰ ਆਪਣੇ ਪਿੰਡਾਂ 'ਚ ਨਸ਼ਾ ਨਾ ਵਿਕਣ ਦੇਣ ਤੇ ਨਸ਼ਿਆਂ ਦੇ ਖਾਤਮੇ ਲਈ ਸਹਿਯੋਗ ਦੇਣ ਦੀ ਸਹੁੰ ਵੀ ਚੁਕਾਈ।

## ਪੌੜ ਜਠੇਰਿਆਂ ਦਾ ਮੇਲਾ ਤੇ ਭੰਡਾਰਾ ਕਰਵਾਇਆ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਬਹਿਲੋਲਪੁਰ ਪੁਲ ਸਰਹਿੰਦ ਨਹਿਰ ਕਿਨਾਰੇ ਵਸੇ ਪਿੰਡ ਕੀੜੀ ਅਫ਼ਗਾਨਾ ਵਿਖੇ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਅਤੇ ਭਾਰਤ ਰਤਨ ਡਾ. ਭੀਮ ਰਾਓ ਅੰਬੇਡਕਰ ਦੇ ਪੈਰੋਕਾਰਾਂ ਵੱਲੋਂ ਪੌੜ ਗੋਤ ਦੇ ਜਠੇਰਿਆਂ ਦਾ ਸਾਲਾਨਾ ਮੇਲਾ ਤੇ ਭੰਡਾਰਾ ਚੇਅਰਮੈਨ ਬਿਸ਼ਨ ਦਾਸ ਮਜਾਰੀ ਦੀ ਅਗਵਾਈ ਹੇਠ ਕਰਵਾਇਆ ਗਿਆ। ਮੇਲੇ ਦੇ ਸ਼ੁਰੂ ਵਿੱਚ ਪ੍ਰਧਾਨ ਬਿਸ਼ਨ ਦਾਸ ਮਜਾਰੀ ਨੇ ਸੰਗਤਾਂ ਨੂੰ 'ਜੀ ਆਇਆਂ' ਨੂੰ ਆਖਦਿਆਂ ਪ੍ਰਬੰਧਕ ਕਮੇਟੀ ਵੱਲੋਂ ਕਰਵਾਏ ਗਏ ਕੰਮਾਂ ਦੀ ਰਿਪੋਰਟ ਪੇਸ਼ ਕਰਦਿਆਂ ਲੋਕਾਂ ਵੱਲੋਂ ਦਿੱਤੇ ਜਾ ਰਹੇ ਸਹਿਯੋਗ ਦਾ ਵੇਰਵਾ ਦਿੱਤਾ। ਮੇਲੇ ਵਿੱਚ ਗਾਇਕ ਜੋੜੀ ਕਾਲਾ ਬੋੜਿਆਂ ਵਾਲਾ ਤੇ ਜਸਪਾਲ ਭੱਟੀ, ਰਾਜਵਿੰਦਰ ਕੌਰ, ਜਸਪਾਲ ਸਿੰਘ ਰੋਸ ਆਦਿ ਕਲਾਕਾਰਾਂ ਦੀ ਪੇਸ਼ਕਾਰੀ ਤੋਂ ਬਾਅਦ ਮੇਲੇ 'ਚ ਉੱਚੇ ਤੋਂ ਉੱਚੇ ਸੁਰ ਲਾਉਣ ਵਾਲੇ ਗਾਇਕ ਸ਼ਾਮਲ ਹੋਏ। ਮੇਲੇ 'ਚ ਉੱਚੇ ਤੌਰ 'ਤੇ ਐੱਸ. ਸੀ. ਕਮਿਸ਼ਨ ਦੇ ਚੇਅਰਮੈਨ ਡਾ. ਜਸਵੀਰ ਸਿੰਘ ਗੜ੍ਹੀ ਪੁੱਜੇ, ਜਿਨ੍ਹਾਂ ਪ੍ਰਬੰਧਕ ਕਮੇਟੀ ਦੀ ਵਿਸ਼ੇਸ਼ ਮੰਗ 'ਤੇ ਮੇਨ ਸੜਕ ਤੋਂ ਜਠੇਰਿਆਂ ਦੇ ਧਾਰਮਿਕ ਅਸਥਾਨ ਤੱਕ ਕਰੀਬ 1100 ਮੀਟਰ ਲੰਮੀ ਸੜਕ ਬਣਾਉਣ ਦਾ ਐਲਾਨ ਕੀਤਾ। ਮੇਲੇ 'ਚ ਪੁੱਜੇ ਗੁਲਾਮ ਪੰਮੇ ਵੱਲੋਂ ਪ੍ਰਬੰਧਕਾਂ ਨੂੰ ਸਮਾਗਮ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ। ਮੇਲੇ 'ਚ ਪੁੱਜੇ ਕਲਾਕਾਰਾਂ ਨੂੰ ਚੇਅਰਮੈਨ ਬਿਸ਼ਨ ਦਾਸ ਮਜਾਰੀ ਪ੍ਰਧਾਨ, ਧਿਆਨ ਸਿੰਘ ਮੰਜੇਵਾਲ ਮਜਾਰਾ, ਮੇਜਰ ਰਾਮ, ਸੰਦੇਸ਼ ਰਾਮ, ਚੇਅਰਮੈਨ ਕਿਸ਼ਨ ਕੁਮਾਰ ਸੰਮਤੀ ਧਰਮਪਾਲ ਢੱਕੀ, ਚੌਧਰੀ ਕਿਰਪਾ ਰਾਮ ਕੰਗਾ, ਸ਼ਿੰਗਾਰਾ ਰਾਮ ਲੁਧਿਆਣਾ, ਸਰਪੰਚ ਤੇਜੂ ਰਾਮ ਛਿਟੇਰੀ, ਨਿਰਮਲ ਸਿੰਘ ਸੇਵਾਦਾਰ, ਸੁਖਵੀਰ ਸਿੰਘ ਭੋਲਾ, ਡਾਇਰੈਕਟਰ ਗੁਰਮੁਖ ਦੀਪ, ਕਰਤਾਰੀ ਮਜਾਰੀ, ਅਵਤਾਰ ਸਿੰਘ ਖੰਨਾ, ਜਗਤਾਰ ਸਿੰਘ ਖੰਨਾ, ਵਿਜੈ ਕੁਮਾਰ, ਸਵਰਨ ਸਿੰਘ ਮਾਛੀਵਾੜਾ, ਹਰਬੰਸ ਸਿੰਘ ਸਰਪੰਚ ਕੀੜੀ ਅਫ਼ਗਾਨਾ, ਸਤਪਾਲ ਸਿੰਘ, ਹਰਭਜਨ ਸਿੰਘ ਖੰਨਾ ਪੰਚ, ਜਸਵਿੰਦਰ ਸਿੰਘ ਰਿਕੂ ਨੇ ਸਨਮਾਨਤ ਕੀਤਾ। ਮੇਲੇ ਦੇ ਅਖੀਰ 'ਚ ਡਾਇਰੈਕਟਰ ਗੁਰਮੁੱਖ ਦੀਪ ਨੇ ਆਈਆਂ ਸੰਗਤਾਂ ਤੇ ਕਲਾਕਾਰਾਂ ਦਾ ਧੰਨਵਾਦ ਕੀਤਾ।

## ਲੂ ਤੋਂ ਬਚਣ ਲਈ ਸਰੀਰ ਨੂੰ ਢਕ ਕੇ ਰੱਖੋ ਤੇ ਪਾਣੀ ਦਾ ਕਰੋ ਸੇਵਨ : ਡਾ. ਰਮਨਦੀਪ ਕੌਰ

**ਸਮਰਾਲਾ (ਸੁਰਜੀਤ ਸਿੰਘ)**-ਵਾਤਾਵਰਣ ਵਿੱਚ ਆ ਰਹੀ ਤਬਦੀਲੀ ਕਾਰਨ ਵਧ ਰਹੀ ਗਰਮੀ ਦੇ ਮੌਸਮ ਵਿੱਚ ਗ਼ਰਮ ਲੂ ਤੋਂ ਬਚਾਅ ਲਈ ਸਿਹਤ ਵਿਭਾਗ ਵੱਲੋਂ ਆਮ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ।ਐਡਵਾਈਜ਼ਰੀ ਜਾਰੀ ਕਰਦੇ ਹੋਏ ਸਿਵਲ ਸਰਜਨ ਡਾ ਰਮਨਦੀਪ ਕੌਰ ਨੇ ਦੱਸਿਆ ਕਿ ਬਿਨਾਂ ਕਿਸੇ ਜ਼ਰੂਰੀ ਕੰਮ ਤੋਂ ਜੇ ਲੋੜ ਨਾ ਹੋਵੇ ਤਾਂ ਤੇਜ਼ ਧੁੱਪ ਵਿੱਚ ਬਾਹਰ ਜਾਣ ਤੋਂ ਬਚਿਆ ਜਾਵੇ।ਲੋੜ ਪੈਣ 'ਤੇ ਘਰੋਂ ਜਾਣ ਸਮੇਂ ਸੂਤੀ, ਢਿੱਲੇ ਤੇ ਸਫ਼ੈਦ ਕੱਪੜੇ ਪਹਿਨੇ ਜਾਣ, ਸਿੱਧੀ ਸੂਰਜ ਦੀ ਰੌਸ਼ਨੀ ਤੋਂ ਬਚਣ ਲਈ ਛਤਰੀ ਦੀ ਵਰਤੋਂ ਕੀਤੀ ਜਾਵੇ, ਸਿਰ ਨੂੰ ਤੌਲੀਏ, ਪਰਨੇ ਜਾਂ ਕਿਸੇ ਹੋਰ ਗਿੱਲੇ ਕੱਪੜੇ ਨਾਲ ਢੱਕ ਕੇ ਰੱਖਿਆ ਜਾਵੇ।ਅੱਖਾਂ ਦੀ ਸੁਰੱਖਿਆ ਲਈ ਐਨਕ ਦੀ ਵਰਤੋਂ ਕੀਤੀ ਜਾਵੇ।ਗਰਭਵਤੀ ਔਰਤਾਂ, ਬਜ਼ੁਰਗਾਂ ਤੇ ਬੱਚਿਆਂ ਦਾ ਖਾਸ ਧਿਆਨ ਰੱਖਿਆ ਜਾਵੇ।ਗਰਮੀ ਵਿੱਚ ਸਰੀਰ ਵਿੱਚ ਪਾਣੀ ਦੀ ਘਾਟ ਨੂੰ ਪੂਰਾ ਕਰਨ ਲਈ ਤਰਲ ਪਦਾਰਥ ਜਿਵੇਂ ਕਿ ਨਿੰਬੂ ਪਾਣੀ, ਲੱਸੀ, ਗੰਨੇ ਦਾ ਰਸ, ਨਾਰੀਅਲ ਪਾਣੀ ਫ਼ਲਾਂ ਦਾ ਜੂਸ ਅਤੇ ਓ ਆਰ ਐਸ ਦੀ ਵਰਤੋਂ ਕੀਤੀ ਜਾਵੇ।

## ਸਵਾਲ ਪੁੱਛਣ 'ਤੇ ਬੇਰੁਜ਼ਗਾਰ ਅਧਿਆਪਕ ਨੂੰ ਧੱਕੇ ਮਾਰਨਾ ਨੰਗੀ-ਚਿੱਟੀ ਗੁੰਡਾਗਰਦੀ : ਡੀ ਟੀ ਐੱਫ਼

**ਮਾਨਸਾ (ਆਤਮਾ ਸਿੰਘ ਪਮਾਰ)**

ਪਿੰਡ ਦਲੇਲ ਸਿੰਘ ਵਾਲਾ ਵਿਖੇ ਸਿੱਖਿਆ ਕ੍ਰਾਂਤੀ ਦਾ ਨੀਂਹ ਪੱਥਰ ਰੱਖਣ ਆਏ ਮਾਨਸਾ ਦੇ ਵਿਧਾਇਕ ਡਾ. ਸਿੰਗਲਾ ਤੋਂ ਸਵਾਲ ਪੁੱਛਣ 'ਤੇ ਇੱਕ ਬੇਰੁਜ਼ਗਾਰ ਅਧਿਆਪਕ ਨੂੰ ਧੱਕੇ ਮਾਰਨ ਲਈ ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਮਾਨਸਾ ਵੱਲੋਂ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ। ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਪੰਜਾਬ ਦੇ ਸੂਬਾਈ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ ਤੇ ਸੂਬਾ ਜਨਰਲ ਸਕੱਤਰ ਰੇਸ਼ਮ ਸਿੰਘ ਬਠਿੰਡਾ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਡੀ ਟੀ ਐੱਫ਼ ਜ਼ਿਲ੍ਹਾ ਮਾਨਸਾ ਦੇ ਪ੍ਰਧਾਨ ਕਰਮਜੀਤ ਤਾਮਕੋਟ ਤੇ ਹਰਜਿੰਦਰ ਅਨੂਪਗੜ੍ਹ ਨੇ ਇਸ ਘਟਨਾ ਨੂੰ ਨੰਗੀ ਚਿੱਟੀ ਗੁੰਡਾਗਰਦੀ ਕਰਾਰ ਦਿੰਦਿਆਂ ਕਿਹਾ ਕਿ ਲੋਕਾਂ ਨੂੰ ਨੇਤਾਵਾਂ ਤੋਂ ਸਵਾਲ ਪੁੱਛਣ ਲਈ ਉਕਸਾਉਣ ਵਾਲੀ ਮਾਨ ਸਰਕਾਰ ਹੁਣ ਲੋਕਾਂ ਦੇ ਸਵਾਲਾਂ ਤੋਂ ਕਿਉਂ ਡਰ ਰਹੀ ਹੈ। ਆਗੂਆਂ ਨੇ ਦੋਸ਼ ਲਗਾਇਆ ਕਿ ਸਰਕਾਰੀ ਸੈਕੰਡਰੀ ਸਕੂਲ ਦਲੇਲ ਸਿੰਘ ਵਾਲਾ ਦੇ ਕਲਰਕ ਜਗਰੂਪ ਸਿੰਘ ਵੱਲੋਂ ਵੀ ਕਥਿਤ ਤੌਰ 'ਤੇ ਬੇਰੁਜ਼ਗਾਰ ਅਧਿਆਪਕ ਨੂੰ ਪੁਲਸ ਨਾਲ ਮਿਲ ਕੇ ਧੱਕੇ ਮਾਰੇ ਗਏ ਤੇ ਗਾਲ੍ਹਾਂ ਵੀ ਕੱਢੀਆਂ ਗਈਆਂ, ਜੋ ਕਿ ਬਹੁਤ ਨਿੰਦਣਯੋਗ ਵਰਤਾਰਾ ਹੈ। ਡੀ ਟੀ ਐੱਫ਼ ਦੇ ਸੀਨੀਅਰ ਆਗੂਆਂ ਗੁਰਤੇਜ ਉੱਭਾ, ਰਾਜਵਿੰਦਰ ਸਿੰਘ ਬੈਹਣੀਵਾਲ, ਗੁਰਬਚਨ ਹੀਰੇਵਾਲਾ, ਗੁਰਪ੍ਰੀਤ ਭੀਖੀ ਨੇ ਕਿਹਾ ਕਿ ਸਰਕਾਰ ਦੇ ਐੱਮ ਐੱਲ ਏ ਤੇ ਮੰਤਰੀ ਹੁਣ ਲੋਕਾਂ ਦੇ ਸਵਾਲਾਂ ਦੇ ਜਵਾਬ ਦੇ ਕੇ ਨੰਗੀ ਚਿੱਟੀ ਗੁੰਡਾਗਰਦੀ ਕਰਕੇ ਲੋਕਾਂ ਦੀ ਆਵਾਜ਼ ਦਬਾਉਣ ਲੱਗੇ ਹਨ।

ਉਨ੍ਹਾਂ ਮੰਗ ਕੀਤੀ ਕਿ ਸਰਕਾਰ ਸਿੱਖਿਆ ਕ੍ਰਾਂਤੀ ਦੇ ਨੀਂਹ ਪੱਥਰ ਲਾਉਣ ਦੀ ਥਾਂ ਸਕੂਲਾਂ ਵਿੱਚ ਅਧਿਆਪਕਾਂ ਦੀ ਪੱਕੀ ਭਰਤੀ ਕਰੇ ਤਾਂ ਜੋ ਪੜ੍ਹਾਈ ਵਿੱਚ ਸੁਧਾਰ ਹੋ ਸਕੇ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦੇ 73 ਵਿੱਚੋਂ 60 ਸਕੂਲ ਬਿਨਾਂ ਪ੍ਰਿੰਸੀਪਲਾਂ ਤੋਂ ਹੀ ਚੱਲ ਰਹੇ ਹਨ ਤੇ ਸੈਂਕੜੇ ਲੈਕਚਰਰ ਤੇ ਅਧਿਆਪਕਾਂ ਦੀਆਂ ਪੋਸਟਾਂ ਖਾਲੀ ਪਈਆਂ ਹਨ। ਜਥੇਬੰਦੀ ਦੇ ਆਗੂਆਂ ਨਿਧਾਨ ਸਿੰਘ, ਸ਼ਿੰਗਾਰਾ ਸਿੰਘ, ਤਰਸੇਮ ਬੋੜਾਵਾਲ, ਹਰਫੂਲ ਸਿੰਘ, ਰਾਜਿੰਦਰ ਸਿੰਘ ਨੇ ਕਿਹਾ ਕਿ ਬੇਰੁਜ਼ਗਾਰ ਨੌਜਵਾਨਾਂ ਨੂੰ ਨੌਕਰੀਆਂ ਦੀ ਲੋੜ ਹੈ ਨਾ ਕਿ ਧੱਕਿਆਂ ਦੀ। ਆਗੂਆਂ ਨੇ ਇਸ ਘਟਨਾ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਕਿਹਾ ਕਿ ਇਹੋ ਜਿਹੀਆਂ ਘਟਨਾਵਾਂ ਬਰਦਾਸ਼ਤਯੋਗ ਨਹੀਂ ਹਨ।

ਓਧਰ ਦੂਜੇ ਪਾਸੇ ਕਲਰਕ ਜਗਰੂਪ ਸਿੰਘ ਨੇ ਉਕਤ ਦੋਸ਼ਾਂ ਨੂੰ ਮੁੱਢੋਂ ਨਕਾਰਦਿਆਂ ਕਿਹਾ ਕਿ ਉਹ ਤਾਂ ਬੇਰੁਜ਼ਗਾਰ ਅਧਿਆਪਕ ਦੀ ਪੁਲਸ ਵੱਲੋਂ ਕੀਤੀ ਜਾ ਰਹੀ ਖਿੱਚ-ਧੂਹ ਤੋਂ ਉਸ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਿਹਾ ਸੀ, ਅਧਿਆਪਕ ਨਾਲ ਉਸ ਦਾ ਕਿਸੇ ਕਿਸਮ ਦਾ ਵਿਰੋਧ ਜਾਂ ਨਰਾਜ਼ਗੀ ਨਹੀਂ ਹੈ।

# ਕਪੂਰੇ 'ਚ ਕਰਵਾਇਆ ਹੌਲਦਾਰ ਅਵਤਾਰ ਸਿੰਘ ਦਾ 24ਵਾਂ ਸ਼ਹੀਦੀ ਸਮਾਗਮ

■ ਦੇਸ਼ ਸੇਵਾ ਦਾ ਕਿਸੇ ਖਾਸ ਨੂੰ ਹੀ ਸੁਭਾਗ ਮਿਲਦਾ : ਡਾ. ਹਰਜੋਤ ਕਮਲ

■ ਸ਼ਹੀਦ ਦੇ ਪਰਵਾਰ ਨੂੰ ਕੋਈ ਪ੍ਰੇਸ਼ਾਨੀ ਨਹੀਂ ਆਉਣ ਦੇਵਾਂਗੇ : ਇੰਸ. ਪ੍ਰੀਤਮ ਸਿੰਘ



**ਮੋਗਾ (ਇਕਬਾਲ ਸਿੰਘ ਖਹਿਰਾ)**-ਮੋਗਾ ਜ਼ਿਲ੍ਹੇ ਦੇ ਪਿੰਡ ਕਪੂਰੇ ਦੇ ਸ਼ਹੀਦ ਹੌਲਦਾਰ ਅਵਤਾਰ ਸਿੰਘ ਦੀ 24ਵੀਂ ਸਾਲਾਨਾ ਬਰਸੀ ਤੇ ਸ਼ਰਧਾਂਜਲੀ ਸਮਾਗਮ ਸ਼ਹੀਦ ਦੇ ਪਰਵਾਰ ਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਕਰਵਾਇਆ ਗਿਆ। ਇਸ ਮੌਕੇ ਮੋਗਾ ਦੇ ਸਾਬਕਾ ਵਿਧਾਇਕ ਡਾ. ਹਰਜੋਤ ਕਮਲ ਸਿੰਘ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਤੋਂ ਇਲਾਵਾ ਸੀ.ਆਰ.ਪੀ.ਐੱਫ਼. ਗਰੁੱਪ ਸੈਂਟਰ ਜਲੰਧਰ ਤੋਂ ਇੰਸਪੈਕਟਰ ਪ੍ਰੀਤਮ ਸਿੰਘ ਆਪਣੀ ਟੀਮ ਸਮੇਤ ਸ਼ਰਧਾਂਜਲੀ ਦੇਣ ਪਹੁੰਚੇ। ਇਸ ਦੌਰਾਨ ਪਰਵਾਰ ਨੇ ਦੱਸਿਆ ਕਿ ਸ਼ਹੀਦ ਅਵਤਾਰ ਸਿੰਘ 25 ਮਈ 2001 ਨੂੰ ਜੰਮੂ ਕਸ਼ਮੀਰ ਦੇ ਊਧਮਪੁਰ ਵਿਖੇ ਡਿਊਟੀ ਦੌਰਾਨ ਅੱਤਵਾਦੀਆਂ ਨਾਲ ਲੋਹਾ ਲੈਂਦੇ ਹੋਏ ਬੰਬ ਧਮਾਕੇ ਵਿੱਚ ਸ਼ਹਾਦਤ ਦਾ ਜਾਮ ਪੀ ਗਏ ਸਨ, ਜਿਨ੍ਹਾਂ ਦੀ ਯਾਦ ਵਿੱਚ ਹਰ ਸਾਲ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਸ਼ਰਧਾਂਜਲੀ ਸਮਾਰੋਹ ਕਰਵਾਇਆ ਜਾਂਦਾ ਹੈ। ਉਨ੍ਹਾ ਦੱਸਿਆ ਕਿ ਇਸ ਸਾਲ ਵੀ ਪਿੰਡ ਦੇ ਗੁਰਦੁਆਰਾ ਸਾਹਿਬ ਵਿੱਚ ਸ੍ਰੀ ਸਹਿਜ ਪਾਠ ਦੇ ਭੋਗ ਪਾਏ ਗਏ ਤੇ ਗਿਆਨੀ ਮਨਦੀਪ ਸਿੰਘ ਨੇ ਰਸਭਿੰਨਾ ਕੀਰਤਨ ਕੀਤਾ। ਉਪਰੰਤ ਡਾ. ਹਰਜੋਤ ਕਮਲ ਸਿੰਘ ਨੇ ਕਿਹਾ ਕਿ ਉਹ ਹਰ ਸਾਲ ਇਸ ਸਮਾਗਮ ਵਿੱਚ ਪਹੁੰਚਦੇ ਹਨ ਅਤੇ ਆਪਣੇ ਪਰਵਾਰ ਤੇ ਆਪਣੀ ਟੀਮ ਵੱਲੋਂ ਸ਼ਹੀਦ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹਨ। ਉਨ੍ਹਾ ਕਿਹਾ ਕਿ ਦੇਸ਼ ਦੀ ਸੇਵਾ ਕਰਨ ਦਾ ਸੁਭਾਗ ਹਰ ਕਿਸੇ ਦੇ ਹਿੱਸੇ ਨਹੀਂ ਆਉਂਦਾ। ਉਪਰੰਤ ਸੀ.ਆਰ.ਪੀ.ਐੱਫ਼. ਜਲੰਧਰ ਤੋਂ ਆਏ ਇੰਸਪੈਕਟਰ ਪ੍ਰੀਤਮ ਸਿੰਘ ਨੇ ਕਿਹਾ ਕਿ ਸ਼ਹੀਦ ਦੇ ਪਰਵਾਰ ਨੂੰ ਕਿਸੇ ਵੀ ਤਰ੍ਹਾਂ ਦੀ ਪ੍ਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਜਦੋਂ ਵੀ ਕਦੇ ਲੋੜ ਮਹਿਸੂਸ ਹੋਵੇ ਤਾਂ ਉਹ ਸਾਨੂੰ ਯਾਦ ਕਰਨ, ਅਸੀਂ ਹਮੇਸ਼ਾ ਪਰਵਾਰ ਦੀ ਮਦਦ ਲਈ ਹਾਜ਼ਰ ਹੋਵਾਂਗੇ। ਇਸ ਮੌਕੇ ਇੰਸਪੈਕਟਰ ਸਰਬਜੀਤ ਸਿੰਘ ਨੇ ਸੀ.ਆਰ.ਪੀ.ਐੱਫ਼. ਦੇ ਸਮੂਹ ਜਵਾਨਾਂ ਵੱਲੋਂ ਸ਼ਹੀਦ ਨੂੰ ਸ਼ਰਧਾ ਦੇ ਫੁੱਲ ਭੇਟ ਕਰ ਸ਼ਰਧਾਂਜਲੀ ਦਿੱਤੀ। ਇਸ ਉਪਰੰਤ ਪਿੰਡ ਦੇ ਸਕੂਲ ਵਿੱਚ ਲੱਗੇ ਸ਼ਹੀਦ ਦੇ ਆਦਮ ਕੱਦ ਬੁੱਤ 'ਤੇ ਸਮੂਹ ਪਤਵੰਤੇ ਸੱਜਣੋਂ ਤੇ ਨਗਰ ਨਿਵਾਸੀਆਂ ਨੇ ਫੁੱਲ ਮਾਲਾਵਾਂ ਭੇਟ ਕਰ ਸ਼ਰਧਾਂਜਲੀ ਦਿੱਤੀ। ਸਮਾਗਮ ਦੌਰਾਨ ਸਟੇਜ ਸੰਚਾਲਨ ਮਾਸਟਰ ਬੂਟਾ ਸਿੰਘ ਵੱਲੋਂ ਕੀਤਾ ਗਿਆ ਤੇ ਇਸ ਸਮਾਗਮ ਵਿੱਚ ਪਹੁੰਚਣ ਲਈ ਰਾਜਿੰਦਰ ਸਿੰਘ ਨੇ ਸਮੂਹ ਨਗਰ ਨਿਵਾਸੀਆਂ ਤੇ ਪਤਵੰਤੇ ਸੱਜਣਾਂ ਦਾ ਧੰਨਵਾਦ ਕੀਤਾ। ਇਸ ਮੌਕੇ ਸ਼ਹੀਦ ਦੇ ਪਰਵਾਰ ਨੇ ਗੁਰਦੁਆਰਾ ਪ੍ਰਬੰਧਕ ਕਮੇਟੀ, ਅਮਰ ਸਿੰਘ ਵੈੱਲਫੇਅਰ ਕਲੱਬ, ਸਕੂਲ ਦੇ ਸਮੂਹ ਅਧਿਆਪਕ ਸਾਹਿਬਾਨਾਂ, ਸਮੂਹ ਗ੍ਰਾਮ ਪੰਚਾਇਤ ਦਾ ਸਹਿਯੋਗ ਦੇਣ ਲਈ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।

## ਕੈਬਨਿਟ ਮੰਤਰੀ ਖੁੱਡੀਆਂ ਨੇ ਲੰਬੀ ਹਲਕੇ ਦੀਆਂ ਸਭਾਵਾਂ 'ਚ ਕੀਤੀ ਸ਼ਿਰਕਤ

■ ਲੋਕਾਂ ਵੱਲੋਂ ਨਸ਼ੇ ਵਿਰੁੱਧ ਲੜਾਈ ਨੂੰ ਅੰਜਾਮ ਤੱਕ ਪਹੁੰਚਾਉਣ ਦਾ ਅਹਿਦ



**ਲੰਬੀ/ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਪੰਜਾਬ ਸਰਕਾਰ ਵੱਲੋਂ ਨਸ਼ੇ ਦੀ ਅਲਾਮਤ ਨੂੰ ਜੜ੍ਹੋਂ ਖਤਮ ਕਰਨ ਲਈ ਸ਼ੁਰੂ ਕੀਤੀ ਗਈ 'ਨਸ਼ਾ ਮੁਕਤੀ ਯਾਤਰਾ' ਤਹਿਤ ਅੱਜ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਦੇ 13 ਪਿੰਡਾਂ ਤੇ 4 ਵਾਰਡਾਂ ਦੇ ਲੋਕਾਂ ਨੇ ਨਸ਼ੇ ਵਿਰੁੱਧ ਲੜਾਈ ਵਿੱਚ ਮੂਹਰੇ ਹੋ ਕੇ ਲੜਨ ਦਾ ਅਹਿਦ ਲਿਆ।ਅੱਜ ਹਲਕਾ ਲੰਬੀ ਦੇ ਪਿੰਡ ਬੀਦੋਵਾਲੀ, ਮਾਨਾਂ ਤੇ ਬਾਦਲ ਵਿਖੇ ਨਸ਼ਾ ਮੁਕਤੀ ਯਾਤਰਾ ਤਹਿਤ ਕੈਬਨਿਟ ਮੰਤਰੀ ਸ੍ਰੀ ਗੁਰਮੀਤ ਸਿੰਘ ਖੁੱਡੀਆਂ ਦੀ ਅਗਵਾਈ ਵਿੱਚ ਸਭਾਵਾਂ ਕਰਵਾਈਆਂ ਗਈਆਂ। ਇਨ੍ਹਾਂ ਸਭਾਵਾਂ ਵਿੱਚ ਵੱਡੀ ਗਿਣਤੀ 'ਚ ਸ਼ਮੂਲੀਅਤ ਕਰਕੇ ਪੰਜਾਬ ਸਰਕਾਰ ਵੱਲੋਂ ਨਸ਼ੇ ਵਿਰੁੱਧ ਛੇੜੀ ਜੰਗ ਵਿੱਚ ਭਾਗੀਦਾਰ ਬਣਨ ਦੀ ਸਹੁੰ ਚੁੱਕੀ ਗਈ।ਇਸ ਮੌਕੇ ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਚਲਾਈ ਗਈ ਇਸ ਯਾਤਰਾ ਦਾ ਮਕਸਦ ਨਸ਼ੇ ਵਿਰੁੱਧ ਲੜਾਈ ਨੂੰ ਲੋਕ ਲਹਿਰ ਬਣਾਉਣਾ ਹੈ, ਕਿਉਂਕਿ ਲੋਕਾਂ ਦੇ ਸਹਿਯੋਗ ਨਾਲ ਹੀ ਇਸ ਨੂੰ ਨਿਰਣਾਇਕ ਅੰਜਾਮ ਤੱਕ ਪਹੁੰਚਾਇਆ ਜਾ ਸਕਦਾ ਹੈ। ਇਹ ਨਸ਼ਾ ਮੁਕਤੀ ਯਾਤਰਾ ਕੋਈ ਸਿਆਸੀ ਯਾਤਰਾ ਨਹੀਂ, ਸਗੋਂ ਨਸ਼ੇ ਦੇ ਖਾਤਮੇ ਦਾ ਸਮਾਜਿਕ ਸੰਕਲਪ ਹੈ।ਉਨ੍ਹਾਂ ਕਿਹਾ ਕਿ ਸਮਾਜ ਦਾ ਹਰ ਵਰਗ, ਪੰਚਾਇਤ, ਮਾਤਾ-ਪਿਤਾ ਇਸ ਅੰਦੋਲਨ ਨਾਲ ਜੁੜਨ ਤਾਂ ਜੋ ਨਸ਼ੇ ਦੇ ਦੈਂਤ ਨੂੰ ਹਰਾਇਆ ਜਾ ਸਕੇ।ਹਲਕਾ ਸ੍ਰੀ ਮੁਕਤਸਰ ਸਾਹਿਬ ਦੇ ਪਿੰਡ ਭੰਗੇਵਾਲਾ, ਮਾਨ ਸਿੰਘ ਵਾਲਾ ਤੇ ਕਾਨਿਆਂਵਾਲੀ ਵਿਖੇ ਹਲਕਾ ਵਿਧਾਇਕ ਸ੍ਰੀ ਜਗਦੀਪ ਸਿੰਘ ਕਾਕਾ ਬਰਾੜ ਦੀ ਅਗਵਾਈ ਹੇਠ ਹੋਈਆਂ ਸਭਾਵਾਂ ਵਿੱਚ ਵੱਡੀ ਗਿਣਤੀ ਵਿੱਚ ਲੋਕਾਂ ਨੇ ਸ਼ਿਰਕਤ ਕੀਤੀ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਖਾਤਮੇ ਸਬੰਧੀ ਕੀਤੇ ਗਏ ਵਾਅਦਿਆਂ ਨੂੰ ਪੂਰਾ ਕੀਤਾ ਜਾ ਰਿਹਾ ਹੈ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਇਸ ਮੁਹਿੰਮ ਵਿੱਚ ਸਾਥ ਦੇਣ, ਜੇਕਰ ਕੋਈ ਵਿਅਕਤੀ ਨਸ਼ਾ ਵੇਚਦਾ ਹੈ ਤਾਂ ਉਸ ਦੀ ਸੂਚਨਾ ਤੁਰੰਤ ਪੁਲਸ ਨੂੰ ਦਿੱਤੀ ਜਾਵੇ ਤਾਂ ਜੋ ਇਸ ਨਸ਼ੇ ਨੂੰ ਵੇਚਣ ਵਾਲਿਆਂ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇ।ਇਸੇ ਤਰ੍ਹਾਂ ਮਲੋਟ ਹਲਕੇ ਦੇ ਪਿੰਡ ਮੌੜ, ਬੱਲਮਗੜ੍ਹ, ਭਾਗਸਰ, ਗੰਧੜ ਤੋਂ ਇਲਾਵਾ ਮਲੋਟ ਦੇ ਵਾਰਡ ਨੰਬਰ 24, 25, 26 ਤੇ 27 ਵਿਖੇ ਚੇਅਰਮੈਨ ਮਾਰਕਿਟ ਕਮੇਟੀ ਸ੍ਰੀ ਜਸ਼ਨ ਬਰਾੜ ਨੇ ਲੋਕਾਂ ਨੂੰ ਨਸ਼ੇ ਵਿਰੁੱਧ ਜੰਗ ਵਿੱਚ ਅਹਿਮ ਭੂਮਿਕਾ ਨਿਭਾਉਣ ਦੀ ਸਹੁੰ ਵੀ ਚੁਕਾਈ।

## ਸੱਤਿਆਪਾਲ ਮਲਿਕ 'ਤੇ ਕੇਸ ਦਰਜ ਕਰਨਾ ਅਸਹਿ : ਮਾਨ

**ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮੁਲਕ ਵਿੱਚ ਜੋ ਵੀ ਇਨਸਾਫ ਪਸੰਦ ਤੇ ਲੋਕ ਹੱਕਾਂ ਦੀ ਆਵਾਜ਼ ਬੁਲੰਦ ਕਰਨ ਵਾਲੀਆਂ ਸ਼ਖ਼ਸੀਅਤਾਂ ਹਨ, ਉਨ੍ਹਾਂ ਵਿਰੁੱਧ ਅਕਸਰ ਹੀ ਮੋਦੀ-ਬੀਜੇਪੀ-ਆਰ.ਐੱਸ.ਐੱਸ. ਹਕੂਮਤ ਨਫਰਤ ਭਰੀਆਂ ਭਾਵਨਾਵਾਂ ਅਧੀਨ ਹੀ ਅਮਲ ਕਰਦੀਆਂ ਨਜ਼ਰ ਆ ਰਹੀਆਂ ਹਨ, ਜਦੋਂਕਿ ਅਜਿਹੀਆਂ ਸ਼ਖ਼ਸੀਅਤਾਂ ਦੀ ਦ੍ਰਿੜ੍ਹਤਾ ਤੇ ਸੱਚਾਈ 'ਤੇ ਪਹਿਰਾ ਦੇਣ ਦੀ ਬਦੌਲਤ ਹੀ ਇਥੋਂ ਦੇ ਨਿਵਾਸੀਆਂ ਨੂੰ ਕੁਝ ਇਨਸਾਫ ਦੀ ਆਸ ਬੱਝਦੀ ਹੈ। ਇਥੇ ਇਹ ਵੀ ਵਰਣਨ ਕਰਨਾ ਜ਼ਰੂਰੀ ਹੈ ਕਿ ਸ੍ਰੀ ਸੱਤਿਆਪਾਲ ਮਲਿਕ, ਜੋ ਬੀਤੇ ਸਮੇਂ ਵਿੱਚ ਬਹੁਤ ਹੀ ਮਹੱਤਵਪੂਰਨ ਅਹੁਦਿਆਂ 'ਤੇ ਆਪਣੀਆਂ ਜ਼ਿੰਮੇਵਾਰੀਆਂ ਨਿਭਾਅ ਚੁੱਕੇ ਹਨ, ਪਰ ਉਨ੍ਹਾਂ ਵਿੱਚ ਇਨਸਾਨੀਅਤ ਤੇ ਸੱਚ ਕੁੱਟ ਕੁੱਟ ਕੇ ਭਰਿਆ ਹੋਇਆ ਹੈ। ਉਨ੍ਹਾਂ ਕਦੇ ਵੀ ਝੂਠ ਫਰੇਬ ਜਾਂ ਜਬਰ-ਜ਼ੁਲਮ ਦਾ ਸਾਥ ਨਹੀਂ ਦਿੱਤਾ, ਬਲਕਿ ਜਿਨ੍ਹਾਂ ਕੌਮਾਂ, ਲੋਕਾਂ ਵਿਰੁੱਧ ਹੁਕਮਰਾਨ ਜਬਰ ਜ਼ੁਲਮ ਕਰਦੇ ਹਨ, ਉਸ ਵਿਰੁੱਧ ਦ੍ਰਿੜ੍ਹਤਾ ਨਾਲ ਆਵਾਜ਼ ਉਠਾਉਂਦੇ ਹੋਏ ਆਪਣੇ ਇਨਸਾਨੀ ਫਰਜ਼ਾਂ ਦੀ ਨਿਰੰਤਰ ਪੂਰਤੀ ਕਰਦੇ ਆ ਰਹੇ ਹਨ। ਫਿਰ ਉਹ ਸਰ ਛੋਟੂ ਰਾਮ ਵਰਗੇ ਪੁਰਾਤਨ ਇਤਿਹਾਸਕ ਆਗੂਆਂ ਦੇ ਨਾਲ ਵੀ ਵੱਡੇ ਉੱਦਮ ਕਰਦੇ ਰਹੇ ਹਨ, ਜੋ ਕਿਸਾਨਾਂ ਤੇ ਆਮ ਲੋਕਾਂ ਦੇ ਮਸਲਿਆਂ ਲਈ ਲੜਦੇ ਰਹੇ ਹਨ। ਅਜਿਹੇ ਇਨਸਾਨ ਵਿਰੁੱਧ ਮੰਦਭਾਵਨਾ ਅਧੀਨ ਕੇਸ ਦਰਜ ਕਰ ਦੇਣੇ ਤਾਂ ਜੰਗਲ ਦੇ ਰਾਜ ਵਾਲੇ ਅਮਲ ਹਨ। ਬੀਜੇਪੀ-ਆਰ.ਐੱਸ.ਐੱਸ. ਕਿਸਾਨਾਂ ਤੇ ਆਮ ਲੋਕਾਂ ਵਿਰੁੱਧ ਹੈ।

# ਪੰਜਾਬ ਸਾਹਿਤ ਸਭਾ ਵੱਲੋਂ ਸਰਹਿੰਦ ਫਹਿਤ ਦਿਵਸ ਨੂੰ ਸਮਰਪਤ ਸਮਾਰੋਹ

■ ਪਰਵਾਸ ਦੇ ਸੰਬੰਧ 'ਚ ਹੰਢਾਏ ਸੱਚ ਦੀ ਬੇਬਾਕ ਤੇ ਖੂਬਸੂਰਤ ਪੇਸ਼ਕਾਰੀ : ਡਾ. ਸਵਰਾਜ ਸਿੰਘ



**ਸੰਗਰੂਰ (ਪ੍ਰਵੀਨ ਸਿੰਘ)**-ਪੰਜਾਬ ਸਾਹਿਤ ਸਭਾ ਸੰਗਰੂਰ (ਰਜਿ.) ਵੱਲੋਂ ਆਪਣੀਆਂ ਰਵਾਇਤਾਂ ਨੂੰ ਅੱਗੇ ਤੋਰਦੇ ਹੋਏ ਸਰਹਿੰਦ ਫਹਿਤ ਦਿਵਸ ਨੂੰ ਸਮਰਪਤ ਪੁਸਤਕ ਲੋਕ ਅਰਪਣ, ਵਿਚਾਰ ਚਰਚਾ ਤੇ ਸਨਮਾਨ ਸਮਾਰੋਹ ਪੰਜਾਬੀ ਵਿਰਸਾ ਰੈਸਟੋਰੈਂਟ ਵਿਖੇ ਕੀਤਾ ਗਿਆ, ਜਿਸ ਵਿੱਚ ਪ੍ਰੋੜ੍ਹ ਤੇ ਸੁਲਝੇ ਹੋਏ ਸਾਹਿਤਕਾਰ ਅਨੋਖ ਸਿੰਘ ਵਿਰਕ ਦੀ ਸਵੈਜੀਵਨਕ ਨਾਵਲ ਕੰਡਿਆਲੀ ਤਾਰ ਦੇ ਉਸ ਪਾਰ-ਇਸ ਪਾਰ ਨੂੰ ਲੋਕ ਅਰਪਣ ਕੀਤਾ ਗਿਆ।ਸਮਾਗਮ ਦੀ ਪ੍ਰਧਾਨਗੀ ਡਾ. ਸਵਰਾਜ ਸਿੰਘ ਵਿਸ਼ਵ ਚਿੰਤਕ ਨੇ ਕੀਤੀ।ਮੁੱਖ ਮਹਿਮਾਨ ਸਵਰਨ ਸਿੰਘ ਸੰਗਰੂਰ, ਵਿਸ਼ੇਸ਼ ਮਹਿਮਾਨ ਬਹਾਦਰ ਸਿੰਘ ਡੀ.ਐੱਸ.ਪੀ. (ਰਿ.), ਸਨਮਾਨਤ ਅਹਿਮਾਨ ਪਵਨ ਹਰਚੰਦਪੁਰੀ ਪ੍ਰ.ਕੇ.ਪੰ. ਲੇ. ਸਭਾ (ਸੇਖੋਂ), ਉਦਘਾਟਨੀ ਸ਼ਬਦ ਨਰਵਿੰਦਰ ਸਿੰਘ ਕੌਸ਼ਲ ਸਾਬਕਾ ਡੀਨ ਨੇ ਕਹੇ।ਭੋਲਾ ਸਿੰਘ ਸੰਗਰਾਮੀ ਦੇ ਧਾਰਮਿਕ ਗੀਤ ਨਾਲ ਆਰੰਭ ਹੋਏ ਸਮਾਗਮ ਸਬੰਧੀ ਡਾ. ਭਗਵੰਤ ਸਿੰਘ ਪ੍ਰਧਾਨ ਨੇ ਮਹਿਮਾਨ ਦਾ ਸਆਗਤ ਕਰਦੇ ਹੋਏ ਸਮਾਰੋਹ ਦੀ ਰੂਪ ਰੇਖਾ ਬਿਆਨ ਕੀਤੀ।ਦੇਸ਼ ਵੰਡ ਦੀ ਤ੍ਰਾਸਦੀ ਨੂੰ ਮਾਰਮਿਕ ਰੂਪ ਵਿੱਚ ਪੇਸ਼ ਕਰਦੀ ਪੁਸਤਕ ਬਾਰੇ ਡਾ. ਜਗਦੀਪ ਕੌਰ ਅਹੂਜਾ, ਜੋਗਿੰਦਰ ਕੌਰ ਅਗਨੀਹੋਤਰੀ ਤੇ ਡਾ. ਤੇਜਾ ਸਿੰਘ ਤਿਲਕ ਨੇ ਪੇਪਰ ਪੇਸ਼ ਕੀਤੇ।

ਇਸ ਚਰਚਾ ਨੂੰ ਅੱਗੇ ਤੋਰਦੇ ਹੋਏ ਮੇਘਨਾਥ ਸ਼ਰਮਾ ਬਠਿੰਡਾ, ਅਮਰ ਗਰਗ ਕਲਮਦਾਨ, ਸ਼ਸ਼ੀਬਾਲਾ, ਡਾ. ਗੁਰਮੀਤ ਸਿੰਘ, ਅਵਿਨਾਸ਼ ਸ਼ਰਮਾ, ਸੁਖਦੇਵ ਔਲਖ, ਦਲਬਾਰ ਸਿੰਘ ਚੱਠੇ, ਡਾ. ਇਕਬਾਲ ਸਿੰਘ ਸਕਰੌਦੀ, ਡਾ. ਭਗਵੰਤ ਸਿੰਘ, ਜਗਦੀਪ ਸਿੰਘ ਗੰਧਾਰਾ ਐਡਵੋਕੇਟ, ਕਾ. ਬਸ਼ੇਸ਼ਰ ਰਾਮ, ਨਿਹਾਲ ਸਿੰਘ ਮਾਨ, ਜਗਜੀਤ ਲੱਡਾ, ਸ. ਸ. ਫੁੱਲ, ਸੁਰਿੰਦਰ ਨਾਗਰਾ, ਬਹਾਦਰ ਸਿੰਘ, ਸਵਰਨ ਸਿਘ ਨੇ ਆਪਣੇ ਭਾਵ ਵਿਅਕਤ ਕਰਕੇ ਬਹੁਤ ਵਧੀਆ ਸੰਵਾਦ ਰਚਾਇਆ।ਅਨੋਖ ਸਿੰਘ ਵਿਰਕ ਨੇ ਕਿਹਾ ਕਿ ਮੇਰੀ ਪਹਿਲੀ ਪੁਸਤਕ 'ਜੀਵਨ ਦਰਿਆ' ਨਾਲ ਮੈਂ ਸਾਹਿਤਕ ਖੇਤਰ ਨਾਲ ਜੁੜਿਆ।ਇਹ ਪੁਸਤਕ ਲਿਖਣ ਵਾਸਤੇ ਮੈਂ ਪੰਜਾਬ ਦੀ ਵੰਡ 1947 ਦਾ ਸਮਾਂ ਚੁਣਿਆ ਹੈ।ਨਾਵਲ ਉਸ ਵਕਤ ਦੀਆਂ ਸਮਕਾਲੀ ਘਟਨਾਵਾਂ ਤੋਂ ਸ਼ੁਰੂ ਹੋ ਕੇ ਅਜੋਕੇ ਸਮੇਂ ਤੱਕ ਦਾ ਬਿਰਤਾਂਤ ਹੈ।1947 ਦੇ ਉਜਾੜੇ ਵਕਤ ਵਾਪਰੀਆਂ ਮੰਦਭਾਗੀਆਂ ਘਟਨਾਵਾਂ ਦਾ ਜ਼ਿਕਰ ਕੀਤਾ ਹੈ।ਇਸ ਮੌਕੇ ਬਹੁਤ ਉੱਚ ਪੱਧਰ ਦੀਆਂ ਕਾਵਿ ਵੰਨਗੀਆਂ ਵੀ ਪ੍ਰਸਤੁਤ ਕੀਤੀਆਂ ਗਈਆਂ, ਜੋ ਸਰੋਤਿਆਂ ਨੂੰ ਮੰਤਰਮੁਗਧ ਕਰ ਗਈਆਂ।ਧਰਮੀ ਤੁੰਗਾਂ, ਕੈਪਟਨ ਹਰਕੇਸ਼ ਸਿੰਘ, ਜੰਗੀਰ ਸਿੰਘ ਰਤਨ, ਪਵਨ ਕੁਮਾਰ, ਸ਼ਸ਼ੀ ਬਾਲਾ, ਮੁਖਤਿਆਰ ਅਲਾਨ, ਕਵਿਤਰੀ ਮਨਪ੍ਰੀਤ ਸੁਖਵਿੰਦਰ, ਗੁਲਜ਼ਾਰ ਸਿੰਘ ਸ਼ੌਂਕੀ, ਸੁਰਿੰਦਰਪਾਲ ਸਿੰਘ ਸਿਦਕੀ, ਮੀਤ ਸਕਰੌਦੀ, ਮਨਜੀਤ ਕੌਰ ਸੰਧੂ, ਹਰਵਿੰਦਰ ਕੌਰ, ਅਮਨਦੀਪ ਕੌਰ, ਕੁਲਵੰਤ ਖਨੌਰੀ, ਜੰਟੀ ਬੇਤਾਬ ਬੀਂਬੜ, ਸਰਬਜੀਤ ਸੰਗਰੂਰਵੀ, ਬਲਜਿੰਦਰ ਈਲਵਾਲ, ਕੇ. ਸਾਧੂ ਸਿੰਘ, ਦੇਸ਼ ਭੂਸ਼ਨ, ਗੁਰਨਾਮ ਸਿੰਘ ਨੇ ਆਪਣੀਆਂ ਕਾਵਿ ਰਚਨਾਵਾਂ ਪੇਸ਼ ਕੀਤੀਆਂ।ਡਾ. ਦਵਿੰਦਰ ਕੌਰ, ਜਗਦੀਪ ਸਿੰਘ ਗੰਧਾਰਾ ਐਡਵੋਕੇਟ ਤੇ ਸੁਰਿੰਦਰਪਾਲ ਸਿੰਘ ਸਿਦਕੀ ਨੇ ਸਨਮਾਨ ਪੱਤਰ ਪੜ੍ਹੇ।ਇਸ ਸਮੇਂ ਸੰਧੂ ਬ੍ਰਦਰਜ਼ ਵੱਲੋਂ ਪੁਸਤਕ ਪ੍ਰਦਰਸ਼ਨੀ ਵੀ ਲਗਾਈ ਗਈ।ਗੁਰਨਾਮ ਸਿੰਘ ਨੇ ਮੰਚ ਸੰਚਾਲਨਾ ਕੀਤੀ।

## ਸੰਧਵਾਂ ਵੱਲੋਂ ਬੈਡਮਿੰਟਨ ਕੋਰਟ ਦਾ ਉਦਘਾਟਨ



**ਫ਼ਰੀਦਕੋਟ/ਕੋਟਕਪੂਰਾ (ਐਲਿਗਜੈਂਡਰ ਡਿਸੂਜਾ/ਰਛਪਾਲ ਭੁੱਲਰ)**-ਮੁੱਖ ਮੰਤਰੀ ਪੰਜਾਬ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਜਿੱਥੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਨੌਜਵਾਨਾਂ ਨੂੰ ਨਸ਼ਿਆਂ ਪ੍ਰਤੀ ਜਾਗਰੂਕ ਕਰ ਰਹੀ ਹੈ, ਉਥੇ ਹੀ ਨੌਜਵਾਨਾਂ ਦੀ ਖੇਡਾਂ ਵਿੱਚ ਰੁਚੀ ਵਧਾਉਣ ਤੇ ਨਸ਼ਿਆਂ ਤੋਂ ਦੂਰ ਰੱਖਣ ਲਈ ਹਰ ਸੰਭਵ ਉਪਰਾਲਾ ਕੀਤਾ ਜਾ ਰਿਹਾ ਹੈ।ਇਹ ਪ੍ਰਗਟਾਵਾ ਸਪੀਕਰ ਪੰਜਾਬ ਵਿਧਾਨ ਸਭਾ ਸ੍ਰ. ਕੁਲਤਾਰ ਸਿੰਘ ਸੰਧਵਾਂ ਨੇ ਸਥਾਨਕ ਨਹਿਰੂ ਸਟੇਡੀਅਮ ਵਿਖੇ ਬੈਡਮਿੰਟਨ ਕੋਰਟ ਦਾ ਉਦਘਾਟਨ ਕਰਨ ਮੌਕੇ ਕੀਤਾ।ਇਸ ਮੌਕੇ ਆਪਣੇ ਸੰਬੋਧਨ ਵਿੱਚ ਸਪੀਕਰ ਸ੍ਰ. ਸੰਧਵਾਂ ਨੇ ਦੱਸਿਆ ਕਿ ਇਹ ਬੈਡਮਿੰਟਨ ਕੋਰਟ ਇੰਟਰਨੈਸ਼ਨਲ ਸਟੈਂਡਰਡ ਕੋਰਟ ਦੇ ਮੁਕਾਬਲੇ ਦਾ ਬਣਾਇਆ ਗਿਆ ਹੈ, ਜਿਸ ਵਿੱਚ ਵਧੀਆ ਕੋਰਟ ਤੇ ਲਾਈਟਾਂ ਲਗਾਈਆਂ ਗਈਆਂ ਹਨ।ਉਨ੍ਹਾਂ ਦੱਸਿਆ ਕਿ ਇਸ ਬੈਡਮਿੰਟਨ ਗਰਾਊਂਡ ਦੇ ਨਿਰਮਾਣ ਵਿੱਚ ਉਨ੍ਹਾਂ ਵੱਲੋਂ 5 ਲੱਖ ਰੁਪਏ ਦੀ ਰਾਸ਼ੀ ਆਪਣੇ ਅਖਤਿਆਰੀ ਕੋਟੇ ਵਿੱਚੋਂ ਦਿੱਤੀ ਗਈ ਸੀ ਤੇ ਬਾਕੀ ਦੀ ਰਹਿੰਦੀ ਰਾਸ਼ੀ ਕੋਚਾਂ ਵੱਲੋਂ ਪਾ ਕੇ ਇਸ ਨੂੰ ਇੰਟਰਨੈਸ਼ਨਲ ਮੁਕਾਬਲੇ ਦੇ ਕੋਰਟ ਬਣਾਉਣ ਵਿੱਚ ਆਪਣਾ ਯੋਗਦਾਨ ਦਿੱਤਾ ਗਿਆ ਹੈ, ਜੋ ਕਿ ਬਹੁਤ ਹੀ ਸਰਾਹੁਣਯੋਗ ਗੱਲ ਹੈ।ਇਸ ਮੌਕੇ ਨੌਜਵਾਨਾਂ ਨੂੰ ਖੇਡਾਂ ਵਿੱਚ ਵੱਧ ਤੋਂ ਵੱਧ ਭਾਗ ਲੈਣ ਲਈ ਪ੍ਰੇਰਿਤ ਕਰਦਿਆਂ ਸਪੀਕਰ ਸੰਧਵਾਂ ਨੇ ਕਿਹਾ ਕਿ ਖੇਡਾਂ ਨਾਲ ਸਾਡਾ ਸਰੀਰਕ ਤੇ ਮਾਨਸਿਕ ਦੋਵਾਂ ਪੱਖਾਂ ਤੋਂ ਵਿਕਾਸ ਹੁੰਦਾ ਹੈ।ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਨਾਲ ਵੀ ਜੁੜਨਾ ਚਾਹੀਦਾ ਹੈ।ਖੇਡਾਂ ਨਾਲ ਜੁੜ ਕੇ ਨੌਜਵਾਨ ਨਸ਼ਿਆਂ ਤੋਂ ਦੂਰ ਰਹਿ ਕੇ ਆਪਣੇ ਜੀਵਨ ਨੂੰ ਸਹੀ ਦਿਸ਼ਾ ਦੇ ਸਕਦੇ ਹਨ।ਇਸ ਮੌਕੇ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਸ੍ਰ. ਸੁਖਜੀਤ ਸਿੰਘ ਢਿੱਲਵਾਂ, ਜ਼ਿਲ੍ਹਾ ਖੇਡ ਅਫਸਰ ਸ੍ਰ. ਬਲਜਿੰਦਰ ਸਿੰਘ, ਸੁਖਵੰਤ ਸਿੰਘ ਪੱਕਾ ਜ਼ਿਲ੍ਹਾ ਪ੍ਰਧਾਨ ਆਮ ਆਦਮੀ ਪਾਰਟੀ, ਪ੍ਰਧਾਨ ਗੁਰਵਿੰਦਰ ਸਿੰਘ, ਵਾਈਸ ਪ੍ਰਧਾਨ ਸ੍ਰੀ ਲਲਿਤ ਗੁਪਤਾ, ਮਨਜੀਤ ਸਿੰਘ ਚੇਅਰਮੈਨ, ਕਰਮਜੀਤ ਸਿੰਘ ਸੈਕਟਰੀ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਖਿਡਾਰੀ ਤੇ ਜ਼ਿਲ੍ਹਾ ਵਾਸੀ ਹਾਜ਼ਰ ਸਨ।

## ਆੜ੍ਹਤੀਆਂ ਤੇ ਮਾਰਕੀਟ ਕਮੇਟੀ ਦੇ ਚੇਅਰਮੈਨ ਗੱਜੂਮਾਜਰਾ ਵਿਚਕਾਰ ਮੀਟਿੰਗ



**ਸਮਾਣਾ (ਗੁਰਪਿਆਰ ਸਿੰਘ ਬੱਲ, ਇਕਬਾਲ ਸਿੰਘ ਬੱਲ)**-ਕਣਕ ਦਾ ਸੀਜ਼ਨ ਸਮਾਪਤ ਹੋਣ ਉਪਰੰਤ ਮਾਰਕੀਟ ਕਮੇਟੀ ਦੇ ਚੇਅਰਮੈਨ ਬਲਕਾਰ ਸਿੰਘ ਗੱਜੂਮਾਜਰਾ ਤੇ ਆੜ੍ਹਤੀਆਂ ਵਿਚਕਾਰ ਹੋਈ ਮੀਟਿੰਗ ਵਿੱਚ ਚੇਅਰਮੈਨ ਨੇ ਆੜ੍ਹਤੀਆਂ, ਟਰੱਕ ਯੂਨੀਅਨ, ਖਰੀਦ ਏਜੰਸੀਆਂ ਸਥਾਨਕ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਤੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਮਾਣਾ ਮੰਡੀ ਵਿੱਚ ਕਣਕ ਦਾ ਸੀਜ਼ਨ ਸਮਾਪਤ ਹੋ ਚੁੱਕਾ ਹੈ, ਸਮਾਣਾ ਤੇ ਆਸ-ਪਾਸ ਦੀਆਂ ਮੰਡੀਆਂ ਵਿੱਚ 28 ਲੱਖ 11 ਹਜ਼ਾਰ 428 ਥੈਲੇ ਕਣਕ ਦੇ ਸਰਕਾਰ ਵੱਲੋਂ ਖਰੀਦੇ ਗਏ ਹਨ, ਜਿਨ੍ਹਾਂ ਦੀ ਪੇਮੈਂਟ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਨੂੰ ਕਰ ਕਰ ਦਿੱਤੀ ਗਈ ਹੈ, ਕਿਸੇ ਕਿਸਾਨ ਦਾ ਸਰਕਾਰ ਵੱਲ ਕਣਕ ਦਾ ਬਕਾਇਆ ਨਹੀਂ ਰਿਹਾ ਹੈ।ਚੇਅਰਮੈਨ ਗੱਜੂਮਾਜਰਾ ਨੇ ਕਿਹਾ ਕਿ ਟਰੱਕ ਯੂਨੀਅਨ ਤੇ ਸਹਿਯੋਗ ਨਾਲ ਕਣਕ ਦੀ ਲਿਫਟਿੰਗ ਸਮੇਂ ਅਨੁਸਾਰ ਹੁੰਦੀ ਰਹੀ ਹੈ ਹੁਣ ਤੱਕ ਸਮਾਣਾ ਮੰਡੀ ਵਿੱਚੋਂ ਕਣਕ ਦੀ ਪੂਰੀ ਤਰ੍ਹਾਂ ਲਿਫਟਿੰਗ ਹੋ ਚੁੱਕੀ ਹੈ।ਉਨ੍ਹਾਂ ਚਾਰ ਕਣਕ ਖਰੀਦ ਏਜੰਸੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਖਰੀਦ ਏਜੰਸੀਆਂ ਵੱਲੋਂ ਕਿਸਾਨਾਂ ਦੀ ਫਸਲ ਨੂੰ ਸਮੇਂ ਸਿਰ ਖਰੀਦ ਕੀਤਾ ਹੈ, ਜਿਸ ਕਰਕੇ ਉਹ ਵਧਾਈ ਦੇ ਪਾਤਰ ਹਨ, ਕਿਉਂਕਿ ਉਨ੍ਹਾਂ ਵੱਲੋਂ ਸਮੇਂ ਸਿਰ ਕੀਤੀ ਗਈ ਖਰੀਦ ਨਾਲ ਕਿਸਾਨਾਂ ਨੂੰ ਮੰਡੀਆਂ ਵਿੱਚ ਖੱਜਲ ਖਵਾਰ ਨਹੀਂ ਹੋਣਾ ਪਿਆ।ਇਸ ਮੌਕੇ ਆੜ੍ਹਤੀ ਐਸੋਸੀਏਸ਼ਨ ਦੇ ਪ੍ਰਧਾਨ ਨਰਿੰਦਰ ਕੁਮਾਰ ਗਰਗ, ਕੁਲਦੀਪ ਸਿੰਘ ਬਾਹਮਣਾ, ਪਵਨ ਕੁਮਾਰ ਬਾਂਸਲ, ਗੌਰਵ ਗੂਰੀ ਤੋਂ ਇਲਾਵਾ ਹੋਰ ਵੀ ਆੜ੍ਹਤੀ ਮੌਜੂਦ ਸਨ।

## ਨਸ਼ਿਆਂ ਵਿਰੁੱਧ ਜੰਗ 'ਚ ਲੋਕਾਂ ਦਾ ਸਹਿਯੋਗ ਜ਼ਰੂਰੀ : ਗੋਪੀ, ਲਾਲੀ, ਸੰਦੀਪ



**ਨਾਭਾ (ਵਰਿੰਦਰ ਵਰਮਾ)**-ਪੰਜਾਬ ਦੇ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਚੱਲ ਰਹੀ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਆਪ ਪਾਰਟੀ ਦੇ ਯਸੂ ਯੂਥ ਵਿੰਗ ਜੁਆਇੰਟ ਸਕੱਤਰ ਪੰਜਾਬ ਗੁਰਪ੍ਰੀਤ ਸਿੰਘ ਗੋਪੀ ਫੈਜ਼ਗੜ੍ਹ, ਸੀਨੀਅਰ ਯੂਥ ਆਗੂ ਲਾਲੀ ਫਤਿਹਪੁਰ ਤੇ ਸ਼ਹਿਰੀ ਬਲਾਕ ਪ੍ਰਧਾਨ ਸੰਦੀਪ ਸ਼ਰਮਾ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਸੂਬੇ ਵਿੱਚ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਵਚਨਬੱਧ ਹੈ ਤੇ ਇਸ ਮੁਹਿੰਮ ਵਿੱਚ ਸਮਾਜ ਦੇ ਹਰ ਵਰਗ ਦਾ ਸਾਥ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਨਸ਼ਾ ਕਰਨ ਵਾਲੇ ਵਿਅਕਤੀ ਦਾ ਜਿੱਥੇ ਸਿਹਤ, ਮਾਨਸਿਕ ਤੇ ਆਰਥਿਕ ਤੌਰ 'ਤੇ ਨੁਕਸਾਨ ਹੁੰਦਾ ਹੈ, ਓਥੇ ਸਮਾਜਿਕ ਤੌਰ 'ਤੇ ਵੀ ਉਸ ਨੂੰ ਚੰਗਾ ਨਹੀਂ ਸਮਝਿਆ ਜਾਂਦਾ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਸੂਬੇ ਨੂੰ ਨਸ਼ਾ ਮੁਕਤ ਕਰਕੇ ਮੁੜ ਰੰਗਲਾ ਪੰਜਾਬ ਬਣਾਉਣ ਦਾ ਸੁਪਨਾ ਲਿਆ ਹੈ ਤੇ ਅਸੀਂ ਸਾਰੇ ਮਿਲ ਕੇ ਇਸ ਨੂੰ ਪੂਰਾ ਕਰਾਂਗੇ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨਸ਼ਾ ਤਸਕਰਾਂ ਵਿਰੁੱਧ ਸਖ਼ਤ ਕਾਰਵਾਈ ਕਰ ਰਹੀ ਹੈ ਅਤੇ ਹਜ਼ਾਰਾਂ ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹਾਂ ਵਿੱਚ ਭੇਜਿਆ ਗਿਆ ਹੈ।ਉਨ੍ਹਾਂ ਕਿਹਾ ਕਿ ਸਰਕਾਰ ਨੇ ਸਖਤ ਕਾਰਵਾਈ ਕਰਦਿਆਂ ਪਾਪ ਦੀ ਕਮਾਈ ਨਾਲ ਨਸ਼ਾ ਤਸਕਰਾਂ ਵੱਲੋਂ ਬਣਾਏ ਘਰਾਂ ਨੂੰ ਢਹਿ-ਢੇਰੀ ਕਰ ਦਿੱਤਾ ਗਿਆ ਹੈ।ਗੁਰਪ੍ਰੀਤ ਸਿੰਘ ਗੋਪੀ, ਲਾਲੀ ਫਤਿਹਪੁਰ ਤੇ ਸੰਦੀਪ ਸ਼ਰਮਾ ਨੇ ਹਲਕਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਵਿੱਚ ਆਪਣਾ ਸਾਥ ਦੇਣ ਲਈ ਅੱਗੇ ਆਉਣ ਤਾਂ ਹੀ ਅਸੀਂ ਰਲ ਮਿਲ ਕੇ ਪੰਜਾਬ ਨੂੰ ਨਸ਼ਾ ਮੁਕਤ ਕਰ ਸਕਦੇ ਹਾਂ।

## ਦਵਿੰਦਰ ਸਿੰਘ ਨੇ ਮਾਤਾ ਹਰਦੇਈ ਸਕੂਲ ਦੇ ਪ੍ਰਿੰਸੀਪਲ ਵਜੋਂ ਅਹੁਦਾ ਸੰਭਾਲਿਆ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਮਾਤਾ ਹਰਦੇਈ ਨੈਸ਼ਨਲ ਕਾਲਜੀਏਟ ਸੀਨੀਅਰ ਸੈਕੰਡਰੀ ਸਕੂਲ ਮਾਛੀਵਾੜਾ ਸਾਹਿਬ ਵਿਖੇ ਦਵਿੰਦਰ ਸਿੰਘ ਨੇ ਨਵੇਂ ਪ੍ਰਿੰਸੀਪਲ ਵਜੋਂ ਆਪਣਾ ਅਹੁਦਾ ਸੰਭਾਲ ਲਿਆ ਹੈ। ਇਸ ਮੌਕੇ ਪ੍ਰਧਾਨ ਸੁਰਿੰਦਰ ਕੁੰਦਰਾ, ਸੈਕੇਟਰੀ ਗੁਰਨਾਮ ਸਿੰਘ, ਜੁਆਇੰਟ ਸੈਕਟਰੀ ਜੈਦੀਪ ਸਿੰਘ ਕਾਹਲੋਂ, ਖਜ਼ਾਨਚੀ ਜੇ. ਪੀ. ਸਿੰਘ ਮੱਕੜ ਤੇ ਮੈਂਬਰ ਟਹਿਲ ਸਿੰਘ ਔਜਲਾ ਵੱਲੋਂ ਪ੍ਰਿੰਸੀਪਲ ਦਵਿੰਦਰ ਸਿੰਘ ਦਾ ਸਵਾਗਤ ਕੀਤਾ ਗਿਆ। ਪ੍ਰਿੰਸੀਪਲ ਦਵਿੰਦਰ ਸਿੰਘ ਨੇ ਕਿਹਾ ਕਿ ਉਹ ਸਮੂਹ ਸਟਾਫ਼ ਨਾਲ ਵਿਦਿਆਰਥੀਆਂ ਨੂੰ ਵਧੀਆ ਸਿੱਖਿਆ ਮੁਹੱਈਆ ਕਰਵਾਉਣ ਲਈ ਯਤਨਸ਼ੀਲ ਰਹਿਣਗੇ। ਇਸ ਮੌਕੇ ਸਕੂਲ ਦੇ ਸਟਾਫ਼ ਮੈਂਬਰ ਤੇ ਵਿਦਿਆਰਥੀ ਹਾਜ਼ਰ ਸਨ।

## ਸਤਿਨਾਮ ਸਰਵ ਕਲਿਆਣ ਟਰੱਸਟ ਵੱਲੋਂ ਬੱਚਿਆਂ ਦਾ ਸਨਮਾਨ



**ਬਠਿੰਡਾ (ਰਾਜੀਵ ਗੋਇਲ)**-ਸਤਿਨਾਮ ਸਰਵ ਕਲਿਆਣ ਟਰੱਸਟ ਚੰਡੀਗੜ੍ਹ ਦੀ ਅਗਵਾਈ ਹੇਠ ਕਰਵਾਈਆਂ ਗਈਆਂ ਧਾਰਮਿਕ ਪ੍ਰੀਖਿਆ ਵਿੱਚੋਂ ਪੁਜ਼ੀਸ਼ਨਾਂ ਪ੍ਰਾਪਤ ਵਾਲੇ ਕਰਨ ਵਾਲੇ ਬੱਚਿਆਂ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਸੋਨੂ ਕੁਮਾਰ ਕਾਂਗੜ ਨੇ ਬੱਚਿਆਂ ਨੂੰ ਇਨਾਮ ਵੰਡੇ ਤੇ ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ। ਪਹਿਲਾ ਸਥਾਨ ਪ੍ਰਾਪਤ ਕਰਨ ਵਾਲੇ ਬੱਚੇ ਜਮਾਤ ਪਹਿਲੀ 'ਚੋਂ ਸੁਨੇਹਦੀਪ ਕੌਰ, ਜਮਾਤ ਦੂਜੀ 'ਚੋਂ ਗੁਰਤੀਰਥ ਕੌਰ, ਜਮਾਤ ਤੀਜੀ 'ਚੋਂ ਰਾਵੀਆ ਬੇਗਮ, ਜਮਾਤ ਚੌਥੀ 'ਚੋਂ ਰਾਜਵੀਰ ਕੌਰ, ਜਮਾਤ ਛੇਵੀਂ 'ਚੋਂ ਅਨਮੋਲਪ੍ਰੀਤ ਕੌਰ, ਜਮਾਤ ਸੱਤਵੀਂ 'ਚੋਂ ਜਸਮੀਤ ਕੌਰ, ਜਮਾਤ ਨੌਵੀਂ 'ਚੋਂ ਸ਼ਰਨ ਕੌਰ, ਜਮਾਤ ਗਿਆਰਵੀਂ 'ਚੋਂ ਖੁਸ਼ਪ੍ਰੀਤ ਕੌਰ। ਦੂਜਾ ਸਥਾਨ ਪ੍ਰਾਪਤ ਕਰਨ ਵਾਲੇ ਬੱਚੇ ਜਮਾਤ ਪਹਿਲੀ 'ਚੋਂ ਮਨਵੀਰ ਕੌਰ, ਜਮਾਤ ਦੂਜੀ 'ਚੋਂ ਸੱਚਪ੍ਰੀਤ ਕੌਰ, ਜਮਾਤ ਤੀਜੀ 'ਚੋਂ ਰਾਜਵੀਰ ਕੌਰ, ਜਮਾਤ ਚੌਥੀ 'ਚੋਂ ਆਰਯੂ, ਜਮਾਤ ਛੇਵੀਂ 'ਚੋਂ ਜਸਪ੍ਰੀਤ ਕੌਰ, ਜਮਾਤ ਸੱਤਵੀਂ 'ਚੋਂ ਇੰਦਰਜੀਤ ਕੌਰ, ਜਮਾਤ ਨੌਵੀਂ 'ਚੋਂ ਸੁਧਾ ਸ਼ਰਮਾ, ਜਮਾਤ ਗਿਆਰਵੀਂ 'ਚੋਂ ਹਰਦੀਪ ਸਿੰਘ ਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਬੱਚਿਆਂ 'ਚ ਜਮਾਤ ਪਹਿਲੀ 'ਚੋਂ ਰਣਵੀਰ ਸਿੰਘ, ਜਮਾਤ ਦੂਜੀ 'ਚੋਂ ਤਰਨਵੀਰ ਕੌਰ, ਜਮਾਤ ਤੀਜੀ 'ਚੋਂ ਸਿਮਰਨਪ੍ਰੀਤ ਕੌਰ, ਜਮਾਤ ਚੌਥੀ 'ਚੋਂ ਗੁਰਨੂਰ, ਜਮਾਤ ਛੇਵੀਂ 'ਚੋਂ ਸੁਮਨਪ੍ਰੀਤ ਕੌਰ, ਜਮਾਤ ਸੱਤਵੀਂ 'ਚੋਂ ਨਵਜੋਤ ਕੌਰ, ਜਮਾਤ ਨੌਵੀਂ 'ਚੋਂ ਹਨੀ ਸਿੰਘ, ਜਮਾਤ ਗਿਆਰਵੀਂ 'ਚੋਂ ਖੁਸ਼ਦੀਪ ਸਿੰਘ ਸ਼ਾਮਲ ਹਨ। ਧਾਰਮਿਕ ਅਧਿਆਪਕਾ ਪਲਵਿੰਦਰ ਕੌਰ ਜਲਾਲ ਨੇ ਸਤਿਨਾਮ ਸਰਵ ਕਲਿਆਣ ਟਰੱਸਟ ਚੰਡੀਗੜ੍ਹ ਦਾ ਧੰਨਵਾਦ ਕੀਤਾ। ਬੱਚਿਆਂ ਨੂੰ ਇਸੇ ਤਰ੍ਹਾਂ ਹੀ ਪ੍ਰੀਖਿਆ ਵਿੱਚੋਂ ਵਧੀਆ ਅੰਕ ਪ੍ਰਾਪਤ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਨੀਤੂ ਸ਼ਰਮਾ, ਬਲਵਿੰਦਰ ਕੌਰ, ਰਣਜੀਤ ਕੌਰ, ਗਗਨਦੀਪ ਕੌਰ, ਤਰਨਵੀਰ ਕੌਰ, ਪਵਨਪ੍ਰੀਤ ਕੌਰ, ਰਣਦੀਪ ਕੌਰ, ਜਸਵੀਰ ਕੌਰ, ਅੰਤਪ੍ਰੀਤ ਕੌਰ, ਲਵਪ੍ਰੀਤ ਕੌਰ, ਜਸਪ੍ਰੀਤ ਕੌਰ, ਅਮਨਦੀਪ ਕੌਰ, ਮੰਦਰ ਸਿੰਘ, ਦਵਿੰਦਰ ਕੁਮਾਰ ਆਦਿ ਹਾਜ਼ਰ ਸਨ।

28-May--25-page-11-Majha-C-ad-Bank.qxd 5/27/2025 11:00 PM Page 1



# ਨਸ਼ਾ ਮੁਕਤੀ ਯਾਤਰਾ ਤਹਿਤ ਸ਼ਹੂਰ ਕਲਾਂ, ਦੋਸਤਪੁਰ ਤੇ ਚੌੜਾ ਕਲਾਂ 'ਚ ਜਾਗਰੂਕਤਾ ਸਭਾਵਾਂ

## * ਰੰਧਾਵਾ ਨੇ ਲੋਕਾਂ ਨੂੰ ਨਸ਼ਿਆਂ ਖ਼ਿਲਾਫ਼ ਡਟਣ ਅਤੇ ਨਸ਼ਾ ਮੁਕਤੀ ਦਾ ਸੁਨੇਹਾ ਘਰ-ਘਰ ਵੰਡਣ ਦੀ ਕੀਤੀ ਅਪੀਲ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਪੰਜਾਬ ਸਰਕਾਰ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਚਲਾਈ ਜਾ ਰਹੀ ਨਸ਼ਾ ਮੁਕਤੀ ਯਾਤਰਾ ਤਹਿਤ ਡੇਰਾ ਬਾਬਾ ਨਾਨਕ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਬੀਤੀ ਸ਼ਾਮ ਹਲਕੇ ਦੇ ਪਿੰਡ ਸ਼ਹੂਰ ਕਲਾਂ, ਦੋਸਤਪੁਰ ਅਤੇ ਚੌੜਾ ਕਲਾਂ ਵਿਖੇ ਵਿਲੇਜ ਡਿਫੈਂਸ ਕਮੇਟੀਆਂ ਨਾਲ ਮੀਟਿੰਗਾਂ ਕਰਦਿਆਂ ਉਨ੍ਹਾਂ ਨੂੰ ਨਸ਼ਿਆਂ ਖ਼ਿਲਾਫ਼ ਡਟ ਕੇ ਕੰਮ ਕਰਨ ਅਤੇ ਨਸ਼ਾ ਮੁਕਤੀ ਦਾ ਸੁਨੇਹਾ ਘਰ-ਘਰ ਪਹੁੰਚਾਉਣ ਦੀ ਅਪੀਲ ਕੀਤੀ।ਇਸ ਮੌਕੇ ਸ. ਗੁਰਦੀਪ ਸਿੰਘ ਰੰਧਾਵਾ ਦੇ ਨਾਲ ਐੱਸਡੀਐੱਮ ਗੁਰਮੰਦਰ ਸਿੰਘ, ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਕੰਵਲਦੀਪ ਸਿੰਘ, ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਹਲਕਾ ਕੋਆਰਡੀਨੇਟਰ ਅਰਸ਼ਦੀਪ ਸਿੰਘ ਤੇ ਹੋਰ ਸਰਕਾਰੀ ਅਧਿਕਾਰੀ ਵੀ ਮੌਜੂਦ ਸਨ।ਪਿੰਡਾਂ ਦੇ ਲੋਕਾਂ ਨੂੰ ਸੰਬੋਧਨ ਹੁੰਦਿਆਂ ਵਿਧਾਇਕ ਸ. ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਸੂਬੇ 'ਚੋਂ ਨਸ਼ਿਆਂ ਦੇ ਖ਼ਾਤਮੇ ਲਈ ਪੰਜਾਬ ਸਰਕਾਰ ਨਸ਼ਾ ਤਸਕਰਾਂ 'ਤੇ ਸ਼ਿਕੰਜਾ ਕੱਸਣ ਦੇ ਨਾਲ-ਨਾਲ ਨਸ਼ੇ ਦੇ ਆਦੀ ਵਿਅਕਤੀਆਂ ਦੇ ਮੁੜ ਵਸੇਬੇ ਲਈ ਵੱਡੇ ਪੱਧਰ 'ਤੇ ਉਪਰਾਲੇ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਿੱਚ ਪੰਜਾਬ 'ਚ 'ਨਸ਼ਾ ਮੁਕਤੀ ਯਾਤਰਾ' ਦੀ ਇਤਿਹਾਸਕ ਸ਼ੁਰੂਆਤ ਕੀਤੀ ਗਈ ਹੈ, ਜਿਸ ਰਾਹੀਂ 15,000 ਤੋਂ ਵੱਧ ਪਿੰਡਾਂ ਅਤੇ ਵਾਰਡਾਂ ਤੱਕ ਜਨ ਜਾਗਰੂਕਤਾ ਦਾ ਸੁਨੇਹਾ ਪਹੁੰਚਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਜੇਕਰ ਉਨ੍ਹਾਂ ਦੇ ਪਿੰਡ ਵਿੱਚ ਕੋਈ ਨਸ਼ਾ ਵੇਚਦਾ ਹੈ ਜਾਂ ਨਸ਼ੇ ਦੀ ਤਸਕਰੀ ਕਰਦਾ ਹੈ ਤਾਂ ਤੁਰੰਤ ਇਸ ਦੀ ਸੂਚਨਾ ਪੁਲਸ ਨੂੰ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਸੂਚਨਾ ਦੇਣ ਵਾਲੇ ਦਾ ਨਾਮ ਅਤੇ ਪਤਾ ਪੂਰੀ ਤਰ੍ਹਾਂ ਗੁਪਤ ਰੱਖਿਆ ਜਾਵੇਗਾ। ਸ. ਰੰਧਾਵਾ ਨੇ ਕਮੇਟੀ ਮੈਂਬਰਾਂ ਨੂੰ ਅਜਿਹੇ ਲੋਕਾਂ ਦੀ ਮਦਦ ਕਰਨ ਲਈ ਵੀ ਪ੍ਰੇਰਿਤ ਕੀਤਾ ਜੋ ਨਸ਼ੇ ਛੱਡ ਕੇ ਆਮ ਜ਼ਿੰਦਗੀ ਵੱਲ ਪਰਤਣਾ ਚਾਹੁੰਦੇ ਹਨ।ਉਨ੍ਹਾਂ ਸਮਾਜ ਦੇ ਹਰ ਵਰਗ ਨੂੰ ਨਸ਼ਿਆਂ ਖ਼ਿਲਾਫ਼ ਇਸ ਅੰਦੋਲਨ ਨਾਲ ਜੁੜਨ ਦਾ ਸੱਦਾ ਦਿੱਤਾ।ਇਸ ਮੌਕੇ ਉਨ੍ਹਾਂ ਵੱਲੋਂ ਜਾਗਰੂਕਤਾ ਸਭਾਵਾਂ ਵਿੱਚ ਹਾਜ਼ਰ ਵਿਅਕਤੀਆਂ ਨੂੰ ਨਸ਼ਾ ਮੁਕਤੀ ਦੀ ਸਹੁੰ ਵੀ ਚੁਕਾਈ ਗਈ,



ਜਿਸ ਵਿੱਚ ਵੱਡੀ ਗਿਣਤੀ ਵਿੱਚ ਲੋਕਾਂ ਨੇ ਨਸ਼ੇ ਨਾ ਕਰਨ, ਨਾ ਕਰਨ ਦੇਣ, ਨਸ਼ੇ ਦੀ ਵਿਕਰੀ ਅਤੇ ਨਸ਼ਾ ਤਸਕਰਾਂ ਦੀ ਮਦਦ ਕਰਨ ਵਾਲਿਆਂ ਦਾ ਵਿਰੋਧ ਕਰਨ ਅਤੇ ਪੰਜਾਬ ਨੂੰ ਮੁੜ ਰੌਸ਼ਨ, ਸੁਰੱਖਿਅਤ ਅਤੇ ਨਸ਼ਾ ਮੁਕਤ ਕਰਨ ਦੀ ਸਹੁੰ ਚੁੱਕੀ।ਇਸ ਮੌਕੇ ਨਸ਼ਾ ਛਡਾਊ ਮੁਹਿੰਮ ਦੇ ਹਲਕਾ ਕੋਆਰਡੀਨੇਟਰ ਡਾਕਟਰ ਅਰਸ਼ਦੀਪ ਸਿੰਘ ਆਦਿ ਤੋਂ ਇਲਾਵਾ ਵੱਖ-ਵੱਖ ਪਿੰਡਾਂ ਦੀਆਂ ਪੰਚਾਇਤਾਂ ਅਤੇ ਪਿੰਡ ਵਾਸੀ ਹਾਜ਼ਰ ਸਨ।

# ਰਾਸ਼ਟਰੀ ਬਾਲ ਸਵਾਸਥ ਕਾਰਿਆਕ੍ਰਮ ਤਹਿਤ 3211 ਵਿਦਿਆਰਥੀਆਂ ਦਾ ਮੁਫ਼ਤ ਇਲਾਜ ਹੋਇਆ : ਸਿਵਲ ਸਰਜਨ

ਗੁਰਦਾਸਪੁਰ (ਜਨਕ ਮਹਾਜਨ)-ਸਿਵਲ ਸਰਜਨ ਗੁਰਦਾਸਪੁਰ ਡਾ. ਜਸਵਿੰਦਰ ਸਿੰਘ ਨੇ ਦੱਸਿਆ ਕਿ ਰਾਸ਼ਟਰੀ ਬਾਲ ਸਵਾਸਥ ਕਾਰਿਆਕ੍ਰਮ ਪ੍ਰੋਗਰਾਮ ਗਰੀਬ ਅਤੇ ਲੋੜਵੰਦ ਬੱਚਿਆਂ ਦਾ ਮੁਫ਼ਤ ਇਲਾਜ ਕਰਵਾਉਣ ਵਿਚ ਵਰਦਾਨ ਸਾਬਤ ਹੋ ਰਿਹਾ ਹੈ। ਸਿਵਲ ਸਰਜਨ ਡਾ. ਜਸਵਿੰਦਰ ਸਿੰਘ ਨੇ ਦੱਸਿਆ ਕਿ ਆਰਬੀਐਸਕੇ ਪ੍ਰੋਗਰਾਮ ਅਧੀਨ ਵਿੱਤੀ ਸਾਲ 2024-25 ਦੌਰਾਨ 3211 ਬੱਚਿਆਂ ਦਾ ਮੁਫ਼ਤ ਇਲਾਜ ਕਰਵਾਇਆ ਗਿਆ, ਜਦਕਿ ਪਿਛਲੇ ਸਾਲ 2727 ਬੱਚਿਆਂ ਦਾ ਇਲਾਜ ਹੋਇਆ ਸੀ। ਉਨ੍ਹਾਂ ਦੱਸਿਆ ਕਿ ਸਾਲ 2024-25 ਦੌਰਾਨ ਦਿਲ ਦੀ ਬਿਮਾਰੀ ਤੋਂ ਪੀੜਤ 29 ਬੱਚੇ, ਚਮੜੀ ਦੇ ਰੋਗਾਂ ਦੇ 528, ਦੰਦਾਂ ਦੀਆਂ ਬਿਮਾਰੀਆਂ ਦੇ 730 ਬੱਚੇ, ਅੱਖਾਂ ਦੀ ਬਿਮਾਰੀ ਦੇ 637 ਬੱਚੇ, ਖ਼ੂਨ ਦੀ ਕਮੀ ਦੇ 979 ਬੱਚੇ, ਨਿਊਰਲ ਟਿਊਬ ਦੇ 5 ਬੱਚੇ, ਜਮਾਂਦਰੂ ਕੱਟੇ ਹੋਏ ਬੁੱਲ੍ਹਾਂ ਦੇ 2, ਜਮਾਂਦਰੂ ਟੇਢੇ ਪੈਰਾਂ ਦੇ 2 ਬੱਚਿਆਂ ਦਾ ਮੁਫ਼ਤ ਇਲਾਜ ਕਰਵਾਇਆ ਗਿਆ। ਇਸ ਤੋਂ ਇਲਾਵਾ ਬਹਿਰੇਪਨ ਦਾ 197 ਬੱਚਿਆਂ ਦਾ ਇਲਾਜ ਕੀਤਾ ਗਿਆ। ਆਰਬੀਐਸਕੇ ਦੇ ਨੋਡਲ ਅਫ਼ਸਰ ਡਾ. ਭਾਵਨਾ ਸ਼ਰਮਾ ਨੇ ਦੱਸਿਆ ਕਿ ਜ਼ਿਲ੍ਹੇ ਵਿਚ 21 ਮੋਬਾਈਲ ਟੀਮਾਂ ਬਣਾਈਆਂ ਗਈਆਂ ਹਨ, ਜੋ ਸਕੂਲ ਅਤੇ ਆਂਗਣਵਾੜੀ ਸੈਂਟਰਾਂ ਵਿਚ ਜਾ ਕੇ ਬੱਚਿਆਂ ਦਾ ਚੈੱਕਅੱਪ ਅਤੇ ਲੋੜ ਪੈਣ ਤੇ ਇਲਾਜ ਕਰਵਾਉਂਦੀਆਂ ਹਨ। ਜ਼ਿਲ੍ਹੇ ਵਿਚ ਸਰਕਾਰੀ ਅਤੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਵਿਚ ਪੜ੍ਹਦੇ 18 ਸਾਲ ਤਕ ਦੇ ਬੱਚੇ ਅਤੇ ਆਂਗਣਵਾੜੀ ਸੈਂਟਰਾਂ ਵਿਚ ਦਰਜ 6 ਹਫ਼ਤੇ ਤੋਂ 6 ਸਾਲ ਤੱਕ ਦੇ ਬੱਚੇ ਇਸ ਸਕੀਮ ਅਧੀਨ ਮੁਫ਼ਤ ਇਲਾਜ ਦੇ ਹੱਕਦਾਰ ਹਨ। ਉਨ੍ਹਾਂ ਦੱਸਿਆ ਕਿ ਆਰਬੀਐਸਕੇ ਅਧੀਨ 31 ਬਿਮਾਰੀਆਂ ਦਾ ਇਲਾਜ ਪੀਜੀਆਈ, ਫੋਰਟਿਸ, ਸੀਐਮਸੀ, ਡੀਐਮਸੀ ਅਤੇ ਸਮੂਹ ਸਰਕਾਰੀ ਹਸਪਤਾਲਾਂ ਵਿਚ ਕਰਵਾਇਆ ਜਾਂਦਾ ਹੈ।



# ਮੈਰਿਟ 'ਚ ਆਉਣ ਵਾਲੇ ਵਿਦਿਆਰਥੀਆਂ ਨਾਲ ਡੀਸੀ ਵੱਲੋਂ ਵਿਸ਼ੇਸ਼ ਮੁਲਾਕਾਤ

ਪੱਟੀ (ਬਲਦੇਵ ਸਿੰਘ ਸੰਧੂ)- ਜ਼ਿਲ੍ਹੇ ਦੇ ਅੱਠਵੀਂ, ਦਸਵੀਂ ਅਤੇ ਬਾਰ੍ਹਵੀਂ ਜਮਾਤ ਦੇ ਮੈਰਿਟ ਵਿੱਚ ਆਉਣ ਵਾਲੇ ਵਿਦਿਆਰਥੀਆਂ ਨਾਲ ਡਿਪਟੀ ਕਮਿਸ਼ਨਰ ਰਾਹੁਲ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਤਰਨ ਤਾਰਨ ਵਿਖੇ ਵਿਸ਼ੇਸ਼ ਤੌਰ ਤੇ ਮੁਲਾਕਾਤ ਕੀਤੀ ਅਤੇ ਉਨ੍ਹਾਂ ਦੀ ਇਸ ਪ੍ਰਾਪਤੀ 'ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਨਮਾਨਿਤ ਕੀਤਾ ਗਿਆ।ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸਤਨਾਮ ਸਿੰਘ ਬਾਠ ਤੋਂ ਇਲਾਵਾ ਮੈਰਿਟ ਵਿੱਚ ਆਉਣ ਵਾਲੇ ਵਿਦਿਆਰਥੀਆਂ ਦੇ ਮਾਪੇ ਤੇ ਅਧਿਕਾਪਕ ਵੀ ਹਾਜ਼ਰ ਸਨ।ਜ਼ਿਕਰਯੋਗ ਹੈ ਕਿ ਬਾਰ੍ਹਵੀਂ ਜਮਾਤ ਵਿੱਚੋਂ ਜ਼ਿਲ੍ਹਾ ਤਰਨ ਤਾਰਨ ਦੇ ਸਕੂਲ ਆਫ਼ ਐਮੀਨੈਂਸ ਪੱਟੀ ਦੀ ਵਿਦਿਆਰਥਣ ਸਿਮਰਨਪ੍ਰੀਤ ਕੌਰ ਨੇ 98.2 ਫੀਸਦੀ, ਬਾਬਾ ਗੁਰਮੁਖ ਸਿੰਘ ਉਤਮ ਸਿੰਘ ਸੀਨੀਅਰ ਸੈਕੰਡਰੀ ਸਕੂਲ ਖਡੂਰ ਸਾਹਿਬ ਦੀ ਵਿਦਿਆਰਥਣ ਸੰਦੀਪ ਕੌਰ ਨੇ 97.6 ਫੀਸਦੀ, ਜਸਪ੍ਰੀਤ ਕੌਰ ਨੇ 97.6 ਫੀਸਦੀ, ਕਰਨਬੀਰ ਕੌਰ ਨੇ 97.4 ਫੀਸਦੀ, ਹਰਮਨਬੀਰ ਸਿੰਘ ਨੇ 97.4 ਫੀਸਦੀ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੱਟੀ ਦੀ ਤਨਵੀਰ ਕੌਰ ਨੇ 97.4 ਫੀਸਦੀ ਅਤੇ ਸ਼ਿਵਾਲਿਕ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਝਬਾਲ ਦੀ ਕਮਲਪ੍ਰੀਤ ਕੌਰ ਨੇ 97.4 ਫੀਸਦੀ ਅੰਕ ਹਾਸਿਲ ਕੀਤੇ ਹਨ।ਇਸ ਤੋਂ ਇਲਾਵਾ ਦਸਵੀਂ ਜਮਾਤ ਵਿੱਚੋਂ ਸਕੂਲ ਆਫ਼ ਐਮੀਨੈਂਸ ਪੱਟੀ ਦੇ ਕਾਰਤਿਕ ਨੇ 97.69 ਫੀਸਦੀ, ਬਾਬਾ ਗੁਰਮੁਖ ਸਿੰਘ ਉਤਮ ਸਿੰਘ ਸੀਨੀਅਰ ਸੈਕੰਡਰੀ ਸਕੂਲ ਖਡੂਰ ਸਾਹਿਬ ਦੇ ਪਰਮਵੀਰ ਸਿੰਘ ਨੇ 96.77 ਫੀਸਦੀ, ਗੁਰੂਕੁਲ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਭਿੱਖੀਵਿੰਡ ਦੀ ਪਵਨਦੀਪ ਕੌਰ ਨੇ 96.62 ਫੀਸਦੀ, ਆਈ. ਟੀ. ਸੀਨੀਅਰ ਸੈਕੰਡਰੀ ਸਕੂਲ ਭਗਵਾਨਪੁਰਾ ਦੀ ਸੁਨੇਹਾ ਸ਼ਰਮਾ ਨੇ 96.62 ਫੀਸਦੀ ਅਤੇ ਬਾਬਾ ਗੁਰਮੁਖ ਸਿੰਘ ਉੱਤਮ ਸਿੰਘ ਸੀਨੀਅਰ ਸੈਕੰਡਰੀ ਸਕੂਲ ਖਡੂਰ ਸਾਹਿਬ ਦੀ ਤਨੂ ਸ਼ਰਮਾ ਨੇ



96.62 ਫੀਸਦੀ ਅੰਕ ਪ੍ਰਾਪਤ ਕੀਤੇ ਹਨ। ਅੱਠਵੀਂ ਜਮਾਤ ਵਿੱਚੋਂ ਸ੍ਰੀ ਮਹਾਂਵੀਰ ਜੈਨ ਮਾਡਲ ਹਾਈ ਸਕੂਲ ਪੱਟੀ ਦੀ ਨੇਹਾ ਨੇ 98.17 ਫੀਸਦੀ ਅਤੇ ਬਾਬਾ ਗੁਰਮੁਖ ਸਿੰਘ ਉੱਤਮ ਸਿੰਘ ਸੀਨੀਅਰ ਸੈਕੰਡਰੀ ਸਕੂਲ ਖਡੂਰ ਸਾਹਿਬ ਦੀ ਕਿਰਨਦੀਪ ਕੌਰ ਨੇ 98.1 ਫੀਸਦੀ ਅਤੇ ਬਾਬਾ ਗੁਰਮੁਖ ਸਿੰਘ ਉੱਤਮ ਸਿੰਘ ਸੀਨੀਅਰ ਸੈਕੰਡਰੀ ਸਕੂਲ ਖਡੂਰ ਸਾਹਿਬ ਦੇ ਵੰਸ਼ਪ੍ਰੀਤ ਸਿੰਘ ਨੇ 98.1 ਫੀਸਦੀ ਅੰਕ ਹਾਸਿਲ ਕੀਤੇ ਹਨ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਵਿਦਿਆਰਥੀਆਂ ਦੀ ਹੌਸਲਾ ਅਫਜ਼ਾਈ ਕਰਦਿਆਂ ਬਾਰ੍ਹਵੀਂ ਜਮਾਤ ਵਿੱਚ ਮੈਰਿਟ 'ਚ ਆਉਣ ਵਾਲੇ ਵਿਦਿਆਰਥੀਆਂ ਨੂੰ ਮੋਬਾਇਲ ਫੋਨ ਅਤੇ ਅੱਠਵੀਂ ਤੇ ਦਸਵੀਂ ਜਮਾਤ ਵਿੱਚੋਂ ਮੈਰਿਟ 'ਚ ਆਉਣ ਵਾਲੇ ਵਿਦਿਆਰਥੀਆਂ ਨੂੰ ਟੈਬਲੇਟ ਦੇਣ ਦਾ ਐਲਾਨ ਕੀਤਾ।

# 8 ਰੋਜ਼ਾ ਜੀਵਨ ਜਾਚ ਕੈਂਪ ਪਹਿਲੀ ਤੋਂ 8 ਜੂਨ ਤੱਕ

ਪੱਟੀ (ਬਲਦੇਵ ਸਿੰਘ ਸੰਧੂ)-ਦਸਤੂਰ-ਇ-ਦਸਤਾਰ ਲਹਿਰ ਪੰਜਾਬ ਸ਼ਹੀਦ ਭਾਈ ਤਾਰੂ ਸਿੰਘ ਗੁਰਮਤਿ ਪ੍ਰਚਾਰ ਐਂਡ ਵੈਲਫੇਅਰ ਸੋਸਾਇਟੀ ਪੰਜਾਬ ਵੱਲੋਂ ਗੁਰਦੁਆਰਾ ਪ੍ਰਬੰਧਕ ਕਮੇਟੀ, ਸਿੱਖ ਜਗਤ ਦੇ ਪ੍ਰਸਿੱਧ ਪ੍ਰਚਾਰਕ ਭਾਈ ਪਲਵਿੰਦਰ ਸਿੰਘ ਅਜ਼ੀਜ਼, ਬੀਬੀ ਦਰਸ਼ਨਾ ਕੌਰ, ਸਮੂਹ ਨੌਜਵਾਨ ਅਤੇ ਇਲਾਕਾ ਨਿਵਾਸੀਆਂ ਦੇ ਸਹਿਯੋਗ ਸਦਕਾ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਅੱਠ ਰੋਜ਼ਾ ਜੀਵਨ ਜਾਚ ਕੈਂਪ 1 ਜੂਨ ਤੋਂ 8 ਜੂਨ ਤੱਕ ਗੁਰਦੁਆਰਾ ਜਨਮ ਅਸਥਾਨ ਬਾਬਾ ਭੂਪ ਸਿੰਘ ਜੀ ਸ਼ਹੀਦ ਪਿੰਡ ਬਾਗੜੀਆਂਵਾਲਾ (ਜ਼ਿਲ੍ਹਾ ਤਰਨ ਤਾਰਨ) ਵਿਖੇ ਲਗਾਇਆ ਜਾ ਰਿਹਾ ਹੈ, ਜਿਸ ਵਿਚ ਭਾਈ ਨਿਰਮਲ ਸਿੰਘ ਸੁਰਸਿੰਘ, ਭਾਈ ਹਰਜਿੰਦਰ ਸਿੰਘ ਅਸਟਰੇਲੀਆ, ਭਾਈ ਸੁਖਵਿੰਦਰ ਸਿੰਘ ਖਾਲੜਾ, ਭਾਈ ਗੁਰਪ੍ਰੀਤ ਸਿੰਘ ਜੋਤੀ ਸ਼ਾਹ, ਭਾਈ ਜਗਜੀਤ ਸਿੰਘ ਅਹਿਮਦਪੁਰ, ਪ੍ਰਿੰਸੀਪਲ ਗੁਰਪ੍ਰਤਾਪ ਸਿੰਘ ਧਨੋਆ, ਮਨੁੱਖਤਾ ਦੀ ਸੇਵਾ ਖ਼ੂਨਦਾਨ ਸੁਸਾਇਟੀ ਵੱਲੋਂ ਵੀਰ ਸੁਖਬੀਰ ਸਿੰਘ ਅਤੇ ਅੰਤਰਰਾਸ਼ਟਰੀ ਦਸਤਾਰ ਕੋਚ ਹਰਜੀਤ ਸਿੰਘ ਲਹਿਰੀ ਅਤੇ ਹਰਪ੍ਰੀਤ ਸਿੰਘ ਪੱਟੀ ਪਹੁੰਚ ਕੇ ਸਮੇਂ ਸਮੇਂ ਤੇ ਬੱਚਿਆਂ ਦੇ ਨਾਲ ਗੁਰਬਾਣੀ, ਗੁਰ ਇਤਿਹਾਸ, ਸਿੱਖ ਇਤਿਹਾਸ, ਸਿੱਖ ਰਹਿਤ ਮਰਿਆਦਾ, ਸਿੱਖ ਜੀਵਨ ਜਾਚ ਅਤੇ ਸਮਾਜਿਕ ਕੁਰੀਤੀਆਂ ਬਾਰੇ ਬੱਚਿਆਂ ਨਾਲ ਵਿਚਾਰਾਂ ਦੀ ਸਾਂਝ ਪਾਉਣਗੇ।ਉਪਰੋਕਤ ਸ਼ਬਦਾਂ ਦਾ ਪ੍ਰਗਟਾਵਾ ਸੁਸਾਇਟੀ ਦੇ ਕਨਵੀਨਰ ਭਾਈ ਸੰਦੀਪ ਸਿੰਘ ਖਾਲੜਾ, ਪ੍ਰਧਾਨ ਭਾਈ ਸੰਤੋਖ



ਸਿੰਘ ਪੱਟੀ ਨੇ ਪ੍ਰੈੱਸ ਨਾਲ ਗੱਲਬਾਤ ਦੌਰਾਨ ਕੀਤਾ।ਇਸ ਕੈਂਪ ਦੇ ਕੋਆਰਡੀਨੇਟਰ ਭਾਈ ਹਰਚਰਨ ਸਿੰਘ ਉਬੋਕੇ, ਭਾਈ ਤਰਸੇਮ ਸਿੰਘ ਬਾਹਮਣੀ ਵਾਲਾ, ਪੱਤਰਕਾਰ ਕੁਲਵੰਤ ਸਿੰਘ ਗਿੱਲ, ਭਾਈ ਬਾਜ ਸਿੰਘ ਅਤੇ ਬੀਬੀ ਗੁਰਬੀਰ ਕੌਰ ਹੋਠੀਆਂ।ਉਨ੍ਹਾਂ ਨੇ ਨਗਰ ਨਿਵਾਸੀਆਂ ਨੂੰ ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਇਸ ਕੈਂਪ ਦੇ ਵਿੱਚ ਭੇਜਣ ਲਈ ਬੇਨਤੀ ਕੀਤੀ।ਇਸ ਮੌਕੇ ਭਾਈ ਨਿਰਮਲ ਸਿੰਘ ਸੁਰ ਸਿੰਘ, ਭਾਈ ਹੀਰਾ ਸਿੰਘ ਸੋਹਲ, ਭਾਈ ਮਨਦੀਪ ਸਿੰਘ ਘੋਲੀਆਂ ਕਲਾਂ, ਜ਼ੋਨਲ ਇੰਚਾਰਜ ਭਿੱਖੀਵਿੰਡ ਭਾਈ ਗੁਰਜੰਟ ਸਿੰਘ, ਜਗਦੀਸ਼ ਸਿੰਘ ਸਾਜਨ, ਪ੍ਰੀਤ ਸਿੰਘ, ਆਕਾਸ਼ਦੀਪ ਸਿੰਘ, ਨਰਿੰਦਰ ਪਾਲ ਸਿੰਘ, ਸੁਖਮਨਦੀਪ ਸਿੰਘ ਅਤੇ ਤਾਜਵੀਰ ਸਿੰਘ ਆਦਿ ਹਾਜ਼ਰ ਸਨ।

# ਬਸਤਰ ਪੁਲਸ ਵੱਲੋਂ ਮਾਓਵਾਦੀਆਂ ਦਾ ਧੱਕੇ ਨਾਲ ਅੰਤਿਮ ਸੰਸਕਾਰ ਗ਼ੈਰ-ਕਾਨੂੰਨੀ: ਜਮਹੂਰੀ ਫਰੰਟ

## * ਦੋਸ਼ੀ ਪੁਲਸ ਅਧਿਕਾਰੀਆਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਦੀ ਮੰਗ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਅਪਰੇਸ਼ਨ ਗਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਦੇ ਕਨਵੀਨਰ ਡਾ. ਪਰਮਿੰਦਰ ਸਿੰਘ ਅਤੇ ਸੂਬਾ ਕਮੇਟੀ ਆਗੂਆਂ ਯਸ਼ਪਾਲ ਝਬਾਲ, ਐਡਵੋਕੇਟ ਅਮਰਜੀਤ ਬਾਈ ਅਤੇ ਸੁਮੀਤ ਅੰਮ੍ਰਿਤਸਰ ਨੇ ਛੱਤੀਸਗੜ੍ਹ ਪੁਲਸ ਵੱਲੋਂ ਸੀਪੀਆਈ (ਮਾਓਵਾਦੀ) ਦੇ ਜਨਰਲ ਸਕੱਤਰ ਕੇਸ਼ਵ ਰਾਓ ਅਤੇ ਸੱਤ ਹੋਰ ਮਾਓਵਾਦੀਆਂ ਦੀਆਂ ਲਾਸ਼ਾਂ ਉਨ੍ਹਾਂ ਦੇ ਵਾਰਿਸਾਂ ਨੂੰ ਅੰਤਮ ਸੰਸਕਾਰ ਲਈ ਨਾ ਦੇਣ ਅਤੇ ਪਰਿਵਾਰਾਂ ਦੀ ਸਹਿਮਤੀ ਲਏ ਤੋਂ ਬਿਨਾਂ ਹੀ ਨਰਾਇਣਪੁਰ ਵਿਚ ਉਨ੍ਹਾਂ ਦਾ ਸੰਸਕਾਰ ਕਰ ਦੇਣ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ।ਜਮਹੂਰੀ ਆਗੂਆਂ ਨੇ ਦੋਸ਼ ਲਾਇਆ ਕਿ ਪੁਲਸ ਦੀ ਇਹ ਕਹਾਣੀ 'ਮੁਕਾਬਲੇ' ਦੀ ਕਹਾਣੀ ਵਾਂਗ ਪੂਰੀ ਤਰ੍ਹਾਂ ਝੂਠੀ ਅਤੇ ਮਨਘੜਤ ਹੈ ਕਿਉਂਕਿ ਕਾ. ਕੇਸ਼ਵ ਰਾਓ ਦੇ ਭਰਾ ਨੰਬਾਲਾ ਰਾਮ ਪ੍ਰਸਾਦ ਅਤੇ ਹੋਰ ਰਿਸ਼ਤੇਦਾਰਾਂ ਸਮੇਤ ਪੰਜ ਮਾਓਵਾਦੀਆਂ ਦੇ ਵਾਰਿਸਾਂ ਨੇ ਲਾਸ਼ਾਂ ਸੰਬੰਧਤ ਪਰਿਵਾਰਾਂ ਦੇ ਸਪੁਰਦ ਕੀਤੇ ਜਾਣ ਦਾ ਆਦੇਸ਼ ਆਂਧਰਾ ਪ੍ਰਦੇਸ਼ ਹਾਈਕੋਰਟ ਤੋਂ ਜਾਰੀ ਕਰਵਾਕੇ ਪੁਲਸ ਅਧਿਕਾਰੀਆਂ ਅੱਗੇ ਬਾਕਾਇਦਾ ਆਪਣੇ ਸ਼ਨਾਖ਼ਤੀ ਦਸਤਾਵੇਜ਼ ਪੇਸ਼ ਕਰ ਦਿੱਤੇ ਸਨ ਅਤੇ ਉਨ੍ਹਾਂ ਵੱਲੋਂ ਪੁਲਸ ਅਧਿਕਾਰੀਆਂ ਦੀ ਟਾਲ-ਮਟੋਲ ਵਿਰੁੱਧ ਨਰਾਇਣਪੁਰ ਪੁਲਸ ਦੇ ਸਦਰ ਮੁਕਾਮ ਅੱਗੇ ਮੁਜ਼ਾਹਰਾ ਵੀ ਕੀਤਾ ਗਿਆ। ਕਈ ਟੀ.ਵੀ. ਚੈਨਲਾਂ ਵੱਲੋਂ ਪਰਿਵਾਰਕ ਮੈਂਬਰਾਂ ਨਾਲ ਇੰਟਰਵਿਊ ਕੀਤੀਆਂ ਗਈਆਂ। ਇਸ ਤੋਂ ਇਲਾਵਾ ਮਨੁੱਖੀ ਹੱਕਾਂ ਦੀ ਉਘੀ ਕਾਰਕੁਨ ਬੇਲਾ ਭਾਟੀਆ ਦਿਨ-ਰਾਤ ਉਥੇ ਮੌਜੂਦ ਰਹੀ ਅਤੇ ਉਸ ਵੱਲੋਂ ਲਾਸ਼ਾਂ ਲੈਣ ਦੀ ਕੋਸ਼ਿਸ਼ 'ਚ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਵਾਰ-ਵਾਰ ਸੰਪਰਕ ਕਰਕੇ ਪਰਿਵਾਰਾਂ ਦੀ ਮੱਦਦ ਕੀਤੀ ਗਈ। ਜਮਹੂਰੀ ਆਗੂਆਂ ਨੇ ਕਿਹਾ ਕਿ ਮੌਤ ਉਪਰੰਤ ਹਰ ਮਨੁੱਖ ਆਪਣੀਆਂ ਸਮਾਜਿਕ-



ਸਭਿਆਚਾਰਕ ਰਵਾਇਤਾਂ ਅਨੁਸਾਰ ਮਾਣ-ਸਨਮਾਨ ਨਾਲ ਅੰਤਮ ਸੰਸਕਾਰ ਕੀਤੇ ਜਾਣ ਦਾ ਹੱਕਦਾਰ ਹੈ।ਉਨ੍ਹਾਂ ਕਿਹਾ ਕਿ ਇਹ ਪੁਲਸ ਦੀ ਕਥਿਤ ਮੁਕਾਬਲੇ ਦੀ ਸਚਾਈ ਨੂੰ ਸਾਹਮਣੇ ਆਉਣ ਤੋਂ ਰੋਕਣ ਅਤੇ ਆਪਣੇ ਗੁਨਾਹ ਉਪਰ ਪਰਦਾ ਪਾਉਣ ਦੀ ਅਤਿ ਨਿੰਦਣਯੋਗ ਕਾਰਵਾਈ ਹੈ।ਉਨ੍ਹਾਂ ਮੰਗ ਕੀਤੀ ਕਿ ਹਾਈਕੋਰਟ ਦੇ ਆਦੇਸ਼ਾਂ ਦੀਆਂ ਧੱਜੀਆਂ ਉਡਾਉਣ ਵਾਲੇ ਪੁਲਸ ਅਧਿਕਾਰੀਆਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ, ਬਸਤਰ ਪੁਲਸ ਦੀਆਂ ਮਨਮਾਨੀਆਂ ਨੂੰ ਨੱਥ ਪਾਈ ਜਾਵੇ ਅਤੇ ਅਪਰੇਸ਼ਨ ਕਗਾਰ ਤੁਰੰਤ ਬੰਦ ਕੀਤਾ ਜਾਵੇ।

# ਸਤਲੁਜ ਪਬਲਿਕ ਸੀਨੀਅਰ ਸੈਕੰਡਰੀ ਸਕੂਲ 'ਚ ਬੱਚਿਆਂ ਦਾ ਸਮਰ ਕੈਂਪ ਲੱਗਾ

ਪੱਟੀ, (ਬਲਦੇਵ ਸਿੰਘ ਸੰਧੂ)-ਸਤਲੁਜ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਠੱਕਰਪੁਰਾ ਵਿਖੇ ਬੱਚਿਆਂ ਦਾ ਸਮਰ ਕੈਂਪ ਲੱਗਾ। ਬੱਚਿਆਂ ਵੱਲੋਂ ਸਮਰ ਕੈਂਪ ਦਾ ਪੂਰਾ ਅਨੰਦ ਮਾਣਿਆ ਗਿਆ।ਕੈਂਪ ਦੌਰਾਨ ਪ੍ਰੀ-ਪ੍ਰਾਇਮਰੀ ਕਲਾਸਾਂ ਦੇ ਬੱਚਿਆਂ ਨੂੰ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਗਈਆਂ ਜਿਨ੍ਹਾਂ ਵਿਚ ਸਵੀਮਿੰਗ ਪੂਲ, ਝੂਲੇ ਆਦਿ ਦੇਖਣਯੋਗ ਸਨ।



ਪ੍ਰਾਇਮਰੀ ਕਲਾਸਾਂ ਦੇ ਬੱਚਿਆ ਲਈ ਨੋ ਫਾਇਰ ਕੁਕਿੰਗ ਮੁਕਾਬਲੇ ਕਰਵਾਏ ਗਏ ਜਿਸ ਵਿਚ ਬੱਚਿਆਂ ਵੱਲੋਂ ਵੱਖ-ਵੱਖ ਪ੍ਰਕਾਰ ਦੇ ਪਕਵਾਨ ਤਿਆਰ ਕੀਤੇ ਗਏ।ਇਸ ਦੌਰਾਨ ਅਧਿਆਪਕਾਂ ਵੱਲੋਂ ਵੀ ਯੋਗਦਾਨ ਪਾਇਆ ਗਿਆ।ਇਸ ਮੁਕਾਬਲੇ ਵਿਚ ਬੱਚਿਆਂ ਵੱਲੋਂ ਬੜੇ ਉਤਸ਼ਾਹ ਨਾਲ ਹਿੱਸਾ ਲਿਆ ਗਿਆ।ਸੀਨੀਅਰ ਵਿਦਿਆਰਥੀਆਂ ਲਈ ਇਨਡੋਰ ਗੇਮਜ਼ ਕਰਵਾਈਆਂ ਗਈਆਂ ਜਿਵੇਂ ਚੈਸ, ਕੈਰਮ ਬੋਰਡ ਅਤੇ ਲੁੱਡੋ ਆਦਿ ।ਇਨ੍ਹਾਂ ਮੁਕਾਬਲਿਆਂ 'ਚ ਵੀ ਬੱਚਿਆਂ ਵੱਲੋਂ ਬੜਾ ਉਤਸ਼ਾਹ ਦਿਖਾਇਆ ਗਿਆ।ਇਸ ਮੌਕੇ ਮੈਨੇਜਮੈਂਟ ਮੈਂਬਰ ਹਰਬੀਰ ਸਿੰਘ, ਹਰਨੂਰ ਸਿੰਘ, ਮੈਡਮ ਪਰਮਿੰਦਰ ਕੌਰ, ਪ੍ਰਿੰਸੀਪਲ ਰਾਜਬੀਰ ਕੌਰ ਅਤੇ ਵਾਈਸ ਪ੍ਰਿੰਸੀਪਲ ਦਲਬੀਰ ਕੌਰ ਨੇ ਇਸ ਕੈਂਪ ਵਿਚ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ ਤੇ ਕੈਂਪ ਦੌਰਾਨ ਬੱਚਿਆਂ ਦੀ ਹੌਸਲਾ ਅਫਜ਼ਾਈ ਕੀਤੀ ਗਈ।

# ਗੁਰੂ ਰਾਮਦਾਸ ਡਿਗਰੀ ਕਾਲਜ ਪੰਧੇਰ ਦਾ ਬੀ. ਕਾਮ. ਦਾ ਨਤੀਜਾ ਰਿਹਾ ਸ਼ਾਨਦਾਰ



ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)-ਸ੍ਰੀ ਗੁਰੂ ਰਾਮਦਾਸ ਡਿਗਰੀ ਕਾਲਜ ਪੰਧੇਰ ਦੇ ਵਿਦਿਆਰਥੀਆਂ ਦੇ ਬੀਕਾਮ. ਦੇ ਨਤੀਜੇ ਸ਼ਾਨਦਾਰ ਰਹੇ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਕਾਲਜ ਦੇ ਪ੍ਰਿੰਸੀਪਲ ਡਾ. ਅਨਮੋਲਦੀਪ ਕੌਰ ਨੇ ਦੱਸਿਆ ਕਿ ਕਾਲਜ ਮੈਨੇਜਮੈਂਟ ਵੱਲੋਂ ਵਿਦਿਆਰਥੀਆਂ ਨੂੰ ਵਿੱਦਿਆ ਦੇਣ ਵਾਸਤੇ ਹਰ ਤਰ੍ਹਾਂ ਦੀ ਸਹੂਲਤ ਅਤੇ ਈ ਲਾਇਬ੍ਰੇਰੀ ਦੀ ਸਹੂਲਤ ਦਿੱਤੀ ਗਈ ਹੈ।ਉਨ੍ਹਾਂ ਦੱਸਿਆ ਕਿ ਬੀਕਾਮ ਪਹਿਲਾ ਸਾਲ ਦੀ ਵਿਦਿਆਰਥਣ ਗੁਰਨੂਰਪ੍ਰੀਤ ਕੌਰ ਨੇ 70 ਫੀਸਦੀ ਅੰਕ ਨਾਲ ਪਹਿਲਾ ਸਥਾਨ ਹਾਸਿਲ ਕੀਤਾ।ਤੀਸਰੇ ਸਮੈਸਟਰ ਦੀ ਜਸਨੂਰ ਕੌਰ ਨੇ 65 ਫੀਸਦੀ ਅੰਕ ਨਾਲ ਪਹਿਲਾ ਅਤੇ ਬੀਕਾਮ. ਪੰਜਵੇਂ ਸਮੈਸਟਰ ਦੀ ਸਿਮਰਨਜੀਤ ਕੌਰ ਨੇ 70 ਫੀਸਦੀ ਅੰਕਾਂ ਨਾਲ ਪਹਿਲਾ ਸਥਾਨ ਹਾਸਿਲ ਕੀਤਾ।

ਇਸ ਮੌਕੇ ਕਾਲਜ ਦੇ ਮੈਨੇਜਿੰਗ ਡਾਇਰੈਕਟਰ ਅਵਤਾਰ ਸਿੰਘ ਕੰਗ ਨੇ ਸਾਰੇ ਵਿਦਿਆਰਥੀਆਂ, ਸਟਾਫ ਅਤੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਉਨ੍ਹਾਂ ਦੀ ਇਸ ਕਾਮਯਾਬੀ ਲਈ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਨੂੰ ਅੱਗੇ ਤੋਂ ਹੋਰ ਸਖ਼ਤ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।

# ਮਜੀਠੀਆ ਵੱਲੋਂ ਜਥੇ. ਤਰਲੋਚਨ ਸਿੰਘ ਮੱਤੇਵਾਲ ਦੇ ਅਕਾਲ ਚਲਾਣੇ 'ਤੇ ਦੁੱਖ ਪ੍ਰਗਟ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਅਕਾਲੀ ਦਲ (ਅ) ਦਿਹਾਤੀ ਤੋਂ ਸਾਬਕਾ ਜਨਰਲ ਸਕੱਤਰ ਅਤੇ ਉਘੇ ਕਾਰੋਬਾਰੀ ਜਥੇਦਾਰ ਤਰਲੋਚਨ ਸਿੰਘ ਮੱਤੇਵਾਲ ਜੋ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ ਸਨ, ਦੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਸਾਬਕਾ ਕੈਬਨਿਟ ਮੰਤਰੀ



ਬਿਕਰਮ ਸਿੰਘ ਮਜੀਠੀਆ ਉਨ੍ਹਾਂ ਦੇ ਗ੍ਰਹਿ ਵਿਖੇ ਪਹੁੰਚੇ ਜਿਨਾਂ ਨੇ ਜਥੇਦਾਰ ਮੱਤੇਵਾਲ ਦੇ ਪੁੱਤਰ ਸਤਿੰਦਰਪਾਲ ਸਿੰਘ ਮੱਤੇਵਾਲ, ਮਨਿੰਦਰ ਸਿੰਘ ਮੱਤੇਵਾਲ ਤੇ ਜਗਜੀਤ ਸਿੰਘ ਨਾਲ ਦੁੱਖ ਸਾਂਝਾ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਵਾ ਸੁਖਵਿੰਦਰ ਸਿੰਘ ਗੋਲਡੀ ਸਿਆਸੀ ਸਲਾਹਕਾਰ ਬਿਕਰਮ ਸਿੰਘ ਮਜੀਠੀਆ, ਗੁਰਪ੍ਰੀਤ ਸਿੰਘ ਮੱਤੇਵਾਲ ਭਤੀਜਾ, ਪਰਮਬੀਰ ਸਿੰਘ ਮੱਤੇਵਾਲ ਪ੍ਰਿੰਸੀਪਲ ਮਾਈ ਭਾਗੋ ਕਾਲਜ, ਡਾ. ਕੁਲਦੀਪ ਸਿੰਘ ਮੱਤੇਵਾਲ, ਪ੍ਰੋ. ਸਤਬੀਰ ਸਿੰਘ ਮੱਤੇਵਾਲ, ਕੌਂਸਲਰ ਨਵਪ੍ਰੀਤ ਸਿੰਘ, ਸੁਖਦੇਵ ਸਿੰਘ ਮੱਤੇਵਾਲ, ਸਵਿੰਦਰ ਸਿੰਘ ਸਾਬਕਾ ਸਰਪੰਚ ਚੋਗਾਵਾਂ, ਹਰਜਿੰਦਰ ਸਿੰਘ ਜੋੜੀਆਂ, ਸੋਹਣ ਸਿੰਘ, ਅਮਰੀਕ ਸਿੰਘ, ਪੰਚ ਮੰਗਤਾ ਸਿੰਘ, ਦਲਜੀਤ ਸਿੰਘ ਮੱਤੇਵਾਲ, ਸੁਲੱਖਣ ਸਿੰਘ, ਗੁਰਨਾਮ ਸਿੰਘ ਰਾਜੂ ਸਮੇਤ ਵੱਡੀ ਗਿਣਤੀ ਵਿਚ ਮੋਹਤਬਰ ਆਗੂ ਮੌਜੂਦ ਸਨ।

# 'ਆਪ' ਦੇ ਕਾਰਜਕਾਲ 'ਚ ਸਰਕਾਰੀ ਸਕੂਲਾਂ ਦਾ ਮਿਆਰ ਉੱਚਾ ਹੋ ਰਿਹੈ: ਚੇਅਰਮੈਨ ਕੰਬੋਕੇ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਸਿੱਖਿਆ ਕ੍ਰਾਂਤੀ ਮੁਹਿੰਮ ਤਹਿਤ ਮਾਰਕੀਟ ਕਮੇਟੀ ਖੇਮਕਰਨ ਦੇ ਚੇਅਰਮੈਨ ਭਗਵੰਤ ਸਿੰਘ ਕੰਬੋਕੇ ਵੱਲੋਂ ਸਰਕਾਰੀ ਐਲੀਮੈਂਟਰੀ ਸਕੂਲ ਬੂੜਚੰਦ, ਸਰਕਾਰੀ ਐਲੀਮੈਂਟਰੀ ਸਕੂਲ ਮੰਡੀ ਭਿੱਖੀਵਿੰਡ, ਸਰਕਾਰੀ ਐਲੀਮੈਂਟਰੀ ਸਕੂਲ ਪਿੰਡ ਭਿੱਖੀਵਿੰਡ, ਸਕੂਲ ਆਫ ਐਮੀਨੈਂਸ ਭਿੱਖੀਵਿੰਡ,



ਸਰਕਾਰੀ ਐਲੀਮੈਂਟਰੀ ਸਕੂਲ ਦਰਾਜਕੇ, ਸਰਕਾਰੀ ਮਿਡਲ ਸਕੂਲ ਦਰਾਜਕੇ, ਸਰਕਾਰੀ ਐਲੀਮੈਂਟਰੀ ਸਕੂਲ ਮਾੜੀ ਮੇਘਾ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾੜੀ ਮੇਘਾ ਵਿਖੇ ਕਰੋੜਾਂ ਰੁਪਏ ਦੀ ਲਾਗਤ ਨਾਲ ਹੋਏ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ ਗਿਆ।ਇਸ ਮੌਕੇ ਉਨ੍ਹਾਂ ਸਕੂਲਾਂ ਦੀਆਂ ਸ਼ਾਨਦਾਰ ਲਾਇਬ੍ਰੇਰੀਆਂ, ਕੰਪਿਊਟਰ ਲੈਬਾਂ, ਸਾਇੰਸ ਲੈਬਾਂ, ਸਕੂਲਾਂ ਦੇ ਬੁਨਿਆਦੀ ਢਾਂਚੇ, ਸਕੂਲ ਮੁਖੀਆਂ ਅਤੇ ਅਧਿਆਪਕਾਂ ਦੀ ਰੱਜਵੀਂ ਪ੍ਰਸ਼ੰਸਾ ਕੀਤੀ।ਚੇਅਰਮੈਨ ਕੰਬੋਕੇ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਸਿੱਖਿਆ ਕ੍ਰਾਂਤੀ ਮੁਹਿੰਮ ਰਾਹੀਂ ਸਕੂਲਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਦੇ ਨਾਲ-ਨਾਲ ਵਿਦਿਆਰਥੀਆਂ ਨੂੰ ਹਰ ਪ੍ਰਕਾਰ ਦੀਆਂ ਸਹੂਲਤਾਂ ਪ੍ਰਦਾਨ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਬੱਚਿਆਂ ਦੇ ਉਜਵਲ ਭਵਿੱਖ ਲਈ ਦਿਨ-ਰਾਤ ਮਿਹਨਤ ਕਰ ਰਹੀ ਹੈ।ਇਸ ਮੌਕੇ ਬਲਾਕ ਐਲੀਮੈਂਟਰੀ ਸਿੱਖਿਆ ਅਫਸਰ ਜਸਵਿੰਦਰ ਸਿੰਘ ਸੰਧੂ ਨੇ ਕਿਹਾ ਕਿ ਸੂਬਾ ਸਰਕਾਰ ਦੀ ਮਦਦ ਨਾਲ ਹਲਕੇ ਦੇ ਸਾਰੇ ਸਕੂਲਾਂ ਦੀ ਨੁਹਾਰ ਬਦਲੀ ਜਾਵੇਗੀ।ਇਸ ਮੌਕੇ ਬਲਾਕ ਕੋਆਰਡੀਨੇਟਰ ਬੀਈਈਓ ਭਿੱਖੀਵਿੰਡ ਜਸਵਿੰਦਰ ਸਿੰਘ ਸੰਧੂ, ਨੋਡਲ ਅਫ਼ਸਰ ਸਭਿੰਦਰਜੀਤ ਸਿੰਘ, ਸਹਾਇਕ ਕੋਆਰਡੀਨੇਟਰ ਧੀਰਜ ਮਹਿਤਾ, ਸੀਐੱਚਟੀ ਰਜਿੰਦਰ ਕੁਮਾਰ, ਸੀਐੱਚਟੀ ਰਜੇਸ਼ ਕੁਮਾਰ, ਬੀਆਰਸੀ ਪਵਨ ਕੁਮਾਰ ਅਤੇ ਗੁਰਭੇਜ ਸਿੰਘ, ਐੱਚਟੀ ਵੀਰ ਕੌਰ, ਮਨਪ੍ਰੀਤ ਕੌਰ, ਸਕੂਲ ਮੈਨੇਜਮੈਂਟ ਕਮੇਟੀ ਅਤੇ ਬੱਚਿਆਂ ਦੇ ਮਾਪੇ ਹਾਜ਼ਰ ਸਨ।

# ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਪਿੰਡ ਚੇਲਾ 'ਚ ਕੱਢੀ ਨਸ਼ਾ ਮੁਕਤੀ ਯਾਤਰਾ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਪੰਜਾਬ 'ਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਸ਼ੁਰੂ ਕੀਤੀ ਗਈ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਤਹਿਤ ਜ਼ਿਲ੍ਹੇ ਦੇ ਪਿੰਡ ਚੇਲਾ ਵਿੱਚ ਹਲਕਾ ਵਿਧਾਇਕ ਦੀ ਅਗਵਾਈ ਹੇਠ



ਨਸ਼ਾ ਮੁਕਤੀ ਯਾਤਰਾ ਕੱਢੀ ਗਈ, ਜਿਸ ਵਿੱਚ ਪਿੰਡ ਦੇ ਸਰਪੰਚ ਪ੍ਰਭਜੀਤ ਸਿੰਘ ਭੁੱਲਰ ਸਮੇਤ ਪੰਚ ਅਤੇ ਮੋਹਤਬਰ ਵਿਅਕਤੀਆਂ ਨੇ ਵੱਡੀ ਗਿਣਤੀ ਵਿੱਚ ਭਾਗ ਲਿਆ।ਇਸ ਦੌਰਾਨ ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਹਲਕਾ ਖੇਮਕਰਨ ਦੇ ਵਿਧਾਇਕ ਸਰਵਣ ਸਿੰਘ ਧੁੰਨ ਨੇ ਕਿਹਾ ਕਿ ਨਸ਼ਿਆਂ ਦੇ ਖ਼ਾਤਮੇ ਲਈ ਸੂਬਾ ਸਰਕਾਰ ਵੱਲੋਂ ਸ਼ੁਰੂ ਕੀਤੀ ਨਸ਼ਾ ਮੁਕਤੀ ਯਾਤਰਾ ਨੂੰ ਪਿੰਡਾਂ ਵਿੱਚ ਭਰਵਾਂ ਹੁੰਗਾਰਾ ਮਿਲ ਰਿਹਾ ਹੈ।ਉਨਾਂ ਕਿਹਾ ਕਿ ਲੋਕ ਆਪ ਮੁਹਾਰੇ ਅੱਗੇ ਆ ਕੇ ਇਸ ਯਾਤਰਾ ਦਾ ਹਿੱਸਾ ਬਣ ਰਹੇ ਹਨ ਅਤੇ ਪੰਜਾਬ ਵਿੱਚੋਂ ਨਸ਼ੇ ਦੀਆਂ ਜੜ੍ਹਾਂ ਪੁੱਟਣ ਲਈ ਦਿਨ ਰਾਤ ਇੱਕ ਕਰਕੇ ਕੰਮ ਵੀ ਕਰਨ ਲੱਗ ਪਏ ਹਨ, ਹੁਣ ਉਹ ਦਿਨ ਦੂਰ ਨਹੀਂ ਜਦੋਂ ਸੂਬੇ ਵਿੱਚੋਂ ਨਸ਼ਿਆਂ ਦਾ ਮੁਕੰਮਲ ਤੌਰ 'ਤੇ ਖ਼ਾਤਮਾ ਹੋ ਜਾਵੇਗਾ।ਇਸ ਮੌਕੇ ਉਹਨਾਂ ਪਿੰਡ ਪੱਧਰੀ ਰੱਖਿਆ ਕਮੇਟੀਆਂ ਦੇ ਮੈਂਬਰਾਂ ਨੂੰ ਕਿਹਾ ਕਿ ਸੂਬੇ ਵਿੱਚੋਂ ਨਸ਼ਿਆਂ ਦੇ ਖ਼ਾਤਮੇ ਲਈ ਸਰਕਾਰ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਵਿੱਚ ਵੱਧ ਤੋਂ ਵੱਧ ਸਹਿਯੋਗ ਦਿੱਤਾ ਜਾਵੇ ਅਤੇ ਪਿੰਡ ਵਾਸੀਆਂ ਨੂੰ ਨਸ਼ੇ ਖਿਲਾਫ਼ ਨਿਰੰਤਰ ਲੜੀ ਜਾ ਰਹੀ ਜੰਗ ਵਿੱਚ ਇੱਕਜੁੱਟ ਹੋ ਕੇ ਸਰਕਾਰ ਦਾ ਸਹਿਯੋਗ ਦੇਣ ਲਈ ਪ੍ਰੇਰਿਤ ਕੀਤਾ ਜਾਵੇ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਨਸ਼ਿਆਂ ਦੇ ਆਦੀ ਵਿਅਕਤੀਆਂ ਦਾ ਨਸ਼ਾ ਛੁਡਵਾਉਣ ਲਈ ਉਨ੍ਹਾਂ ਨੂੰ ਸਰਕਾਰੀ ਨਸ਼ਾ ਛੁਡਾਊ ਕੇਂਦਰਾਂ ਵਿੱਚ ਲਿਆਂਦਾ ਜਾਵੇ, ਜਿੱਥੇ ਨਸ਼ਿਆਂ ਦੀ ਦਲਦਲ ਵਿੱਚ ਫਸੇ ਵਿਅਕਤੀਆਂ ਦਾ ਪੰਜਾਬ ਸਰਕਾਰ ਵੱਲੋਂ ਮੁਫ਼ਤ ਇਲਾਜ ਕਰਵਾਇਆ ਜਾ ਸਕੇ ।

ਇਸ ਮੌਕੇ ਸਰਪੰਚ ਪ੍ਰਭਜੀਤ ਸਿੰਘ ਭੁੱਲਰ, ਪੰਚਾਇਤ ਮੈਂਬਰ ਲਖਬੀਰ ਸਿੰਘ, ਪਲਵਿੰਦਰ ਸਿੰਘ, ਸਰਬਜੀਤ ਸਿੰਘ, ਰਣਜੀਤ ਸਿੰਘ, ਜਰਨੈਲ ਸਿੰਘ, ਚਰਨਜੀਤ ਸਿੰਘ, ਹਰਵਿੰਦਰ ਸਿੰਘ ਬੁਰਜ, ਰੇਸ਼ਮ ਸਿੰਘ ਪੀਏ, ਅਰਪਨਬੀਰ ਸਿੰਘ, ਅਨਮੋਲ ਭੁੱਲਰ, ਕਿੰਦਰਬੀਰ ਸਿੰਘ, ਹੁਸਨਪ੍ਰੀਤ ਸਿੰਘ, ਨਿਸ਼ਾਨ ਸਿੰਘ ਆਦਿ ਹਾਜ਼ਰ ਸਨ।

# ਪਿੰਡ ਵਾਸੀਆਂ ਨੂੰ ਨਸ਼ਿਆਂ ਵਿਰੁੱਧ ਹੰਭਲਾ ਮਾਰਨ ਲਈ ਸਹੁੰ ਚੁਕਾਈ



ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)-ਫਤਿਹਗੜ੍ਹ ਚੂੜੀਆਂ ਦੇ ਹਲਕਾ ਇੰਚਾਰਜ ਬਲਬੀਰ ਸਿੰਘ ਪੰਨੂੰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਪਿੰਡ ਕਾਦੀਆਂ ਰਾਜਪੂਤਾਂ, ਦਬੁਰਜੀ, ਗੁੱਜਰਪੁਰਾ, ਸਰਵਾਲੀ ਅਤੇ ਧਵਾਨ ਵਿੱਚ ਮੀਟਿੰਗ ਕੀਤੀ ਗਈ ਤੇ ਪਿੰਡ ਵਾਸੀਆਂ ਨੂੰ ਨਸ਼ਿਆਂ ਵਿਰੁੱਧ ਲੜਨ ਦੀ ਸਹੁੰ ਚੁਕਾਈ ਗਈ। ਉਨ੍ਹਾਂ ਕਿਹਾ ਕਿ ਨਸ਼ਿਆਂ ਵਿਰੁੱਧ ਚੱਲ ਰਹੀ ਨਸ਼ਾ ਮੁਕਤੀ ਯਾਤਰਾ ਵਿੱਚ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਨਸ਼ਿਆਂ ਨੂੰ ਠੱਲ੍ਹ ਪਾਈ ਜਾਵੇਗੀ। ਉਨ੍ਹਾਂ ਪਿੰਡ ਵਾਸੀਆਂ ਨੂੰ ਇਕੱਠੇ ਹੋ ਕੇ ਸਮਾਜਿਕ ਬੁਰਾਈ ਨਸ਼ਿਆਂ ਨੂੰ ਖਤਮ ਕਰਨ ਲਈ ਹੰਭਲਾ ਮਾਰਨ ਦੀ ਅਪੀਲ ਕੀਤੀ। ਇਸ ਮੌਕੇ ਸਰਪੰਚ ਗੁਰਬਿੰਦਰ ਸਿੰਘ ਕਾਦੀਆਂ, ਬਿਕਰਮਜੀਤ ਸਿੰਘ, ਕਾਬਲ ਮਸੀਹ, ਰਣਜੀਤ ਸਿੰਘ, ਮੇਜਰ ਸਿੰਘ ,ਮਨਜੀਤ ਸਿੰਘ, ਸਰਪੰਚ ਲਖਬੀਰ ਸਿੰਘ, ਸਰਪੰਚ ਜਗਰੂਪ ਕਲਾਰ, ਭਲਵਾਨ ਹਰਮੀਤ ਸਿੰਘ, ਪਰਗਟ ਸਿੰਘ, ਸੁਖਵਿੰਦਰ ਸਿੰਘ, ਸ਼ੇਰਾ ਵੀਰ ,ਸਰਪੰਚ ਤਰਸੇਮ ਸਿੰਘ, ਚੰਚਲ ਸਿੰਘ, ਮਲਜਿੰਦਰ ਸਿੰਘ, ਸ਼ਮਸ਼ੇਰ ਸਿੰਘ, ਸਰਪੰਚ ਗੁਰਬਿੰਦਰ ਸਿੰਘ, ਬਲਾਕ ਪ੍ਰਧਾਨ ਹਰਦੀਪ ਸਿੰਘ, ਸਰਪੰਚ ਹਰਦੀਪ ਸਿੰਘ ਦਮੋਦਰ, ਰਘਬੀਰ ਸਿੰਘ ਅਠਵਾਲ, ਗਗਨਦੀਪ ਸਿੰਘ ਕੋਟਲਾ ਬਾਮਾ, ਗੁਰਪ੍ਰਤਾਪ ਸਿੰਘ, ਗੁਰਦੇਵ ਔਜਲਾ, ਬਲਾਕ ਪ੍ਰਧਾਨ ਜਗਜੀਤ ਸਿੰਘ ਆਜਮਪੁਰ ਅਤੇ ਬਲਾਕ ਪ੍ਰਧਾਨ ਹਰਪ੍ਰੀਤ ਸਿੰਘ ਆਦਿ ਹਾਜ਼ਰ ਸਨ।

# ਲੋਕਾਂ ਨੂੰ ਡੇਂਗੂ, ਮਲੇਰੀਆਂ ਤੇ ਚਿਕਨਗੁਨੀਆ ਬਾਰੇ ਕੀਤਾ ਜਾਗਰੂਕ

ਝਬਾਲ (ਹਰਜਿੰਦਰ ਸਿੰਘ ਸੋਨੀ)-ਸਿਵਲ ਸਰਜਨ ਤਰਨਤਾਰਨ ਡਾ. ਗੁਰਪ੍ਰੀਤ ਸਿੰਘ ਰਾਏ ਦੇ ਦਿਸ਼ਾ ਨਿਰਦੇਸ਼ਾਂ ਅਤੇ ਡਾ. ਮਨਜੀਤ ਸਿੰਘ ਰਟੌਲ ਸੀਨੀਅਰ ਮੈਡੀਕਲ ਅਫਸਰ ਸੀਐੱਚਸੀ ਝਬਾਲ, ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਅਵਲੀਨ ਕੌਰ, ਏਐੱਮਓ ਕੰਵਲ ਤੇ ਬਲਰਾਜ ਸਿੰਘ ਦੀ ਰਹਿਨੁਮਾਈ ਹੇਠ ਅੱਡਾ ਝਬਾਲ ਦੇ ਝੁੱਗੀਆਂ, ਝੌਂਪੜੀਆਂ, ਗੁੱਜਰਾਂ, ਦਾਣਾ ਮੰਡੀ ਅਤੇ ਸਲੱਮ ਏਰੀਏ ਦੇ ਲੋਕਾਂ ਨੂੰ ਡੇਂਗੂ, ਮਲੇਰੀਆ, ਚਿਕਨਗੁਨੀਆ ਸੰਬੰਧੀ ਜਾਗਰੂਕ ਕੀਤਾ ਗਿਆ ਅਤੇ ਬੁਖ਼ਾਰ ਦੇ ਸ਼ੱਕੀ ਕੇਸਾਂ ਦੀਆਂ ਬਲੱਡ ਸਲਾਈਡਾਂ ਬਣਾਈਆਂ। ਇਸ ਸੰਬੰਧੀ ਸਿਹਤ ਟੀਮ ਵੱਲੋਂ ਦੱਸਿਆ ਗਿਆ ਕਿ ਮੌਸਮ ਦੇ ਬਦਲਾਅ ਕਾਰਨ ਮੱਛਰਾਂ ਦੀ ਕਾਫੀ ਤਾਦਾਦ ਵੱਧ ਰਹੀ ਹੈ। ਸੋ ਸਾਨੂੰ ਇਨ੍ਹਾਂ ਤੋਂ ਬਚਣ ਲਈ ਆਪਣੇ ਆਲੇ ਦੁਆਲੇ ਪਾਣੀ ਇਕੱਠਾ ਨਹੀਂ ਹੋਣ ਦੇਣਾ ਚਾਹੀਦਾ। ਜੇਕਰ ਪਾਣੀ ਜਮ੍ਹਾਂ ਹੈ ਤਾਂ ਉਸ ਨੂੰ ਸਾਫ ਕਰ ਦੇਵੋ ਜਾਂ ਮਿੱਟੀ ਪਾ ਕੇ ਪੂਰ ਦੇਵੋ। ਆਪਣੇ ਘਰਾਂ ਵਿੱਚ ਫਰਿਜ, ਕੂਲਰ, ਮਨੀ ਪਲਾਂਟ ਅਤੇ ਛੱਤ ਉੱਪਰ ਟੁੱਟੇ ਭੱਜੇ ਸਾਮਾਨ ਵਿੱਚ ਪਾਣੀ ਜਮ੍ਹਾ ਨਾ ਹੋਣ ਦਿੱਤਾ ਜਾਵੇ। ਰਾਤ ਨੂੰ ਸੌਣ ਵੇਲੇ ਪੂਰੀ ਬਾਂਹ ਵਾਲੇ ਕੱਪੜੇ ਪਹਿਨ ਕੇ ਜਾਂ ਮੱਛਰਦਾਨੀ ਅਤੇ ਮੱਛਰ ਭਜਾਉਣ ਵਾਲੀਆਂ ਕਰੀਮਾਂ ਦਾ ਇਸਤੇਮਾਲ ਕਰਨਾ ਚਾਹੀਦਾ ਹੈ। ਜੇਕਰ ਕਿਸੇ ਨੂੰ ਤੇਜ਼ ਬੁਖ਼ਾਰ ਹੋਣ ਤੋਂ ਬਾਅਦ ਪਸੀਨਾ ਆਉਂਦਾ ਹੈ, ਸਰੀਰ ਟੁੱਟਦਾ ਭੱਜਦਾ ਹੈ, ਉਲਟੀ ਨੂੰ ਮਨ ਕਰਦਾ ਹੈ ਤਾਂ ਆਪਣੇ ਨਜ਼ਦੀਕੀ ਸਰਕਾਰੀ ਸਿਹਤ ਕੇਂਦਰ ਵਿਖੇ ਜ਼ਰੂਰ ਸੂਚਿਤ ਕੀਤਾ ਜਾਵੇ। ਇਸ ਮੌਕੇ ਰਾਮ ਰਸ਼ਪਾਲ ਐੱਸਆਈ, ਵਿਕਰਮ ਸਿੰਘ ਮਲਟੀਪਰਪਜ਼ ਹੈਲਥ ਵਰਕਰ ਆਦਿ ਹਾਜ਼ਰ ਸਨ।



# ਛੋਟੇ ਸਾਹਿਬਜ਼ਾਦਿਆਂ ਨੂੰ ਸਮਰਪਿਤ ਗੁਰੂ ਕਾ ਲੰਗਰ ਲਗਾਇਆ




ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਦੀ ਯਾਦ ਨੂੰ ਸਮਰਪਿਤ ਪਿੰਡ ਭੋਏ ਦੀ ਸਮੂਹ ਸਾਧ ਸੰਗਤ ਵੱਲੋਂ ਲੰਗਰ ਲਗਾਇਆ ਗਿਆ ਜਿਸ ਵਿੱਚ ਠੰਡੇ ਮਿੱਠੇ ਜਲ ਦੀਆਂ ਛਬੀਲਾਂ ਅਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ ।ਇਸ ਮੌਕੇ ਜਥੇਦਾਰ ਨਿੰਦਰ ਸਿੰਘ ਭੋਏ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਐਤਕੀਂ ਵੀ ਪਿੰਡ ਭੋਏ ਦੀ ਸਮੂਹ ਸਾਧ ਸੰਗਤ ਵੱਲੋਂ ਭਾਰੀ ਉਤਸ਼ਾਹ ਨਾਲ ਇਹ ਦਿਹਾੜਾ ਮਨਾਇਆ ਗਿਆ ਹੈ।ਇਸ ਮੌਕੇ ਸੂਬੇਦਾਰ ਜਗੀਰ ਸਿੰਘ, ਪ੍ਰਧਾਨ, ਸਤਿੰਦਰ ਸਿੰਘ ਜਨਰਲ ਸਕੱਤਰ, ਖਜਾਨਚੀ ਨਿੰਦਰ ਸਿੰਘ ਭੋਏ, ਬਲਬੀਰ ਸਿੰਘ ਮੈਂਬਰ, ਸਤਨਾਮ ਸਿੰਘ ਮੈਂਬਰ, ਮੁਖਤਾਰ ਸਿੰਘ ਮੈਂਬਰ, ਗੁਰਦਿਆਲ ਸਿੰਘ ਮੈਂਬਰ ,ਬਲਜੀਤ ਸਿੰਘ ਕੈਸ਼ੀਅਰ, ਕੁਲਵੰਤ ਸਿੰਘ ਸਾਬਕਾ ਸਰਪੰਚ, ਸੇਵਾ ਸਿੰਘ, ਫੁੰਮਣ ਸਿੰਘ, ਮਹਿੰਗਾ ਸਿੰਘ, ਜੱਗੂ ਜੋਧਵੀਰ ਸਿੰਘ,ਪਰਮਜੀਤ ਸਿੰਘ ਸੇਵਾਦਾਰ, ਨਿਸ਼ਾਨ ਸਿੰਘ, ਬਗੇਲ ਸਿੰਘ ਤੇ ਸਮੂਹ ਸਾਧ ਸੰਗਤ ਪਿੰਡ ਭੋਏ ਹਾਜ਼ਰ ਸਨ।


**Capital Small Finance Bank Ltd.**

HO:- MIDAS Corporate Park, 3rd Floor, 37, G.T. Road, Jalandhar-144001, Punjab, India

**ਕਬਜ਼ਾ ਨੋਟਿਸ (ਅਚੱਲ ਜਾਇਦਾਦ ਲਈ)**

ਜਿਵੇਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮਟਿਡ) ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜ਼ੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਅਸੈੱਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ (ਐਕਟ, 2002 (54 ਆਫ 2002) ਅਧੀਨ ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਮਿਤੀ 19-02-2025 ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰਾਂ 1. ਸ੍ਰੀ ਕਮਲਜੀਤ ਸਿੰਘ ਉਰਫ ਕਮਲਜੀਤ ਸਿੰਘ ਸੋਹਲ ਪੁੱਤਰ ਸ੍ਰੀ ਪ੍ਰੇਮ ਸਿੰਘ ਵਾਸੀ ਮਕਾਨ ਨੰ. 4939, ਗਲੀ ਨੰ. 6, ਨੇੜੇ ਪੁਰਾਣੀ ਪੁਲਸ ਚੌਕੀ, ਨਿਊ ਸ਼ਿਮਲਾਪੁਰੀ, ਮਿੱਲਰਗੰਜ, ਐੱਸ ਓ, ਲੁਧਿਆਣਾ, ਪੰਜਾਬ 141003 (2) ਸ੍ਰੀਮਤੀ ਅਮਨਦੀਪ ਕੌਰ ਪਤਨੀ ਸ੍ਰੀ ਕਮਲਜੀਤ ਸਿੰਘ ਵਾਸੀ ਮਕਾਨ ਨੰ. 4939, ਗਲੀ ਨੰ. 6, ਨੇੜੇ ਪੁਰਾਣੀ ਪੁਲਸ ਚੌਕੀ ਨਿਊ ਸ਼ਿਮਲਾਪੁਰੀ, ਮਿੱਲਰਗੰਜ ਐੱਸ ਓ, ਲੁਧਿਆਣਾ, ਪੰਜਾਬ-141003 (ਬਾਅਦ ਵਿੱਚ ਕਰਜ਼ਦਾਰਾਂ ਵਜੋਂ ਹਵਾਲਾ ਦਿੱਤਾ ਗਿਆ) ਅਤੇ ਗਰੰਟਰ (3) ਸ੍ਰੀਮਤੀ ਦਲਜੀਤ ਕੌਰ ਪਤਨੀ ਸ੍ਰੀ ਇੰਦਰਜੀਤ ਸਿੰਘ ਵਾਸੀ ਮਕਾਨ ਨੰ. 7170, ਗਲੀ ਨੰ. 6 ਗੋਬਿੰਦ ਨਗਰ, ਨਿਊ ਸ਼ਿਮਲਾਪੁਰੀ, ਮਿੱਲਰਗੰਜ, ਲੁਧਿਆਣਾ, ਪੰਜਾਬ 141003 (ਬਾਅਦ 'ਚ ਗਰੰਟਰ ਵਜੋਂ ਹਵਾਲਾ ਦਿੱਤਾ ਗਿਆ) ਨੂੰ ਡਿਮਾਂਡ ਨੋਟਿਸ 'ਚ ਦਰਸਾਏ ਅਨੁਸਾਰ ਐੱਲ ਏ ਪੀ/09060200028 ਵਿੱਚ ਬਕਾਇਆ ਨਿਕਲਦੀ ਰਾਸ਼ੀ ਰੁਪਏ 10,41,927.70 ਦਰਸਾਏ ਨੋਟਿਸ ਦੇ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਜਮ੍ਹਾਂ ਕਰਵਾਉਣ ਲਈ ਕਿਹਾ ਸੀ।

ਕਰਜ਼ਦਾਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਹੇ ਹਨ, ਇਸ ਲਈ ਕਰਜ਼ਦਾਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਨਿਯਮ 9 ਨਾਲ ਪੜ੍ਹੇ ਜਾਂਦੇ ਉਕਤ ਐਕਟ ਦੇ ਸੈਕਸ਼ਨ 13 (4) ਤਹਿਤ ਖੁਦ ਨੂੰ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦੱਸੀ ਜਾਇਦਾਦ ਦਾ ਸੰਕੇਤਕ ਕਬਜ਼ਾ ਲੈ ਲਿਆ ਹੈ।

ਉਪਲੱਬਧ ਸਮੇਂ 'ਚ ਸਕਿਓਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਖਾਸ ਤੌਰ 'ਤੇ ਕਰਜ਼ਦਾਰਾਂ ਅਤੇ ਗਰੰਟਰ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ ਦੀ ਸੂਰਤ 'ਚ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਵੱਲੋਂ ਐੱਲ ਏ ਪੀ/09060200028 ਵਿੱਚ ਬਕਾਇਆ ਨਿਕਲਦੀ ਰਾਸ਼ੀ ਰੁਪਏ 10,41,927.70 ਮਿਤੀ 01-02-2025 ਤੋਂ ਲਾਗੂ ਭਵਿੱਖੀ ਵਿਆਜ ਸਮੇਤ ਵਸੂਲੀ ਜਾਵੇਗੀ।

**ਅਚੱਲ ਜਾਇਦਾਦ ਦਾ ਵੇਰਵਾ**

ਪ੍ਰਾਇਮਰੀ ਸਕਿਉਰਟੀ : ਅਚੱਲ ਜਾਇਦਾਦ ਦਾ ਉਚਿਤ ਗਿਰਵੀਨਾਮਾ : ਬੈਨਾਮਾ ਦਸਤਾਵੇਜ਼ ਨੰ. 6915 ਮਿਤੀ 29-07-2015 ਅਨੁਸਾਰ ਸ੍ਰੀ ਕਮਲਜੀਤ ਸਿੰਘ ਪੁੱਤਰ ਸ੍ਰੀ ਪ੍ਰੇਮ ਸਿੰਘ ਦੀ ਮਲਕੀਅਤ ਜਾਇਦਾਦ ਰਕਬਾ 100 ਵਰਗ ਗਜ਼, ਪਿੰਡ ਬਜਰਾ, ਹਦਬਸਤ ਨੰ. 76, ਤਹਿਸੀਲ ਲੁਧਿਆਣਾ (ਈਸਟ) ਤੇ ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁੱਝ।

ਮਿਤੀ : 26.05.2025, ਸਥਾਨ : ਲੁਧਿਆਣਾ (ਅਧਿਕਾਰਤ ਅਫਸਰ)


# ਢਿੱਲੀਆਂ ਤਾਰਾਂ ਤੇ ਟੁੱਟੇ ਪੋਲਾਂ ਦੀ ਮੁਰੰਮਤ ਨੂੰ ਲੈ ਕੇ ਕਿਸਾਨ ਜਥੇਬੰਦੀ ਦੀ ਮੀਟਿੰਗ ਹੋਈ

ਪੱਟੀ (ਬਲਦੇਵ ਸਿੰਘ ਸੰਧੂ)-ਧੰਨ ਧੰਨ ਬਾਬਾ ਬੀਰ ਸਿੰਘ ਸਭਰਾ ਦੇ ਗੁਰਦੁਆਰਾ ਸਾਹਿਬ ਕਿਸਾਨ ਸੰਘਰਸ਼ ਕਮੇਟੀ ਪੰਜਾਬ ਕੋਟ ਬੁੱਢਾ ਦੀ ਮੀਟਿੰਗ ਹੋਈ ਅਤੇ ਜ਼ਿਲ੍ਹਾ ਪ੍ਰਧਾਨ ਬਾਬਾ ਪ੍ਰਗਟ ਸਿੰਘ ਪਿੰਰਗੜੀ, ਪ੍ਰਗਟ ਸਿੰਘ ਚੰਬਾ, ਗੁਰਬੀਰ ਸਿੰਘ ਭਾਊਵਾਲ, ਸੁਖਦੇਵ ਸਿੰਘ ਸਰਹਾਲੀ ਮੰਡ, ਜੁਗਿੰਦਰ ਸਿੰਘ ਗੱਟੀ ਨੇ ਪ੍ਰਧਾਨਗੀ ਕੀਤੀ ਅਤੇ ਆਉਣ ਵਾਲੇ ਸਮੇਂ ਦੀ ਖੁੱਲ੍ਹ ਕੇ ਚਰਚਾ



ਕਰਦਿਆਂ ਸਾਹਿਬ ਸਿੰਘ ਸਭਰਾ, ਇੰਦਰਜੀਤ ਸਿੰਘ ਕੋਟ ਬੁੱਢਾ ਨੇ ਕਿਹਾ ਕਿ ਪੈਡੀ ਸੀਜ਼ਨ ਸ਼ੁਰੂ ਹੋਣ ਵਾਲਾ ਹੈ।

ਬਿਜਲੀ ਦਾ ਸਿਸਟਮ ਠੀਕ ਨਾ ਹੋਣ ਕਰਕੇ ਕਿਸਾਨਾਂ ਦਾ ਨੁਕਸਾਨ ਹੁੰਦਾ ਹੈ ਅਤੇ ਬਿਜਲੀ ਮੁਲਾਜ਼ਮਾਂ ਦੀ ਬਹੁਤ ਘਾਟ ਹੋਣ ਕਰਕੇ ਕਈ ਕਈ ਦਿਨ ਲਾਈਟ ਖਰਾਬ ਹੋਣ ਕਰਕੇ ਲੋਕਾਂ ਦਾ ਨੁਕਸਾਨ ਹੁੰਦਾ ਹੈ। ਆਗੂਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਬਿਜਲੀ ਮੁਲਾਜ਼ਮਾਂ ਦੀ ਘਾਟ ਪੂਰੀ ਕੀਤੀ ਜਾਵੇ ਅਤੇ ਪੰਜਾਬ ਸਰਕਾਰ ਨੇ ਜੋ ਵੱਡੇ ਪੱਧਰ 'ਤੇ ਜੰਗ ਨਸ਼ਿਆਂ ਵਿਰੁੱਧ ਸ਼ੁਰੂ ਕੀਤੀ ਹੈ ਲੋਕ ਉਸਦਾ ਸਾਥ ਦੇਣ। ਮੀਟਿੰਗ ਵਿੱਚ ਮੁਖਤਿਆਰ ਸਿੰਘ ਤਲਵੰਡੀ, ਕਾਵਲ ਸਿੰਘ, ਦਿਲਬਾਗ ਸਿੰਘ ਵਰਿਆਂ, ਸੁਖਜਿੰਦਰ ਸਿੰਘ ਰਾਜੂ, ਮਾਸਟਰ ਰੂੜੀ ਵਾਲਾ, ਸੁਖਦੇਵ ਸਿੰਘ ਗੰਡੀਵਿੰਡ, ਮੱਸਾ ਸਿੰਘ, ਅਜੈਬ ਸਿੰਘ ਕਿਰਤੋਵਾਲ, ਸੁਖਦਿਆਲ ਸਿੰਘ, ਘੁੱਲਾ ਸਿੰਘ ਪਿੰਰਗੜੀ, ਅਮਰਜੀਤ ਸਿੰਘ, ਰਣਜੀਤ ਸਿੰਘ ਪਨਗੋਟਾ, ਲਖਬੀਰ ਸਿੰਘ ਗੱਟੀ, ਜਰਨੈਲ ਸਿੰਘ, ਗੁਰਦੇਵ ਸਿੰਘ ਤਲਵੰਡੀ, ਬੁਧ ਸਿੰਘ, ਕਾਰਜ ਸਿੰਘ ਸਭਰਾ, ਸਰਦੂਲ ਸਿੰਘ, ਸੁਖਦੇਵ ਸਿੰਘ ਘੜਕਾ, ਦਿਲਬਾਗ ਸਿੰਘ, ਸਤਨਾਮ ਸਿੰਘ ਸੋਨੂੰ ਸਭਰਾ, ਦਲਜੀਤ ਸਿੰਘ ਹਰੀਕੇ, ਤਰਸੇਮ ਸਿੰਘ ਨਵੀਪੁਰ, ਜਸਵੰਤ ਸਿੰਘ ਪੱਖੋਪੁਰ, ਪਲਵਿੰਦਰ ਸਿੰਘ, ਗੁਰਮੇਲ ਸਿੰਘ ਭੰਗਾਲਾ, ਲਖਵਿੰਦਰ ਸਿੰਘ ਬੱਠੇ ਭੈਣੀ, ਰਾਜਬੀਰ ਸਿੰਘ ਭਾਊਵਾਲ, ਅਮਰਿੰਦਰ ਸਿੰਘ, ਕੁਲਵੰਤ ਸਿੰਘ ਬਰਵਾਲਾ, ਚਾਨਣ ਸਿੰਘ ਸੈਦਪੁਰ, ਗੁਰਬਾਜ ਸਿੰਘ ਅਲੀਪੁਰ ਅਤੇ ਕੁਲਵੰਤ ਸਿੰਘ ਨਦੋਹਰ ਆਦਿ ਹਾਜ਼ਰ ਸਨ।

# ਡੀ ਸੀ ਵੱਲੋਂ ਜ਼ਿਲ੍ਹੇ ਨੂੰ ਹਰਿਆ-ਭਰਿਆ ਬਣਾਉਣ ਲਈ ਵੱਧ ਤੋਂ ਵੱਧ ਬੂਟੇ ਲਗਾਉਣ ਦੇ ਨਿਰਦੇਸ਼

ਅੰਮ੍ਰਿਤਸਰ (ਨਰਿੰਦਰ ਜੀਤ ਸਿੰਘ)-ਆਉਣ ਵਾਲੇ ਮਾਨਸੂਨ ਸੀਜ਼ਨ ਨੂੰ ਧਿਆਨ ਵਿੱਚ ਰੱਖਦਿਆ ਜ਼ਿਲ੍ਹੇ ਨੂੰ ਹਰਿਆ-ਭਰਿਆ ਬਣਾਉਣ ਲਈ ਵੱਖ-ਵੱਖ ਥਾਵਾਂ ਵਿੱਚ ਪਲਾਂਟੇਸ਼ਨ ਕਰਵਾਈ ਜਾਵੇ ਤਾਂ ਜੋ ਇਨ੍ਹਾਂ ਬੂਟਿਆਂ ਨਾਲ ਵਾਤਾਵਰਨ ਸਾਫ-ਸੁਥਰਾ ਰਹੇਗਾ ਤੇ ਭਵਿੱਖ ਵਿੱਚ ਗਰਮੀ ਤੋਂ ਰਾਹਤ ਜੀਵਨ ਨੂੰ ਖੁਸ਼ਹਾਲ ਬਣਾਉਣ ਲਈ ਲਾਹੇਵੰਦ ਹੋਣਗੇ। ਇਸ ਸਬੰਧੀ ਸਮੂਹ ਵਿਭਾਗਾਂ ਦੇ ਮੁਖੀਆਂ ਨਾਲ ਮੀਟਿੰਗ ਕਰਦੇ ਹੋਏ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਕਿਹਾ ਕਿ ਮਹਾਤਮਾ ਗਾਂਧੀ ਨਰੇਗਾ ਸਕੀਮ ਅਧੀਨ ਜ਼ਿਲ੍ਹੇ ਵਿੱਚ ਪਲਾਂਟੇਸ਼ਨ ਕਰਵਾਉਣ ਲਈ ਉਨ੍ਹਾਂ ਦੇ ਵਿਭਾਗ ਨਾਲ ਸਬੰਧਤ ਹਰੇਕ ਖਾਲੀ ਥਾਂ ਭਾਵ ਸਰਕਾਰੀ ਬਿਲਡਿੰਗਾਂ, ਹਸਤਪਤਾਲ, ਸਕੂਲ, ਪੰਚਾਇਤੀ ਜ਼ਮੀਨ ਰੋਡ ਸਾਈਡ ਜਿਸ ਉਪਰ ਪਲਾਂਟੇਸ਼ਨ ਕਰਵਾਈ ਜਾ ਸਕੇ, ਦੀ ਸ਼ਨਾਖਤ ਕਰਨ ਦੇ ਆਦੇਸ਼ ਦਿੱਤੇ ਗਏ ਤਾਂ ਜੋ ਉਨਾਂ ਨੂੰ ਜ਼ਰੂਰਤ ਅਨੁਸਾਰ ਪੌਦੇ ਮੁਹੱਈਆ ਕਰਵਾਏ ਜਾ ਸਕਣ। ਉਨਾਂ ਦੱਸਿਆ ਕਿ ਕੇਵਲ ਪੌਦੇ ਲਗਾਉਣ ਤੱਕ ਹੀ ਕੰਮ ਸੀਮਤ ਨਹੀਂ ਰਹਿਣਾ ਚਾਹੀਦਾ ਬਲਕਿ ਇਨ੍ਹਾਂ ਦੀ ਦੇਖਭਾਲ ਕਰਨਾ ਵੀ ਸਾਡਾ ਫਰਜ਼ ਹੈ।

ਉਨ੍ਹਾਂ ਕਿਹਾ ਕਿ ਸਾਡਾ ਸਭ ਦਾ ਮੁੱਢਲਾ ਫਰਜ਼ ਬਣਦਾ ਹੈ ਕਿ ਅਸੀਂ ਵਾਤਾਵਰਨ ਨੂੰ ਬਚਾਉਣ ਲਈ ਅੱਗੇ ਆਈਏ ਤਾਂ ਜੋ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਵੱਛ ਵਾਤਾਵਰਨ ਮੁਹੱਈਆ ਕਰਵਾਇਆ ਜਾ ਸਕੇ। ਇਸ ਮੀਟਿੰਗ ਵਿੱਚ ਵਧੀਕ ਡਿਪਟੀ ਕਮਿਸ਼ਨਰ ਪਰਮਜੀਤ ਕੌਰ, ਵਧੀਕ ਕਮਿਸ਼ਨਰ ਸੁਰਿੰਦਰ ਸਿੰਘ, ਐੱਸਡੀਐੱਮ ਗੁਰਸਿਮਰਨਜੀਤ ਸਿੰਘ, ਐੱਸਡੀਐੱਮ ਮਨਕੰਵਲ ਸਿੰਘ ਚਾਹਲ, ਐੱਸਡੀਐੱਮ ਅਜਨਾਲਾ ਅਰਵਿੰਦਰ ਪਾਲ ਸਿੰਘ, ਐੱਸਡੀਐੱਮ ਅਮਨਦੀਪ ਕੌਰ, ਐੱਸਡੀਐੱਮ ਬਾਬਾ ਬਕਾਲਾ ਅਮਨਦੀਪ ਸਿੰਘ, ਐੱਸਡੀਐੱਮ ਹਰਨੂਰ ਕੌਰ ਢਿੱਲੋਂ, ਮੁੱਖ ਮੰਤਰੀ ਫੀਲਡ ਅਫਸਰ ਖੁਸ਼ਪ੍ਰੀਤ ਸਿੰਘ, ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਸੰਦੀਪ ਮਲਹੋਤਰਾ, ਜ਼ਿਲ੍ਹਾ ਜੰਗਲਾਤ ਅਫਸਰ ਰਾਜੇਸ਼ ਕੁਮਾਰ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।





**Capital Small Finance Bank Ltd.**

HO:- MIDAS Corporate Park, 3rd Floor, 37, G.T. Road, Jalandhar-144001, Punjab, India

**ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)**

ਜਿਵੇਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮਟਿਡ) ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜ਼ੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਅਸੈੱਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ (ਐਕਟ, 2002 (54 ਆਫ 2002) ਅਧੀਨ ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਮਿਤੀ 19-02-2025 ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰਾਂ (1) ਮੈਸ: ਸ੍ਰੀ ਕ੍ਰਿਸ਼ਨਾ ਟਰੇਡਿੰਗ ਕੰਪਨੀ, ਪਿੰਡ ਤੇ ਡਾਕਖਾਨਾ ਕਿਸ਼ਨਪੁਰਾ ਕਲਾਂ, ਮੋਗਾ ਰਾਹੀਂ ਇਸ ਦੇ ਮਾਲਕ ਸ੍ਰੀ ਰਕੇਸ਼ ਕੁਮਾਰ ਸ਼ਰਮਾ (2) ਸ੍ਰੀ ਰਕੇਸ਼ ਕੁਮਾਰ ਸ਼ਰਮਾ ਪੁੱਤਰ ਸ੍ਰੀ ਪਰਸ ਰਾਮ ਸ਼ਰਮਾ ਵਾਸੀ ਪਿੰਡ ਕਿਸ਼ਨਪੁਰਾ ਕਲਾਂ, ਰਾਮੂਵਾਲ ਪੱਤੀ, ਮੋਗਾ, ਪੰਜਾਬ-142058 (ਬਾਅਦ ਵਿੱਚ ਕਰਜ਼ਦਾਰਾਂ ਵਜੋਂ ਹਵਾਲਾ ਦਿੱਤਾ ਗਿਆ) ਅਤੇ ਗਰੰਟਰ (3) ਸ੍ਰੀ ਸ਼ਮਸ਼ੇਰ ਸਿੰਘ ਪੁੱਤਰ ਜਗਤਾਰ ਸਿੰਘ ਵਾਸੀ ਕੈਲਾ ਮੋਗਾ, ਪੰਜਾਬ-142042 (ਬਾਅਦ 'ਚ ਗਰੰਟਰ ਵਜੋਂ ਹਵਾਲਾ ਦਿੱਤਾ ਗਿਆ) ਨੂੰ ਡਿਮਾਂਡ ਨੋਟਿਸ 'ਚ ਦਰਸਾਏ ਅਨੁਸਾਰ ਸੀ ਸੀ/069300000006 ਵਿੱਚ ਬਕਾਇਆ ਨਿਕਲਦੀ ਰਾਸ਼ੀ ਰੁਪਏ 10,49,648.85 ਦਰਸਾਏ ਨੋਟਿਸ ਦੇ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਜਮ੍ਹਾਂ ਕਰਵਾਉਣ ਲਈ ਕਿਹਾ ਸੀ।

ਕਰਜ਼ਦਾਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਿਹਾ ਹੈ, ਇਸ ਲਈ ਕਰਜ਼ਦਾਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਨਿਯਮ 9 ਨਾਲ ਪੜ੍ਹੇ ਜਾਂਦੇ ਉਕਤ ਐਕਟ ਦੇ ਸੈਕਸ਼ਨ 13 (4) ਤਹਿਤ ਖੁਦ ਨੂੰ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦੱਸੀ ਜਾਇਦਾਦ ਦਾ ਸੰਕੇਤਕ ਕਬਜ਼ਾ ਲੈ ਲਿਆ ਹੈ।

ਉਪਲੱਬਧ ਸਮੇਂ 'ਚ ਸਕਿਓਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਖਾਸ ਤੌਰ 'ਤੇ ਕਰਜ਼ਦਾਰਾਂ ਅਤੇ ਗਰੰਟਰ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ ਦੀ ਸੂਰਤ 'ਚ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਵੱਲੋਂ ਸੀ ਸੀ/069300000006 ਵਿੱਚ ਬਕਾਇਆ ਨਿਕਲਦੀ ਰਾਸ਼ੀ ਰੁਪਏ 10,49,648.85 ਮਿਤੀ 01-02-2025 ਤੋਂ ਲਾਗੂ ਭਵਿੱਖੀ ਵਿਆਜ ਸਮੇਤ ਵਸੂਲੀ ਜਾਵੇਗੀ।

**ਅਚੱਲ ਜਾਇਦਾਦ ਦਾ ਵੇਰਵਾ**

ਪ੍ਰਾਇਮਰੀ ਸਕਿਉਰਟੀ : ਵਹੀਆਂ ਤੇ ਕਰਜ਼ੇ ਦੀ ਹਾਈਪੋਥੀਕੇਸ਼ਨ

ਕੋਲੇਟਰਲ ਸਕਿਉਰਟੀ : ਅਚੱਲ ਜਾਇਦਾਦ ਦਾ ਉਚਿਤ ਗਿਰਵੀਨਾਮਾ : ਤਬਾਦਲਾ ਬੈਨਾਮਾ ਦਸਤਾਵੇਜ਼ ਨੰ. 112 ਮਿਤੀ 28.04. 2017 ਅਨੁਸਾਰ ਸ੍ਰੀ ਰਕੇਸ਼ ਕੁਮਾਰ ਸ਼ਰਮਾ ਪੁੱਤਰ ਸ੍ਰੀ ਪਰਸ ਰਾਮ ਸ਼ਰਮਾ ਦੀ ਮਲਕੀਅਤ ਜਾਇਦਾਦ ਰਕਬਾ 8 ਮਰਲੇ 1 ਸਰਸਾਈ, ਕਿਸ਼ਨਪੁਰਾ ਕਲਾਂ ਸ਼ਮਾਲੀ, ਤਹਿਸੀਲ ਧਰਮਕੋਟ, ਜ਼ਿਲ੍ਹਾ ਮੋਗਾ ਨਾਲ ਸੰਬੰਧਤ ਸਭ ਕੁਝ।

ਮਿਤੀ : 26.05.2025, ਸਥਾਨ : ਮੋਗਾ (ਅਧਿਕਾਰਤ ਅਫਸਰ)

## ਨਸ਼ੇ ਦੀਆਂ ਗੋਲੀਆਂ ਸਮੇਤ ਕਾਬੂ

**ਆਦਮਪੁਰ (ਪਰਮਜੀਤ ਸਿੰਘ)**- ਇੰਸਪੈਕਟਰ ਹਰਦੇਵਪ੍ਰੀਤ ਸਿੰਘ ਥਾਣਾ ਮੁਖੀ ਆਦਮਪੁਰ ਦੀ ਪੁਲਸ ਪਾਰਟੀ ਵਲੋਂ ਇਕ ਨਸ਼ਾ ਤਸਕਰ ਨੂੰ 65 ਨਸ਼ੇ ਵਾਲੀਆਂ ਗੋਲੀਆਂ ਸਮੇਤ ਕਾਬੂ ਕੀਤਾ ਗਿਆ ਹੈ। ਡੀ. ਐਸ. ਪੀ. ਕੁਲਵੰਤ ਸਿੰਘ ਆਦਮਪੁਰ ਨੇ ਦੱਸਿਆ ਏ. ਐਸ. ਆਈ. ਪਰਮਜੀਤ ਸਿੰਘ ਸਮੇਤ ਪੁਲਸ ਪਾਰਟੀ ਪਿੰਡ ਚੁਖਿਆਰਾ ਵਿਖੇ ਮੌਜੂਦ ਸੀ ਕਿ ਸਲੀਮ ਅਲੀ ਪੁੱਤਰ ਸ਼ੇਰੂ ਵਾਸੀ ਪਿੰਡ ਚੁਖਿਆਰਾ ਨੇ ਪੁਲਸ ਪਾਰਟੀ ਨੂੰ ਵੇਖ ਕੇ ਆਪਣੀ ਪੈਂਟ ਦੀ ਖੱਬੀ ਜੇਬ 'ਚੋਂ ਚਿੱਟੇ ਰੰਗ ਦਾ ਵਜਨਦਾਨ ਮੋਮੀ ਲਿਫਾਫਾ ਦੂਰ ਸੁੱਟ ਦਿੱਤਾ। ਉਸ ਨੂੰ ਚੈੱਕ ਕਰਨ ਉਪਰੰਤ ਉਸ 'ਚੋਂ 65 ਨਸ਼ੇ ਵਾਲੀਆਂ ਗੋਲੀਆਂ ਬਰਾਮਦ ਹੋਈਆਂ। ਅਲੀ ਨੂੰ ਗ੍ਰਿਫਤਾਰ ਕਰਕੇ ਉਸ ਖ਼ਿਲਾਫ਼ ਥਾਣਾ ਆਦਮਪੁਰ ਵਿਖੇ ਮਾਮਲਾ ਦਰਜ ਕੀਤਾ ਗਿਆ ਹੈ।



## ਪਵਨ ਕੁਮਾਰ ਟੀਨੂੰ ਨੂੰ ਦਿੱਤੀ ਵਧਾਈ

**ਆਦਮਪੁਰ (ਪਰਮਜੀਤ ਸਿੰਘ)**:- ਆਮ ਆਦਮੀ ਪਾਰਟੀ ਦੀ ਸਰਕਾਰ ਵਲੋਂ ਵਿਧਾਨ ਸਭਾ ਹਲਕਾ ਆਦਮਪੁਰ ਤੋਂ ਸਾਬਕਾ ਵਿਧਾਇਕ ਪਵਨ ਕੁਮਾਰ ਟੀਨੂੰ ਨੂੰ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਪੰਜਾਬ ਦਾ ਚੇਅਰਮੈਨ ਬਣਨ 'ਤੇ ਹਲਕੇ ਅਧੀਨ ਆਉਂਦੇ ਪਿੰਡਾਂ ਦੇ ਆਗੂਆਂ ਵਲੋਂ ਵਿਸ਼ੇਸ਼ ਤੌਰ 'ਤੇ ਵਧਾਈ ਦਿੱਤੀ ਗਈ। ਹਰਕੀਤ ਸਿੰਘ ਭੇਲਾ, ਅਮਨਦੀਪ ਸਿੰਘ ਬਿੱਟਾ, ਪ੍ਰਭਦਿਆਲ ਰਾਮਪੁਰ, ਜਸਪਾਲ ਸਿੰਘ ਸਾਬਕਾ ਸਰਪੰਚ,, ਦਵਿੰਦਰ ਸਿੰਘ ਨੰਬਰਦਾਰ, ਲਖਵੀਰ ਸਿੰਘ ਸਾਬਕਾ ਸਰਪੰਚ ਸਾਰੋਬਾਦ, ਸੁਖਵੀਰ ਸਿੰਘ ਨੰਬਰਦਾਰ, ਡਾ ਨਿਰਮਲ ਸਰਪੰਚ ਪਿੰਡ ਹਰੀਪੁਰ, ਕਨੂੰ ਬਾਂਸਲ ਕੌਂਸਲਰ, ਜੋਗਿੰਦਰ ਸਿੰਘ,ਅਕਾਸ਼ਦੀਪ ਆਸੂ, ਜਤਿੰਦਰ ਪਾਲ ਟੀਨਾ, ਹਜ਼ੂਰ ਹਸਨ ਜੂਰੀ,ਦਵਿੰਦਰ ਬਾਂਸਲ ਡੀ.ਸੀ, ਜਗਜੀਤ ਜੱਗੀ, ਰਾਜਕੁਮਾਰ, ਅਨਮੋਲ ਅਵਤਾਰ ਸਿੰਘ, ਸੁਖਬੀਰ ਕੁਮਾਰ ਲੰਬੜਦਾਰ, ਲੱਕੀ ਦਾਦਰਾ, ਮੁਹੰਮਦ ਬਸ਼ੀਰ, ਨਜੀਰ ਮੁਹੰਮਦ, ਜੂਰ ਸ਼ਕਰਪੁਰ ਤੇ ਹੋਰ ਲੋਕ ਟੀਨੂੰ ਨੂੰ ਵਧਾਈ ਦੇਣ ਪੁੱਜੇ।



## ਭੱਟੀ ਵਲੋਂ ਸਰਕਾਰੀ ਪ੍ਰਾਇਮਰੀ ਸਕੂਲ ਹਰੀਪੁਰ ਦੀ ਚਾਰਦੀਵਾਰੀ ਦਾ ਉਦਘਾਟਨ

**ਆਦਮਪੁਰ (ਪਰਮਜੀਤ ਸਿੰਘ)**- ਪੰਜਾਬ ਸਿੱਖਿਆ ਕ੍ਰਾਂਤੀ ਮੁਹਿੰਮ ਤਹਿਤ ਸਰਕਾਰੀ ਪ੍ਰਾਇਮਰੀ ਸਕੂਲ ਹਰੀਪੁਰ ਵਿਖੇ ਸਕੂਲ ਦੀ ਚਾਰਦਿਵਾਰੀ ਕੰਧ ਦਾ ਉਦਘਾਟਨ ਕੀਤਾ ਗਿਆ।ਸਕੂਲ ਦੇ ਮੁੱਖ ਅਧਿਆਪਕ ਰਾਜ ਕੁਮਾਰ ਵੱਲੋਂ ਆਏ ਹੋਏ ਮਹਿਮਾਨਾਂ ਅਤੇ ਵਿਦਿਆਰਥੀਆਂ ਦੇ ਮਾਪਿਆਂ ਦਾ ਸਕੂਲ ਵਿਖੇ ਪਹੁੰਚਣ 'ਤੇ ਸਵਾਗਤ ਕੀਤਾ ਗਿਆ। ਸਰਪੰਚ ਡਾਕਟਰ ਨਿਰਮਲ ਕੌਲ ਨੇ ਕਿਹਾ ਸਿੱਖਿਆ ਹੀ ਸਾਡੇ ਜੀਵਨ ਦਾ ਅਸਲ ਆਧਾਰ ਹੈ, ਜਿਸ ਰਾਹੀਂ ਬੇਰੁਜ਼ਗਾਰੀ ਨੂੰ ਦੂਰ ਕੀਤਾ ਜਾ ਸਕਦਾ ਹੈ।ਇਸ ਮੌਕੇ ਆਪ ਆਗੂ ਜੀਤ ਲਾਲ ਭੱਟੀ, ਸਰਪੰਚ ਅਸ਼ੋਕ ਕੁਮਾਰ ਪ੍ਰਧਾਨ ਦੁਆਬਾ ਪੰਚ ਸਰਪੰਚ ਯੂਨੀਅਨ ਆਦਮਪੁਰ, ਹਰਿੰਦਰ ਸਿੰਘ, ਪੰਚ ਸੁਰਿੰਦਰ ਸਿੰਘ, ਪੰਚ ਦਲਜੀਤ ਸਿੰਘ, ਪੰਚ ਨਰਿੰਦਰਪਾਲ, ਪੰਚ ਜੋਤੀ, ਪੰਚ ਗੁਰਪ੍ਰੀਤ ਕੌਰ, ਪੰਚ ਭੁਪਿੰਦਰ ਸਿੰਘ, ਪੰਚ ਜਗੀਰ ਕੌਰ, ਜਗਜੀਤ ਸਿੰਘ ਜੱਗੀ, ਰਣਵੀਰ ਸਿੰਘ ਸੇਠੀ ਪ੍ਰਧਾਨ ਨੌਜਵਾਨ ਸਭਾ ਹਰੀਪੁਰ, ਕਰਨਜੀਤ ਸਿੰਘ, ਬਲਵੀਰ ਮਹਿਮੀ, ਸਾਬਕਾ ਸਰਪੰਚ ਜਸਵਿੰਦਰ ਸਿੰਘ, ਦਲਜੀਤ ਸਿੰਘ ਜੀਤਾ, ਮੈਡਮ ਹਰਮਿੰਦਰ ਕੌਰ, ਮੈਡਮ ਸਵਦੇਸ਼, ਮੈਡਮ ਗੀਤੂ ਆਦਿ ਹਾਜ਼ਰ ਸਨ।



## ਦਰਬਾਰ ਬਾਬਾ ਬਾਲਾ ਪੀਰ ਸਰਹਾਲ ਕਾਜ਼ੀਆਂ ਵਿਖੇ ਸਾਲਾਨਾ ਮੇਲਾ ਮਨਾਇਆ

**ਬੰਗਾ (ਅਵਤਾਰ ਕਲੇਰ)** ਦਰਬਾਰ ਬਾਬਾ ਬਾਲਾ ਪੀਰ ਜੀ ਸਰਹਾਲ ਕਾਜ਼ੀਆਂ ਵਿਖੇ ਸਾਲਾਨਾ ਮੇਲਾ ਪ੍ਰਬੰਧਕ ਕਮੇਟੀ, ਗ੍ਰਾਮ ਪੰਚਾਇਤ, ਸਮੂਹ ਨਗਰ ਨਿਵਾਸੀਆਂ ਅਤੇ ਐਨ ਆਰ ਆਈ ਵੀਰਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਦੋ ਦਿਨਾ ਮੇਲੇ ਦੌਰਾਨ ਪਹਿਲੇ ਦਿਨ ਝੰਡੇ ਦੀ ਰਸਮ, ਚਿਰਾਗਾਂ ਦੀ ਰਸਮ ਉਪਰੰਤ ਨਕਾਲ ਅਤੇ ਕਵਾਲ ਪਾਰਟੀਆਂ ਨੇ ਹਾਜ਼ਰੀਆਂ ਭਰੀਆਂ। ਦੂਸਰੇ ਦਿਨ ਪੰਜਾਬ ਦੇ ਮਸ਼ਹੂਰ ਕਲਾਕਾਰ ਹਰਮਨ- ਜਰਮਨ, ਮਨਮੋਹਨ ਭੱਟੀ- ਸੀਮਾ ਭੱਟੀ, ਕੌਰ ਸਿਸਟਰਜ਼ ਤੋਂ ਇਲਾਵਾ ਹੋਰ ਵੀ ਕਲਾਕਾਰਾਂ ਨੇ ਹਾਜ਼ਰੀਆਂ ਭਰੀਆਂ। ਪ੍ਰਬੰਧਕ ਕਮੇਟੀ ਵੱਲੋਂ ਕਲਾਕਾਰਾਂ ਅਤੇ ਸੇਵਾਦਾਰਾਂ ਨੂੰ ਸਨਮਾਨਿਤ ਕੀਤਾ ਗਿਆ। ਸਟੇਜ਼ ਸੈਕਟਰੀ ਦੀ ਭੂਮਿਕਾ ਪ੍ਰਤਾਪ ਚੌਹਾਨ ਨੇ ਬਾਖੂਬੀ ਨਿਭਾਈ। ਇਸ ਮੌਕੇ ਚੇਅਰਮੈਨ ਬਸ਼ੰਬਰ ਲਾਲ ਸਾਬਕਾ ਸਰਪੰਚ, ਪਰਮਜੀਤ ਸਿੰਘ ਪ੍ਰਧਾਨ, ਕਸ਼ਮੀਰ ਲਾਲ ਮੁੱਖ ਸੇਵਾਦਾਰ, ਗੁਰਪ੍ਰੀਤ ਬਾਗਲਾ ਮੀਤ ਪ੍ਰਧਾਨ, ਸੁਰਜੀਤ ਸੈਂਪਲੇ ਜਨਰਲ ਸਕੱਤਰ, ਸੁਰਿੰਦਰ ਚੱਢਾ ਖਜਾਨਚੀ, ਰਣਜੀਤ ਸਿੰਘ ਪੰਚ,ਚਮਨ ਲਾਲ ਬਾਗਲਾ, ਗੁਰਮੀਤ ਰੱਤੂ, ਪ੍ਰੇਮ ਘਈ,ਕਮਲ ਯੂ ਕੇ, ਨਰਿੰਦਰ ਬਾਗਲਾ, ਗੁਰਮੀਤ ਰਾਮ,ਨਵੀਨ ਮਹੇ,ਨਵੀਨ ਮਹੇ, ਮਹਿੰਦਰ ਪਾਲ ਪੰਚ, ਕਿਸ਼ੋਰੀ ਲਾਲ ਬਾਗਲਾ, ਰੌਬਿਨ ਬਾਗਲਾ ਤੋਂ ਇਲਾਵਾ ਸੰਗਤਾਂ ਹਾਜ਼ਰ ਸਨ।



## ਗੜ੍ਹੀ ਵੱਲੋਂ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਨਾਲ ਮੁਲਾਕਾਤ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਵਲੋਂ ਨਵੀਂ ਦਿੱਲੀ ਵਿਖੇ ਕੌਮੀ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਕਿਸ਼ੋਰ ਮਕਵਾਨਾ ਨਾਲ ਮੁਲਾਕਾਤ ਕੀਤੀ ਗਈ। ਮਕਵਾਨਾ ਨੇ ਆਪਣੀ ਚੰਡੀਗੜ੍ਹ ਫੇਰੀ ਦੌਰਾਨ ਗੜ੍ਹੀ ਨੂੰ ਦਿੱਲੀ ਵਿਖੇ ਕੌਮੀ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਦਫ਼ਤਰ ਆਉਣ ਦਾ ਸੱਦਾ ਦਿੱਤਾ ਸੀ। ਇਸ ਮੁਲਾਕਾਤ ਦੌਰਾਨ ਜਸਵੀਰ ਸਿੰਘ ਗੜ੍ਹੀ ਨੇ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਵਲੋਂ ਕੀਤੇ ਜਾ ਰਹੇ ਕੰਮਾਂ ਤੋਂ ਕਿਸ਼ੋਰ ਮਕਵਾਨਾ ਨੂੰ ਜਾਣੂ ਕਰਵਾਇਆ ਗਿਆ।ਇਸ ਮੁਲਾਕਾਤ ਦੌਰਾਨ ਗੜ੍ਹੀ ਨੇ ਸ੍ਰੀ ਮਕਵਾਨਾ ਨੂੰ ਅਪੀਲ ਕੀਤੀ ਕਿ ਕੌਮੀ ਅਨੁਸੂਚਿਤ ਜਾਤੀਆਂ ਕਮਿਸ਼ਨ ਅਤੇ ਦੇਸ਼ ਦੇ ਵੱਖ ਵੱਖ ਰਾਜਾਂ ਦੇ ਅਨੁਸੂਚਿਤ ਜਾਤੀਆਂ ਕਮਿਸ਼ਨ ਵਿੱਚ ਬਿਹਤਰ ਤਾਲਮੇਲ ਬਣਾਉਣ ਲਈ ਈ.ਗਵਰਨੈਂਸ ਰਾਹੀਂ ਕੋਈ ਸਿਸਟਮ ਵਿਕਸਤ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਕੌਮੀ ਕਮਿਸ਼ਨ ਵਲੋਂ ਅਨੁਸੂਚਿਤ ਜਾਤੀਆਂ ਦੇ ਲੋਕਾਂ ਦੀ ਭਲਾਈ ਲਈ ਕੀਤੇ ਗਏ ਫੈਸਲਿਆਂ ਤੋਂ ਸੇਧ ਲੈ ਕੇ ਮਿਲਦੇ ਜੁਲਦੇ ਮਾਮਲਿਆਂ ਵਿੱਚ ਜਲਦ ਫੈਸਲਾ ਸੁਣਾਇਆ ਜਾ ਸਕੇ। ਗੜ੍ਹੀ ਨੇ ਕੌਮੀ ਕਮਿਸ਼ਨ ਦੇ ਚੇਅਰਮੈਨ ਨੂੰ ਸੂਚਨਾ ਤਕਨਾਲੋਜੀ 'ਤੇ ਅਧਾਰਤ ਸਿਸਟਮ ਸਥਾਪਤ ਕਰਨ ਦੀ ਅਪੀਲ ਕੀਤੀ ਤਾਂ ਜੋ ਅਨੁਸੂਚਿਤ ਜਾਤੀਆਂ ਦੇ ਲੋਕਾਂ ਵੱਲੋਂ ਕਈ ਵਾਰ ਇੱਕ ਹੀ ਮਾਮਲੇ ਵਿੱਚ ਇਨਸਾਫ਼ ਲੈਣ ਲਈ ਕੌਮੀ ਕਮਿਸ਼ਨ ਅਤੇ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਕੋਲ ਅਪੀਲ ਦਾਇਰ ਕਰ ਦਿੱਤੀ ਜਾਂਦੀ ਹੈ, ਇਸ ਤਰ੍ਹਾਂ ਦੇ ਮਾਮਲਿਆਂ ਨੂੰ ਸਾਂਝੇ ਤੌਰ 'ਤੇ ਨਜਿੱਠਣ ਅਤੇ ਕਮਿਸ਼ਨ ਦੇ ਕੰਮਕਾਜ ਵਿਚ ਇਕਸਾਰਤਾ ਲਿਆਉਣ ਲਈ ਵੀ ਕੌਮੀ ਕਮਿਸ਼ਨ ਨੂੰ ਪਹਿਲ ਕਰਨੀ ਚਾਹੀਦੀ ਹੈ।



## ਚੰਦਨਦੀਪ ਨੇ ਮੁੱਕੇਬਾਜ਼ੀ 'ਚ ਬੰਗਲਾਦੇਸ਼ 'ਚ ਜਿੱਤਿਆ ਚਾਂਦੀ ਦਾ ਤਮਗਾ

**ਨਵਾਂਸ਼ਹਿਰ (ਮਨੋਜ ਲਾਡੀ)**- ਬੀਤੇ ਦਿਨੀਂ ਬੰਗਲਾਦੇਸ਼ ਦੀ ਰਾਜਧਾਨੀ ਢਾਕਾ ਵਿਖੇ ਹੋਏ ਕੌਮਾਂਤਰੀ ਮੁੱਕੇਬਾਜ਼ੀ ਮੁਕਾਬਲਿਆਂ ਵਿਚ ਚਾਂਦੀ ਦਾ ਤਮਗਾ ਜਿੱਤਣ ਵਾਲੇ ਸਥਾਨਕ ਵਸਨੀਕ ਚੰਦਨਦੀਪ ਸਿੰਘ ਦਾ ਨਵਾਂਸ਼ਹਿਰ ਪਰਤਣ 'ਤੇ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਵਧਾਈ ਦਿੰਦਿਆਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਅਤੇ ਪੰਜਾਬ ਸਰਕਾਰ ਦੇ ਖੇਡ ਵਿਭਾਗ ਵੱਲੋਂ ਉਨ੍ਹਾਂ ਨੂੰ ਮੁੱਕੇਬਾਜ਼ੀ 'ਚ ਹੋਰ ਬੁਲੰਦੀਆਂ ਛੋਹਣ ਲਈ ਹਰ ਸੰਭਵ ਮਦਦ ਕੀਤੀ ਜਾਵੇਗੀ ।ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਆਪਣੇ ਦਫ਼ਤਰ ਵਿਚ ਚੰਦਨਦੀਪ ਸਿੰਘ ਨਾਲ ਗੱਲਬਾਤ ਕਰਦਿਆਂ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਕਿਹਾ ਕਿ ਕੌਮਾਂਤਰੀ ਪੱਧਰ 'ਤੇ ਤਮਗਾ ਜਿੱਤ ਕੇ ਖਿਡਾਰੀ ਨੇ ਪੂਰੇ ਜ਼ਿਲ੍ਹੇ ਦਾ ਮਾਣ ਵਧਾਇਆ ਹੈ। ਉਨ੍ਹਾਂ ਨੇ ਚੰਦਨਦੀਪ ਸਿੰਘ ਨੂੰ ਭਵਿੱਖ ਵਿਚ ਹੋਰ ਮੇਹਨਤ ਕਰਕੇ ਪੰਜਾਬ ਅਤੇ ਦੇਸ਼ ਦਾ ਨਾਂਅ ਰੌਸ਼ਨ ਕਰਨ ਦੀ ਕਾਮਨਾ ਕੀਤੀ ।ਚੰਦਨਦੀਪ ਸਿੰਘ ਨੇ ਡਿਪਟੀ ਕਮਿਸ਼ਨਰ ਨੂੰ ਦੱਸਿਆ ਕਿ ਉਹ ਬੀ.ਏ. ਭਾਗ ਤੀਜਾ ਦਾ ਵਿਦਿਆਰਥੀ ਹੈ ਅਤੇ 24 ਮਈ ਨੂੰ ਚਾਂਦੀ ਦਾ ਤਮਗਾ ਜਿੱਤ ਕੇ ਵਤਨ ਪਰਤਿਆ ਹੈ। ਉਸ ਨੇ 70 ਕਿੱਲੋ ਭਾਰ ਵਰਗ ਵਿਚ ਹਿੱਸਾ ਲਿਆ। ਜ਼ਿਲ੍ਹਾ ਖੇਡ ਅਫਸਰ ਵੰਦਨਾ ਚੌਹਾਨ ਨੇ ਖਿਡਾਰੀ ਨੂੰ ਵਧਾਈ ਦਿੰਦਿਆਂ ਕਿਹਾ ਕਿ ਖੇਡ ਵਿਭਾਗ ਵੱਲੋਂ ਸਮੇਂ-ਸਮੇਂ 'ਤੇ ਲੋੜੀਂਦੀ ਸਹੂਲਤ ਪ੍ਰਦਾਨ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸੂਬੇ ਵਿਚ ਖਿਡਾਰੀਆਂ ਲਈ ਸਾਜਗਾਰ ਮਾਹੌਲ ਅਤੇ ਹਰ ਲੋੜੀਂਦੀ ਸਹੂਲਤ ਦਿੱਤੀ ਜਾ ਰਹੀ ਹੈ ਤਾਂ ਜੋ ਉਹ ਆਪੋ-ਆਪਣੀ ਖੇਡ ਵਿਚ ਹੋਰ ਤਰੱਕੀਆਂ ਕਰ ਸਕਣ।ਚੰਦਨਦੀਪ ਸਿੰਘ (23) ਨੇ ਕਿਹਾ ਕਿ ਉਨ੍ਹਾਂ ਦੇ ਕੋਚ ਜਲੰਧਰ ਦੇ ਲਾਇਲਪੁਰ ਖਾਲਸਾ ਕਾਲਜ ਤੋਂ ਜਸਕਰਨ ਸਿੰਘ ਨੇ ਉਨ੍ਹਾਂ ਨੂੰ ਮੁਕਾਬਲਿਆਂ ਲਈ ਬਾਕਮਾਲ ਤਿਆਰੀ ਕਰਵਾਈ, ਜਿਸ ਦੇ ਸਿੱਟੇ ਵਜੋਂ ਉਹ ਸਿਲਵਰ ਮੈਡਲ ਜੇਤੂ ਬਣੇ। ਇਸ ਮੌਕੇ ਚੰਦਨਦੀਪ ਸਿੰਘ ਦੇ ਪਿਤਾ ਇੰਦਰਜੀਤ ਸਿੰਘ, ਕੋਚ ਗੁਰਪ੍ਰੀਤ ਸਿੰਘ ਆਦਿ ਵੀ ਮੌਜੂਦ ਸਨ ।



## ਭੁੰਗਰਨੀ ਵਿਖੇ ਗੁਰਮਤਿ ਸਮਾਗਮ 30 ਨੂੰ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)** ਇਤਿਹਾਸਿਕ ਪਿੰਡ ਭੁੰਗਰਨੀ ਵਿਖੇ ਪਾਤਸ਼ਾਹੀ ਸੱਤਵੀਂ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੀ ਪਵਿੱਤਰ ਚਰਨ ਛੋਹ ਧਰਤੀ 'ਤੇ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ਼ਹੀਦਾਂ ਦੇ ਸਿਰਤਾਜ, ਸ਼ਾਂਤੀ ਦੇ ਪੁੰਜ, ਬਾਣੀ ਦੇ ਬੋਹਿਥ ਪਾਤਸ਼ਾਹੀ ਪੰਜਵੀਂ ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਮੌਕੇ ਮਹਾਨ ਗੁਰਮਤ ਸਮਾਗਮ 30 ਮਈ ਨੂੰ ਅੰਮ੍ਰਿਤ ਵੇਲੇ ਸ਼ਰਧਾ ਭਾਵਨਾ ਨਾਲ ਕਰਵਾਏ ਜਾ ਰਹੇ ਹਨ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਜਥੇਦਾਰ ਸੁਰਜੀਤ ਸਿੰਘ ਮਸੂਤਾ ਨੇ ਦੱਸਿਆ ਕਿ 30 ਮਈ ਨੂੰ ਅੰਮ੍ਰਿਤ ਵੇਲੇ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਉਪਰੰਤ ਭਾਈ ਸੁਖਚੈਨ ਸਿੰਘ ਹੈੱਡ ਗ੍ਰੰਥੀ, ਸਤਿੰਦਰ ਸਿੰਘ ਆਲਮ ਹੁਸ਼ਿਆਰਪੁਰ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਮੌਕੇ ਚਾਹ ਦੇ ਲੰਗਰ ਅਤੁੱਟ ਵਰਤਾਏ ਜਾਣਗੇ।



# ਹੱਕਾਂ ਲਈ ਲੜਦੇ ਲੋਕਾਂ ਨੂੰ ਲਾਠੀ-ਗੋਲੀ ਨਾਲ ਨਹੀਂ ਦਬਾਅ ਸਕਦੀਆਂ ਜਾਬਰ ਸਰਕਾਰਾਂ : ਨੂਰਪੁਰੀ







**ਜਲੰਧਰ (ਸ਼ੈਲੀ ਅਲਬਰਟ, ਰਾਜੇਸ਼ ਥਾਪਾ)**- ਦਿਹਾਤੀ ਮਜ਼ਦੂਰ ਸਭਾ ਵਲੋਂ ਸੂਬੇ ਦੇ ਬੇਜ਼ਮੀਨੇ-ਸਾਧਨਹੀਨ ਕਿਰਤੀਆਂ ਦੀਆਂ ਹੱਕੀ ਮੰਗਾਂ ਮਨਵਾਉਣ ਲਈ ਇੱਥੋਂ ਦੇ ਡਵੀਜ਼ਨਲ ਕਮਿਸ਼ਨਰ ਜਲੰਧਰ ਦੇ ਦਫਤਰ ਮੂਹਰੇ ਮਾਰਿਆ ਗਿਆ ਦਿਨ-ਰਾਤ ਦਾ ਤਿੰਨ ਰੋਜ਼ਾ ਵਿਸ਼ਾਲ ਧਰਨਾ ਅੱਜ ਦੂਜੇ ਦਿਨ ਵੀ ਜਾਰੀ ਰਿਹਾ। ਇਸ ਵਿਚ ਮਾਲਵੇ ਦੇ ਜ਼ਿਲ੍ਹਿਆਂ 'ਚੋਂ ਗੁਰਮੀਤ ਸਿੰਘ ਬਠਿੰਡਾ, ਜਗਜੀਤ ਸਿੰਘ ਜੱਸੇਆਣਾ ਤੇ ਹਰਜੀਤ ਸਿੰਘ ਮਦਰੱਸਾ ਸ੍ਰੀ ਮੁਕਤਸਰ ਸਾਹਿਬ, ਬਲਕਾਰ ਸਿੰਘ ਔਲਖ ਫਰੀਦਕੋਟ, ਜੱਗਾ ਸਿੰਘ ਖੂਹੀਆਂ ਸਰਵਰ ਫਾਜ਼ਲਿਕਾ, ਸੁਖਦੇਵ ਸਿੰਘ ਨਿਆਲ ਪਟਿਆਲਾ, ਬਲਜੀਤ ਸਿੰਘ ਗੋਰਸੀਆਂ ਖਾਨ ਮੁਹੰਮਦ ਤੇ ਮਲਕੀਤ ਸਿੰਘ ਲੁਧਿਆਣਾ ਦੀ ਅਗਵਾਈ ਹੇਠ ਭਾਰੀ ਗਿਣਤੀ ਔਰਤਾਂ ਸਮੇਤ ਸੈਂਕੜੇ ਕਿਰਤੀ ਸ਼ਾਮਲ ਹੋਏ। ਇਸ ਮੌਕੇ ਸੂਬੇ ਦੇ ਪ੍ਰਧਾਨ ਦਰਸ਼ਨ ਨਾਹਰ, ਜਨਰਲ ਸਕੱਤਰ ਗੁਰਨਾਮ ਸਿੰਘ ਦਾਊਦ, ਪ੍ਰੈਸ ਸਕੱਤਰ ਬਲਦੇਵ ਸਿੰਘ ਨੂਰਪੁਰੀ, ਮੀਤ ਸਕੱਤਰ ਪ੍ਰਕਾਸ਼ ਸਿੰਘ ਨੰਦਗੜ੍ਹ ਨੇ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਸੰਵਿਧਾਨਕ ਹੱਕਾਂ ਤਹਿਤ ਵਾਜਬ ਮੰਗਾਂ ਮਨਵਾਉਣ ਲਈ ਜੂਝ ਰਹੇ ਲੋਕਾਂ ਨੂੰ ਦੀ ਅਵਾਜ਼ ਲਾਠੀ-ਗੋਲੀ ਨਾਲ ਅਤੇ ਲੜਦੇ ਲੋਕਾਂ ਨੂੰ ਜੇਲ੍ਹੀਂ ਸੁੱਟ ਕੇ ਬੰਦ ਨਹੀਂ ਕਰ ਸਕੇਗੀ। ਆਗੂਆਂ ਨੇ ਪਿੰਡ ਚੰਦਭਾਨ ਦੀ ਪੰਚਾਇਤ ਵੱਲੋਂ ਕੀਤੇ ਜਾ ਰਹੇ ਵਿਕਾਸ ਕੰਮਾਂ 'ਚ ਜੈਤੋ ਦੇ ਐਮ ਐਲ ਏ ਦੀ ਸ਼ਹਿ 'ਤੇ ਅੜਿੱਕਾ ਪਾਉਣ ਵਾਲੇ ਹੈਂਕੜਬਾਜ਼ ਧਨਾਢਾਂ, ਜਿਨ੍ਹਾਂ ਨੇ ਗੋਲੀਆਂ ਚਲਾ ਕੇ ਮਜ਼ਦੂਰਾਂ ਨੂੰ ਮਾਰਨ ਦੀ ਕੋਸ਼ਿਸ਼ ਕੀਤੀ ਸੀ, ਖਿਲਾਫ਼ ਕੇਸ ਦਰਜ ਨਾ ਹੋਣ ਦੇ ਬਾਵਜੂਦ ਪੁਲਸ-ਪ੍ਰਸ਼ਾਸਨ ਵਲੋਂ ਉਨ੍ਹਾਂ ਨੂੰ ਸਰਕਾਰ ਦੀ ਗੁੱਝੀ ਹਦਾਇਤ ਅਨੁਸਾਰ ਗ੍ਰਿਫਤਾਰ ਨਾ ਕਰਨ ਦੀ ਜ਼ੋਰਦਾਰ ਨਿਖੇਧੀ ਕਰਦਿਆਂ ਉਕਤ ਮਾਮਲੇ ਵਿਚ ਪ੍ਰਸ਼ਾਸਨ ਅਤੇ 'ਚੰਦਭਾਨ ਜਬਰ ਵਿਰੋਧੀ ਐਕਸ਼ਨ ਕਮੇਟੀ' ਦਰਮਿਆਨ ਹੋਇਆ ਸਮਝੌਤਾ ਇੰਨ-ਬਿੰਨ ਲਾਗੂ ਕਰਨ ਦੀ ਮੰਗ ਕੀਤੀ। ਉਨ੍ਹਾਂ ਸੀਡ ਫਾਰਮ ਅਬੋਹਰ ਵਿਖੇ 1947 ਤੋਂ ਕਾਬਜ਼ ਆਬਾਦਕਾਰ, ਜਿਨ੍ਹਾਂ ਦੇ ਨਾਂ ਗਿਰਦਾਵਰੀ ਵੀ ਹੈ ਤੇ ਮੋਟਰਾਂ ਦੇ ਬਿਜਲੀ ਕੁਨੈਕਸ਼ਨ ਵੀ ਮਿਲੇ ਹੋਏ ਹਨ, ਨੂੰ ਭਰਤ ਮਾਲਾ ਪ੍ਰਾਜੈਕਟ ਲਈ ਜ਼ਮੀਨ ਅਕੁਆਇਰ ਕਰਨ ਸਮੇਂ ਕੇਂਦਰੀ ਤੇ ਪੰਜਾਬ ਸਰਕਾਰ ਵਲੋਂ ਬਿਨਾਂ ਮੁਆਵਜ਼ਾ ਉਜਾੜੇ ਜਾਣ ਦੇ ਕੋਝੇ ਯਤਨ ਬੰਦ ਕਰਨ ਦੀ ਮੰਗ ਕੀਤੀ। ਯਾਦ ਰਹੇ ਪਿਛਲੇ ਦਿਨੀਂ ਪੁਲਸ-ਪ੍ਰਸ਼ਾਸਨ ਨੇ ਔਰਤਾਂ ਸਮੇਤ ਸ਼ਾਂਤਮਈ ਵਿਰੋਧ ਕਰ ਰਹੇ ਸੈਂਕੜੇ ਆਬਾਦਕਾਰਾਂ ਨੂੰ ਗ੍ਰਿਫਤਾਰ ਕਰ ਲਿਆ ਸੀ। ਮਜ਼ਦੂਰ ਆਗੂਆਂ ਨੇ ਜ਼ਮੀਨੀ ਹੱਦਬੰਦੀ ਕਾਨੂੰਨ ਤਹਿਤ ਨਿਕਲਦੀ ਵਾਧੂ ਭੋਇੰ ਬੇਜ਼ਮੀਨੇ ਖੇਤ ਮਜ਼ਦੂਰਾਂ 'ਚ ਵੰਡੇ ਜਾਣ ਦੀ ਸੰਵਿਧਾਨਕ ਮੰਗ ਲਈ ਲੜ ਰਹੇ ਸੰਗਰੂਰ ਜ਼ਿਲ੍ਹੇ ਦੇ ਦਲਿਤ ਕਿਰਤੀਆਂ ਨੂੰ ਗ੍ਰਿਫਤਾਰ ਕਰਨ ਦੀ ਨਿਖੇਧੀ ਕਰਦਿਆਂ ਬੰਜਰ, ਨਜ਼ੂਲ ਅਤੇ ਸ਼ਾਮਲਾਤ ਜ਼ਮੀਨਾਂ ਖੇਤ ਮਜ਼ਦੂਰਾਂ 'ਚ ਵੰਡੇ ਜਾਣ ਦੀ ਮੰਗ ਕੀਤੀ। ਉਨ੍ਹਾਂ ਦੋਸ਼ ਲਾਇਆ ਕਿ ਪਿਛਲੇ ਕੁਝ ਕੁ ਮਹੀਨਿਆਂ 'ਚ 'ਆਪ' ਸਰਕਾਰ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਸ਼ਹਿ 'ਤੇ ਆਪੋ-ਆਪਣੀਆਂ ਮੰਗਾਂ ਲਈ ਲੜ ਰਹੀ ਤਕਰੀਬਨ ਹਰ ਤਬਕੇ ਦੀ ਜੱਥੇਬੰਦੀ 'ਤੇ ਜਬਰ ਢਾਹਿਆ ਹੈ। ਆਗੂਆਂ ਨੇ ਧਰਨੇ ਦੀ ਸਫਲਤਾ ਲਈ ਸੂਬੇ ਭਰ ਚੋਂ ਮਾਇਆ ਅਤੇ ਲੰਗਰ ਲਈ ਰਸਦ ਭੇਜਣ ਵਾਲੇ ਪੰਜਾਬ ਦੇ ਸਾਦੇ-ਮੁਰਾਦੇ ਕਿਰਤੀਆਂ ਦਾ ਤਹਿ ਦਿਲੋਂ ਧੰਨਵਾਦ ਵੀ ਕੀਤਾ ਹੈ। ਧਰਨਾ ਭਲਕੇ ਵੀ ਜਾਰੀ ਰਹੇਗਾ।

## ਟ੍ਰੀ ਪ੍ਰੀਜ਼ਰਵੇਸ਼ਨ ਨਾਲ ਜੁੜੇ 28 ਮਾਮਲਿਆਂ 'ਤੇ ਚਰਚਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਗੁਰਸਿਮਰਨਜੀਤ ਕੌਰ, ਪੀ.ਸੀ.ਐਸ., ਉਪ ਮੰਡਲ ਮੈਜਿਸਟਰੇਟ ਹੁਸ਼ਿਆਰਪੁਰ ਵਲੋਂ ਬਤੌਰ ਚੇਅਰਮੈਨ, ਟ੍ਰੀ ਪ੍ਰੀਜ਼ਰਵੇਸ਼ਨ ਪਾਲਿਸੀ ਫਾਰ ਨੌਨ-ਫੌਰੈਸਟ ਗੌਰਮਿੰਟ ਐਂਡ ਪਬਲਿਕ ਲੈਂਡ ਤਹਿਤ ਉਪ ਮੰਡਲ ਪੱਧਰੀ ਕਮੇਟੀ, ਹੁਸ਼ਿਆਰਪੁਰ ਦੀ ਮੀਟਿੰਗ ਕੀਤੀ ਗਈ। ਇਸ ਮੀਟਿੰਗ ਜਤਿੰਦਰ ਰਾਣਾ ਵਣ ਰੇਂਜ ਅਫਸਰ ਹੁਸ਼ਿਆਰਪੁਰ, ਕਿਰਨਦੀਪ ਸਿੰਘ ਵਣ ਰੇਂਜ ਅਫਸਰ, ਸੰਜੀਵ ਕੁਮਾਰ ਵਣ ਰੇਂਜ ਅਫਸਰ, ਜਸਪਾਲ ਸਿੰਘ ਵਣ ਰੇਂਜ ਅਫਸਰ ਮਾਹਿਲਪੁਰ, ਜਸਬੀਰ ਸਿੰਘ ਵਣ ਰੇਂਜ ਅਫਸਰ ਢੋਲਵਾਹਾ ਹਾਜ਼ਰ ਹੋਏ। ਇਸ ਮੀਟਿੰਗ ਦੌਰਾਨ ਵੱਖ- ਵੱਖ 28 ਪਿੰਡਾਂ ਦੇ ਦਰੱਖਤਾਂ ਦੀ ਅਸੈਸਮੈਂਟ ਅਤੇ ਸਰਵੇ ਕਰਨ ਲਈ ਕੇਸਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ।



## ਜਨਮ ਦਿਨ ਮੁਬਾਰਕ



ਅਗਮ ਜੱਸਲ
ਪਿਤਾ : ਅਜੇ ਕੁਮਾਰ
ਮਾਤਾ : ਹਰਜਿੰਦਰ ਕੌਰ
ਵਾਸੀ : ਫਿਲੌਰ



ਵਾਰਿਸ ਦੀਪ ਸਿੰਘ ਚੰਦੀ
ਪਿਤਾ : ਗੁਰਪ੍ਰੀਤ ਸਿੰਘ ਚੰਦੀ
ਮਾਤਾ : ਕਿਰਨਦੀਪ ਕੌਰ ਚੰਦੀ
ਵਾਸੀ : ਜੰਡਿਆਲਾ ਗੁਰੂ



ਰੇਵੰਸ਼ ਅੱਤਰੀ
ਪਿਤਾ : ਰਵੀ ਅੱਤਰੀ
ਮਾਤਾ : ਜੀਵਨ ਬਾਲਾ
ਵਾਸੀ : ਗੁਰਦਾਸਪੁਰ

## ਪ੍ਰਿੰਸੀਪਲ ਨੰਦ ਲਾਲ ਦੀ ਤਸਵੀਰ ਭੱਟੀ ਮੈਮੋਰੀਅਲ ਹਾਲ 'ਚ ਸਥਾਪਤ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਸਥਾਨਕ ਪ੍ਰਸਿੱਧ ਸਮਾਜ ਸੇਵੀ ਸੰਸਥਾ ਬਲੱਡ ਡੋਨਰਜ਼ ਕੌਂਸਲ ਨੇ ਇਲਾਕੇ ਦੇ ਸੰਸਥਾਪਕ, ਪ੍ਰਸਿੱਧ ਸਿੱਖਿਆ ਸ਼ਾਸਤਰੀ ਸਵ: ਪ੍ਰਿੰਸੀਪਲ ਨੰਦ ਲਾਲ ਦੀਆਂ ਵਿਦਿਅਕ ਖੇਤਰ ਵਿੱਚ ਸੇਵਾਵਾਂ ਨੂੰ ਯਾਦ ਕਰਦਿਆਂ ਉਹਨਾਂ ਦੀ ਯਾਦਗਾਰੀ ਤਸਵੀਰ ਪੱਕੇ ਤੌਰ 'ਤੇ ਭੱਟੀ ਮੈਮੋਰੀਅਲ ਹਾਲ ਵਿੱਚ ਸਥਾਪਤ ਕੀਤੀ ਹੈ। ਸ਼ਹਿਰ ਦੇ ਇੱਕ ਵਿਤੀ-ਸਹਿਯੋਗੀ ਪਰਵਾਰ ਨੇ ਬੀ.ਡੀ.ਸੀ ਨਾਲ ਸਹਿਯੋਗ ਕਰਦਿਆਂ ਉੱਘੇ ਸਿੱਖਿਆ ਸ਼ਾਸਤਰੀ ਦੀਆਂ ਸੇਵਾਵਾਂ ਪ੍ਰਤੀ ਸ਼ਰਧਾ ਦਾ ਪ੍ਰਗਟਾਵਾ ਕੀਤਾ ਹੈ। ਜ਼ਿਕਰਯੋਗ ਹੈ ਕਿ ਉਹਨਾਂ ਨੇ ਬਤੌਰ ਸੰਸਥਾਪਕ ਪ੍ਰਿੰਸੀਪਲ ਬਾਰਾਂ ਸਾਲ ਸਮਰਪਿਤ ਸੇਵਾ ਕੀਤੀ ਤੇ ਪਬਲਿਕ ਵਿੱਚ ਉਹਨਾਂ ਦਾ ਇੰਨ੍ਹਾ ਸਤਿਕਾਰ ਸੀ ਕਿ ਉਹ ਉਸ ਵੇਲੇ ਪੰਜਾਬ ਵਿਧਾਨ ਪ੍ਰੀਸ਼ਦ ਦੇ ਮੈਂਬਰ ਵੀ ਚੁਣੇ ਗਏ ਸਨ। ਵਿਚਾਰ ਚਰਚਾ ਦੌਰਾਨ ਬੁਲਾਰਿਆਂ ਨੇ ਕਿਹਾ ਕਿ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਸਰਬੱਤ ਦੀ ਸੇਵਾ ਹੀ ਕਿਸੇ ਵਿਅਕਤੀ ਦੀ ਅਸਲ ਵਾਰਸ ਬਣਦੀ ਹੈ, ਪ੍ਰਿੰਸੀਪਲ ਨੰਦ ਲਾਲ ਦੀ ਤਸਵੀਰ ਸਥਾਪਿਤ ਕਰਦਿਆਂ ਸਾਨੂੰ ਸੱਭ ਨੂੰ ਵਿਸ਼ੇਸ਼ ਸਕੂਨ ਮਿਲਿਆ ਹੈ ।ਇਸ ਮੌਕੇ ਐਸ.ਕੇ.ਸਰੀਨ, ਜੇ.ਐਸ.ਗਿੱਦਾ, ਪ੍ਰਵੇਸ਼ ਕੁਮਾਰ, ਸੁਰਿੰਦਰ ਕੌਰ ਤੂਰ ,ਅੰਜੂ ਸਰੀਨ, ਡਾ.ਅਜੇ ਬੱਗਾ, ਨਰਿੰਦਰ ਸਿੰਘ ਭਾਰਟਾ, ਯੁਵਰਾਜ ਕਾਲ੍ਹੀਆ, ਗੌਰਵ ਸਰੀਨ, ਮੈਨੇਜਰ ਮਨਮੀਤ ਸਿੰਘ, ਪ੍ਰਿੰਸੀਪਲ ਬਿਕਰਮਜੀਤ ਸਿੰਘ, ਨਰਿੰਦਰਪਾਲ ਤੂਰ, ਅਮਰਜੀਤ ਸਿੰਘ ਬਿੱਲਾ ਤੇ ਸਟਾਫ ਹਾਜਰ ਸੀ।

## ਕਤਲ ਕੇਸ ਦੇ ਮਾਮਲੇ 'ਚ ਚਾਰ ਨੌਜਵਾਨਾਂ 'ਤੇ ਮਾਮਲਾ ਦਰਜ

**ਕਿਸ਼ਨਗੜ੍ਹ (ਸੁਖਜੀਤ ਕੁਮਾਰ)**- ਪਿਛਲੇ ਦਿਨੀਂ ਕਾਲਾ ਬੱਕਰਾ ਦੇ ਨੌਜਵਾਨ ਵਿਸ਼ਾਲ ਪੁੱਤਰ ਪ੍ਰਮੋਦ ਕੁਮਾਰ ਨੂੰ ਉਸ ਦੇ ਦੋਸਤ ਸ਼ਨੀਵਾਰ ਘਰੋਂ ਕਿਸੇ ਕੰਮ ਦੀ ਬਹਾਨੇ ਆਪਣੇ ਨਾਲ ਲੈ ਗਏ ਸਨ। ਸਾਰੀ ਰਾਤ ਉਸ ਦੀ ਭਾਲ ਕਰਨ 'ਤੇ ਵੀ ਉਸ ਦਾ ਕੁਝ ਥਹੁ ਪਤਾ ਨਹੀਂ ਲੱਗਾ ਸੀ। ਉਸ ਦਾ ਮੋਬਾਇਲ ਫੋਨ ਵੀ ਬੰਦ ਆ ਰਿਹਾ ਸੀ ਅਤੇ ਉਹ ਸਾਰੀ ਰਾਤ ਘਰ ਵਾਪਸ ਨਹੀਂ ਮੁੜਿਆ ਸੀ। ਐਤਵਾਰ ਸਵੇਰੇ ਉਹ ਮ੍ਰਿਤਕ ਹਾਲਤ ਵਿੱਚ ਪਿੰਡ ਰਸੂਲਪੁਰ ਬ੍ਰਾਹਮਣਾ ਤੋਂ ਪਿੰਡ ਸੱਤੋਵਾਲੀ ਜਾਂਦੀ ਸੜਕ ਦੇ ਕਿਨਾਰੇ ਇੱਕ ਮੱਕੀ ਦੇ ਖੇਤ ਵਿੱਚ ਮਿਲਿਆ ਸੀ। ਪੁਲਸ ਨੇ ਲਾਸ਼ ਆਪਣੇ ਕਬਜ਼ੇ ਵਿੱਚ ਲੈਣ ਤੋਂ ਬਾਅਦ ਆਪਣੀ ਕਾਰਵਾਈ ਆਰੰਭ ਕੀਤੀ ਸੀ। ਪ੍ਰੰਤੂ ਉਸ ਦੇ ਪਰਵਾਰਕ ਮੈਂਬਰਾਂ ਵੱਲੋਂ ਵਿਸ਼ਾਲ ਨੂੰ ਕਤਲ ਕਰਨ ਦਾ ਸ਼ੱਕ ਜ਼ਾਹਰ ਕੀਤਾ ਸੀ ਅਤੇ ਉਹਨਾਂ ਨੇ ਕਾਲਾ ਬੱਕਰਾ ਦੇ ਨੌਜਵਾਨਾਂ ਅਤੇ ਆਪਣੇ ਲਾਗਲੇ ਪਿੰਡਾਂ ਦੇ ਨੌਜਵਾਨਾਂ 'ਤੇ ਕਤਲ ਕਰਨ ਦੇ ਦੋਸ਼ ਲਗਾਏ ਸਨ। ਪੁਲਸ ਨੇ ਵਿਸ਼ਾਲ ਦੇ ਪਿਤਾ ਪ੍ਰਮੋਦ ਕੁਮਾਰ ਦੇ ਬਿਆਨਾਂ ਦੇ ਆਧਾਰ 'ਤੇ ਵਿਕਰਮ ਉਰਫ ਕਾਲੀ ਪੁੱਤਰ ਸ਼ਿੰਦਰਪਾਲ ਵਾਸੀ ਕਾਲਾ ਬੱਕਰਾ, ਸੁਖਦੇਵ ਸਿੰਘ ਉਰਫ ਸੁੱਖਾ ਪੁੱਤਰ ਦਿਆਲ ਸਿੰਘ ਵਾਸੀ ਰਹੀਮਪੁਰ ਥਾਣਾ ਕਰਤਾਰਪੁਰ, ਸਾਹਿਲ ਉਰਫ ਤੁੰਗੀ ਪੁੱਤਰ ਰਾਜਪਾਲ ਵਾਸੀ ਜੱਲੋਵਾਲ ਅਤੇ ਕਰਨਵੀਰ ਉਰਫ ਕਰਨ ਵਾਸੀ ਜੱਫਲ ਝਿੰਗੜਾਂ 'ਤੇ ਬੀ ਐਨ ਐਸ ਅਤੇ ਆਈ ਪੀ ਸੀ ਦੀਆਂ ਧਰਾਵਾਂ ਅਧੀਨ ਮਾਮਲਾ ਦਰਜ ਕੀਤਾ ਹੈ। ਪੁਲਸ ਵੱਲੋਂ ਉਕਤ ਨੌਜਵਾਨਾਂ ਦੀ ਗ੍ਰਿਫਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।


